Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | Vol 20* Issue 198 | Friday, October 08, 2021 | Tel: 905-793-2202 | Fax: 905-793-2282 | news@punjabipost.ca *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

**ਅੰਦਰ ਪੜ੍ਹੋ**

ਲਖੀਮਪੁਰ ਖੀਰੀ ਕੇਸ: ਕੇਂਦਰੀ ਮੰਤਰੀ ਦੇ ਪੁੱਤਰ ਨੂੰ ਤਲਬ ਕਰਨ ਲਈ ਪੁਲਸ ਨੇ ਘਰ ਮੂਹਰੇ ਨੋਟਿਸ ਚਿਪਕਾਇਆ




# ਪ੍ਰਧਾਨ ਮੰਤਰੀ ਵੱਲੋਂ ਸਾਡੇ ਸੱਦਿਆਂ ਦਾ ਜਵਾਬ ਨਾ ਦਿੱਤਾ ਜਾਣਾ ਸਾਡੀ ਬੇਇਜ਼ਤੀ : ਫਰਸਟ ਨੇਸ਼ਨ

ਕੈਮਲੂਪਸ, 7 ਅਕਤੂਬਰ (ਪੋਸਟ ਬਿਊਰੋ) : ਕੈਮਲੂਪਸ ਤੇ ਸੈਕਵੇਪੈਮਕ ਫਰਸਟ ਨੇਸ਼ਨ ਦਾ ਕਹਿਣਾ ਹੈ ਕਿ ਪਹਿਲੇ ਨੈਸ਼ਨਲ ਡੇਅ ਫੌਰ ਟਰੁੱਥ ਐਂਡ ਰੀਕੌਂਸੀਲਿਏਸ਼ਨ ਮੌਕੇ ਦਿੱਤੇ ਗਏ ਸੱਦੇ ਦਾ ਕੋਈ ਜਵਾਬ ਨਾ ਦੇ ਕੇ ਪ੍ਰਧਾਨ



ਮੰਤਰੀ ਜਸਟਿਨ ਟਰੂਡੋ ਨੇ ਸਾਡੀ ਬੇਇੱਜ਼ਤੀ ਕੀਤੀ ਹੈ। ਇਸ ਦੇ ਨਾਲ ਹੀ ਟਰੂਡੋ ਰੈਜ਼ੀਡੈਂਸ਼ੀਅਲ ਸਕੂਲਜ਼ ਦੇ ਸਰਵਾਈਵਰਜ਼ ਪ੍ਰਤੀ ਵਚਨਬੱਧਤਾ ਨਿਭਾਉਣ ਦਾ ਮੌਕਾ ਵੀ ਗੁਆ ਬੈਠੇ ਹਨ।

ਕੈਮਲੂਪਸ, ਬੀਸੀ ਵਿੱਚ ਫਰਸਟ ਨੇਸ਼ਨ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਪ੍ਰਧਾਨ ਮੰਤਰੀ ਵੱਲੋਂ ਉਨ੍ਹਾਂ ਦੇ ਦੋ ਪੱਤਰਾਂ ਦੇ ਜਵਾਬ ਨਾ ਦੇਣਾਂ ਉਨ੍ਹਾਂ ਦੀ ਵੱਡੀ ਬੇਇੱਜ਼ਤੀ ਹੈ। ...ਬਾਕੀ ਪੰਨਾ 6 'ਤੇ

## ਐਨਡੀਪੀ ਦੇ ਸਮਰਥਨ ਨੂੰ ਹਲਕੇ ਵਿੱਚ ਨਾ ਲੈਣ ਟਰੂਡੋ : ਜਗਮੀਤ ਸਿੰਘ

ਓਟਵਾ, 7 ਅਕਤੂਬਰ (ਪੋਸਟ ਬਿਊਰੋ) : ਵੀਰਵਾਰ ਨੂੰ ਜਗਮੀਤ ਸਿੰਘ ਨੇ ਚੇਤਾਵਨੀ ਦਿੰਦਿਆਂ ਆਖਿਆ ਕਿ ਜਿਹੜੇ ਲਿਬਰਲ ਬਿੱਲਾਂ ਨਾਲ ਉਹ ਸਹਿਮਤ ਨਹੀਂ ਹੋਣਗੇ, ਫਿਰ ਉਨ੍ਹਾਂ ਵਿੱਚ ਭਾਵੇਂ ਬਜਟ ਹੀ ਕਿਉਂ ਨਾ ਹੋਵੇ, ਉਨ੍ਹਾਂ ਲਈ ਉਹ ਵੋਟਾਂ ਰੋਕ ਲੈਣਗੇ।

ਇਸ ਵਾਰੀ ਐਨਡੀਪੀ ਆਗੂ ਵੱਲੋਂ ਪਾਰਲੀਆਮੈਂਟ ਵਿੱਚ ਲਿਬਰਲਾਂ ਦੇ ਸਹਿਯੋਗ ਲਈ ਸਖ਼ਤੀ ਅਪਨਾਉਣ ਦਾ ਸੰਕੇਤ ਦਿੱਤਾ ਗਿਆ ਹੈ। ਉਨ੍ਹਾਂ ਇਹ ਵੀ ਆਖਿਆ ਕਿ ਉਹ ਪ੍ਰਧਾਨ ਮੰਤਰੀ ਦੀਆਂ ਮਿੱਠੀਆਂ ਤੇ ਚੋਪੜੀਆਂ ਗੱਲਾਂ ਵਿੱਚ ਵੀ ਨਹੀਂ ਆਉਣਗੇ। ਉਨ੍ਹਾਂ ਸਪਸ਼ਟ ਕੀਤਾ ਕਿ ਟਰੂਡੋ ਵੱਲੋਂ ਕੀਤੇ



ਵਾਅਦੇ ਪਾਰਲੀਆਮੈਂਟ ਵਿੱਚ ਐਨਡੀਪੀ ਦਾ ਸਮਰਥਨ ਜਿੱਤਣ ਲਈ ਕਾਫੀ ਨਹੀਂ ਹਨ। ਐਨਡੀਪੀ ਦੀਆਂ ਤਰਜੀਹਾਂ ਉੱਤੇ ਠੋਸ ਕਾਰਵਾਈ ਕੀਤਾ ਜਾਣਾ ਵੀ ਜ਼ਰੂਰੀ ਹੋਵੇਗਾ, ...ਬਾਕੀ ਪੰਨਾ 6 'ਤੇ

## ਓਨਟਾਰੀਓ ਦੇ ਹਸਪਤਾਲ ਨੇ ਵੈਕਸੀਨੇਸ਼ਨ ਨਾ ਕਰਵਾਉਣ ਵਾਲੇ ਆਪਣੇ 57 ਮੁਲਾਜ਼ਮ ਕੱਢੇ

ਵਿੰਡਸਰ, 7 ਅਕਤੂਬਰ (ਪੋਸਟ ਬਿਊਰੋ) : ਦੱਖਣ ਪੱਛਮੀ ਓਨਟਾਰੀਓ ਦੇ ਇੱਕ ਹਸਪਤਾਲ ਵੱਲੋਂ ਵੀਰਵਾਰ ਤੱਕ ਮਿਥੀ ਗਈ ਡੈੱਡਲਾਈਨ ਤੱਕ ਕੋਵਿਡ-19 ਵੈਕਸੀਨੇਸ਼ਨ ਨਾ ਕਰਵਾਉਣ ਬਦਲੇ ਆਪਣੇ 57 ਮੁਲਾਜ਼ਮਾਂ ਦੀ ਛਾਂਗੀ ਕਰ ਦਿੱਤੀ ਗਈ ਹੈ।



ਵਿੰਡਸਰ ਰੀਜਨਲ ਹਸਪਤਾਲ ਨੇ ਛੇ ਪ੍ਰੋਫੈਸ਼ਨਲ ਸਟਾਫ ਦੀਆਂ ਸੇਵਾਵਾਂ ਵੀ ਸਸਪੈਂਡ ਕਰ ਦਿੱਤੀਆਂ ਹਨ। ਹਸਪਤਾਲ ਨੇ ਦੱਸਿਆ ਕਿ 4155 ਇੰਪਲੌਈਜ਼ ਤੇ ਪ੍ਰੋਫੈਸ਼ਨਲ ਸਟਾਫ ਨੇ ਕੋਵਿਡ-19 ਵੈਕਸੀਨ ਪਾਲਿਸੀ ਨਾਲ ਸਹਿਯੋਗ ਕੀਤਾ ਤੇ ਆਪਣਾ ਟੀਕਾਕਰਣ ਕਰਵਾਇਆ। ਹਸਪਤਾਲ ਦੀ ਵਰਕਫੋਰਸ ਦਾ ਇਹ 98.5 ਫੀ ਸਦੀ ਬਣਦੇ ਹਨ। ਨਰਸਾਂ ਵਿੱਚੋਂ 99 ਫੀ ਸਦੀ ਨੇ ਆਪਣਾ ਟੀਕਾਕਰਣ ਕਰਵਾਇਆ ਹੈ।

ਹਸਪਤਾਲ ਦੇ ਸੀਈਓ ਡੇਵਿਡ ਮੁਸਿਜ ਨੇ ਇੱਕ ਲਿਖਤੀ ਬਿਆਨ ਵਿੱਚ ਆਖਿਆ ਕਿ ਉਹ ਆਪਣੇ ਟੀਮ ਮੈਂਬਰਾਂ ਦਾ ਸ਼ੁਕਰੀਆ ਅਦਾ ਕਰਨਾ ਚਾਹੁੰਦੇ ਹਨ ਜਿਨ੍ਹਾਂ ਨੇ ਕੋਵਿਡ-19 ਵੈਕਸੀਨੇਸ਼ਨ ਦੀ ਅਹਿਮੀਅਤ ਨੂੰ ਸਮਝਿਆ ਤੇ ਸਾਡੀ ਕਮਿਊਨਿਟੀ ਤੇ ਪ੍ਰੋਵਿੰਸ ਲਈ ਮਿਸਾਲ ਪੇਸ਼ ਕੀਤੀ। ਹਸਪਤਾਲ ਨੇ ਦੱਸਿਆ ਕਿ ਕੱਢੇ ਗਏ ਮੁਲਾਜ਼ਮਾਂ ਵਿੱਚ 32 ਕਲੀਨਿਕਲ ਸਟਾਫ ਸੀ ਜਦਕਿ 25 ਨੌਨ ਕਲੀਨਿਕਲ ਸਟਾਫ ਸੀ।

## ਜੀਟੀਏ ਵਿੱਚ ਤੇਲ ਦੀਆਂ ਕੀਮਤਾਂ ਵਿੱਚ ਹੋਇਆ ਰਿਕਾਰਡ ਵਾਧਾ

ਟੋਰਾਂਟੋ, 7 ਅਕਤੂਬਰ (ਪੋਸਟ ਬਿਊਰੋ) : ਜੀਟੀਏ ਵਿੱਚ ਰਾਤੋ ਰਾਤ ਤੇਲ ਦੀਆਂ ਕੀਮਤਾਂ ਵਿੱਚ ਰਿਕਾਰਡ ਵਾਧਾ ਦਰਜ ਕੀਤਾ ਗਿਆ।

ਰਾਤੀਂ ਤੇਲ ਦੀਆਂ ਕੀਮਤਾਂ ਦੋ ਸੈਂਟ ਹੋਰ ਵੱਧ ਗਈਆਂ ਤੇ ਹੁਣ ਤੇਲ ਦੀ ਔਸਤ ਕੀਮਤ 144.9 ਸੈਂਟ ਪ੍ਰਤੀ ਲੀਟਰ ਹੈ। ਅਜੇ ਪਿਛਲੇ ਹਫਤੇ ਹੀ ਤੇਲ ਦੀਆਂ ਕੀਮਤਾਂ ਵਿੱਚ ਅੱਠ ਸੈਂਟ ਦਾ ਇਜਾਫਾ ਹੋਇਆ ਸੀ। ਅਜਿਹਾ ਵੀ ਨਹੀਂ ਲੱਗ ਰਿਹਾ ਕਿ ਜਲਦ ਹੀ ਇਹ ਕੀਮਤਾਂ ਘਟਣਗੀਆਂ।

ਐਨਪ੍ਰੋ ਦੇ ਚੀਫ ਪੈਟ੍ਰੋਲੀਅਮ ਵਿਸ਼ਲੇਸ਼ਕ ਰੌਜਰ ਮੈਕਨਾਈਟ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਇਹ ਪੇਸ਼ੀਨਿਗੋਈ ਕੀਤੀ ਗਈ ਸੀ ਕਿ ਰਾਤ ਸਮੇਂ ਜੀਟੀਏ ਵਿੱਚ ਤੇਲ ਦੀਆਂ



ਕੀਮਤਾਂ ਵਿੱਚ ਦੋ ਸੈਂਟਸ ਦੀ ਕਮੀ ਆਵੇਗੀ। ਪਰ ਹੋਰਨਾਂ ਵਿਸ਼ਲੇਸ਼ਕਾਂ ਨੇ ਇਹ ਪੇਸ਼ੀਨਿਗੋਈ ਕੀਤੀ ਸੀ ਕਿ ਤੇਲ ਦੀਆਂ ਕੀਮਤਾਂ ਆਉਣ ਵਾਲੇ ਹਫਤਿਆਂ ਵਿੱਚ 1.50 ਡਾਲਰ ਤੱਕ ਅੱਪੜ ਜਾਣਗੀਆਂ।

ਤੇਲ ਦੀਆਂ ਕੀਮਤਾਂ ਵਿੱਚ ਇਹ ਵਾਧਾ ਮੰਗ ਵਧਣ ਤੇ ਦੁਨੀਆ ਭਰ ਵਿੱਚ ਤੇਲ ਦੀ ਘੱਟ ਸਪਲਾਈ ਕਾਰਨ ਹੋਇਆ ਹੈ।

## ਸੋਹਣੇ ਪਿੰਡ ਬੇਗੋਵਾਲ ਦੇ ਸਾਬਕਾ ਸਰਪੰਚ ਰਾਜਵਿੰਦਰ ਸਿੰਘ ਮਾਂਗਟ ਕੈਨੇਡਾ ਦੌਰੇ 'ਤੇ



ਬਰੈਂਪਟਨ, 7 ਅਕਤੂਬਰ (ਪੋਸਟ ਬਿਊਰੋ):ਬੀਤੇ ਦਿਨੀ ਪੰਜਾਬੀ ਪੋਸਟ ਨਾਲ ਗੱਲਬਾਤ ਦੌਰਾਨ ਪੰਜਾਬ ਦੇ ਬੇਗੋਵਾਲ ਪਿੰਡ ਦੇ ਸਾਬਕਾ ਸਰਪੰਚ ਅਤੇ ਦੋਰਾਹਾ ਮਾਰਕਿਟ ਕਮੇਟੀ ਦੇ ਚੇਅਰਮੈਨ ਸ: ਰਾਜਵਿੰਦਰ ਸਿੰਘ ਮਾਂਗਟ ਨੇ ਪੰਜਾਬ ਦੇ ਮਸਲਿਆਂ ਉਤੇ ਅਤੇ ਪੰਜਾਬ ਦੇ ਪਿੰਡਾਂ ਦੀ ਮੌਜੂਦਾ ਸਥਿਤੀ ਬਾਰੇ ਵਿਚਾਰ ਚਰਚਾ ਕੀਤੀ। ਮਾਂਗਟ ਅਮਰੀਕਾ ਦੇ ਨਿਵਾਸੀ ਹਨ, ਪਰ ਉਹ ਜਿਆਦਾ ਸਮਾਂ ਪੰਜਾਬ ਵਿਚ ਹੀ ਬਿਤਾਉਂਦੇ ਹਨ।

...ਬਾਕੀ ਪੰਨਾ 6 'ਤੇ

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX
7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Axel InsuranceBrokers Ltd.
1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

Locations
Woodbridge
Mississauga
Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ
10-20% Discount
iccrc
Raj Narang
Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅਜੱ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W, Unit 10
Etobicoke, ON, M9W 0A2
gill@punjabinsurance.ca
416-724-5000
RANJIT GILL
Insurance Advisor
- Disability Insurance
- Mortgage Insurance
- Life Insurance
- Visitor Insurance
- Travel Insurance
- RESP(Education Plan)
- Critical Illness Insurance

Dubai Jewellers
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8)
(Monday Closed)
Dubai Jewellers
Raj & Gulshan
Mob: 416-465-1200
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive
Unit #19, Brampton
Ontario L6S 0E9
North Park & Airport Major Intersection
www.dubaijewellers.ca
info@dubaijewellers.ca

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor


Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc.
Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਵੋਟਾਂ ਦੀ ਦੁਬਾਰਾ ਗਿਣਤੀ ਤੋਂ ਬਾਅਦ ਲਿਬਰਲਾਂ ਕੋਲ ਹੋਈਆਂ 160 ਸੀਟਾਂ

## ਕਿਊਬਿਕ ਦੀ ਇੱਕ ਹੋਰ ਸੀਟ ਲਿਬਰਲਾਂ ਨੇ ਜਿੱਤੀ



ਓਟਵਾ, 7 ਅਕਤੂਬਰ (ਪੋਸਟ ਬਿਊਰੋ) : ਜਿਊਡੀਸ਼ੀਅਲ ਕਾਊਂਟ ਤੋਂ ਬਾਅਦ ਫੈਡਰਲ ਲਿਬਰਲਾਂ ਨੂੰ ਇੱਕ ਹੋਰ ਸੀਟ ਹਾਸਲ ਹੋ ਗਈ ਹੈ।

ਚੈਟੂਗੁਏ-ਲੈਕੋਲ ਹਲਕੇ ਵਿੱਚ ਆਪਣੇ ਬਲਾਕ ਕਿਊਬਿਕੁਆ ਵਿਰੋਧੀ ਨੂੰ ਸਿਰਫ 12 ਵੋਟਾਂ ਨਾਲ ਹਰਾ ਕੇ ਬ੍ਰੈਂਡਾ ਸ਼ੈਨਾਹਨ ਇੱਕ ਵਾਰੀ ਫਿਰ ਪਾਰਲੀਆਮੈਂਟ ਪਰਤ ਰਹੀ ਹੈ। ਇਸ ਸੀਟ ਲਈ ਪਈਆਂ ਵੋਟਾਂ ਦੀ ਗਿਣਤੀ ਦੁਬਾਰਾ ਕੀਤੀ ਗਈ ਹੈ। ਇਸ ਨਾਲ 20 ਸਤੰਬਰ ਨੂੰ ਹੋਈਆਂ ਚੋਣਾਂ ਦੇ ਸਬੰਧ ਵਿੱਚ ਮੁੱਢਲੇ ਨਤੀਜਿਆਂ ਤੋਂ ਉਲਟ ਨਤੀਜੇ ਹਾਸਲ ਹੋਏ ਹਨ। ਉਸ ਸਮੇਂ ਸ਼ੈਨਹਾਨ ਨੂੰ ਆਪਣੇ ਵਿਰੋਧੀ ਬਲਾਕ ਦੇ ਪੈਟ੍ਰਿਕ ਓਹਾਰਾ ਤੋਂ 286 ਵੋਟਾਂ ਨਾਲ ਹਾਰਦਾ ਦਰਸਾਇਆ ਗਿਆ ਸੀ। ਇਸ ਤਾਜ਼ਾ ਫੈਸਲੇ ਤੋਂ ਬਾਅਦ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਲਿਬਰਲ ਪਾਰਟੀ ਨੂੰ ਹਾਸਲ ਹੋਈਆਂ ਕੁੱਲ ਸੀਟਾਂ ਦੀ ਗਿਣਤੀ 160 ਹੋ ਗਈ ਹੈ। ਕਿਊਬਿਕ ਵਿੱਚ ਹੁਣ ਲਿਬਰਲਾਂ ਕੋਲ 35 ਸੀਟਾਂ ਹਨ। ਇੰਨੀਆਂ ਹੀ ਸੀਟਾਂ ਪਾਰਟੀ ਨੇ 2019 ਵਿੱਚ ਜਿੱਤੀਆਂ ਸਨ, ਬਲਾਕ ਕੋਲ ਵੀ ਓਨੀਆਂ 32 ਸੀਟਾਂ ਹੀ ਰਹਿ ਗਈਆਂ ਹਨ ਜਿੰਨੀਆਂ 2019 ਵਿੱਚ ਸਨ। ਬਹੁਗਿਣਤੀ ਸਰਕਾਰ ਬਣਾਏ ਜਾਣ ਲਈ ਲਿਬਰਲਾਂ ਨੂੰ 170 ਸੀਟਾਂ ਚਾਹੀਦੀਆਂ ਸਨ ਪਰ ਇਸ ਸਮੇਂ ਉਨ੍ਹਾਂ ਕੋਲ 10 ਸੀਟਾਂ ਘੱਟ ਹਨ।

# ਟਰੁੱਥ ਤੇ ਰੀਕੌਂਸੀਲਿਏਸ਼ਨ ਡੇਅ 'ਤੇ ਟ੍ਰਿਪ 'ਤੇ ਜਾਣ ਬਾਬਤ ਟਰੂਡੋ ਨੇ ਮੰਗੀ ਮੁਆਫੀ



ਓਟਵਾ, 7 ਅਕਤੂਬਰ (ਪੋਸਟ ਬਿਊਰੋ) : ਪਹਿਲੇ ਨੈਸ਼ਨਲ ਡੇਅ ਫੌਰ ਟਰੁੱਥ ਐਂਡ ਰੀਕੌਂਸੀਲਿਏਸ਼ਨ ਮੌਕੇ ਪਰਿਵਾਰ ਸਮੇਤ ਟੌਫੀਨੋ ਛੁੱਟੀਆ ਮਨਾਉਣ ਦੇ ਸਬੰਧ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਜਨਤਕ ਤੌਰ ਉੱਤੇ ਮੁਆਫੀ ਮੰਗੀ ਗਈ ਹੈ।

ਬੁੱਧਵਾਰ ਨੂੰ ਟਰੂਡੋ ਨੇ ਆਖਿਆ ਕਿ ਉਨ੍ਹਾਂ ਨੂੰ ਇਸ ਗੱਲ ਦਾ ਪਛਤਾਵਾ ਹੈ ਕਿ ਉਨ੍ਹਾਂ 30 ਸਤੰਬਰ ਨੂੰ ਟਰੈਵਲ ਕਰਨ ਦਾ ਫੈਸਲਾ ਕੀਤਾ। ਉਨ੍ਹਾਂ ਆਖਿਆ ਕਿ ਕੈਨੇਡਾ ਤੇ ਕੈਨੇਡੀਅਨਜ਼ ਲਈ ਇਹ ਦਿਨ ਖਾਸ ਅਹਿਮੀਅਤ ਵਾਲਾ ਹੈ। ਇਸ ਵਿੱਚ ਸਿਰਫ ਅਤੀਤ ਦੀ ਹੀ ਨਹੀਂ ਸਗੋਂ ਵਰਤਮਾਨ ਦੀ ਵੀ ਝਲਕ ਮਿਲਦੀ ਹੈ। ਪਰ ਉਸ ਦਿਨ ਸਫਰ ਕਰਨ ਦਾ ਫੈਸਲਾ ਕਰਨਾ ਬੱਜਰ ਗਲਤੀ ਸੀ। ਉਨ੍ਹਾਂ ਸਿੱਧੇ ਤੌਰ ਉੱਤੇ ਚੀਫ (ਰੋਜ਼ੇਨ) ਕੈਸੀਮੀਰ ਤੋਂ ਵੀ ਮੁਆਫੀ ਮੰਗੀ ਜਿਨ੍ਹਾਂ ਨੇ ਉਨ੍ਹਾਂ ਨੂੰ ਇੱਕ ਈਵੈਂਟ ਉੱਤੇ ਸੱਦਿਆ ਸੀ ਪਰ ਉਹ ਉੱਥੇ ਨਹੀਂ ਪਹੁੰਚੇ।

ਫਰਸਟ ਨੇਸ਼ਨ ਦੇ ਪਹਿਲੇ ਦੋ ਸੱਦਿਆਂ ਦਾ ਜਵਾਬ ਨਾ ਦੇਣ ਬਾਰੇ ਪ੍ਰਧਾਨ ਮੰਤਰੀ ਨੇ ਸਿੱਧੇ ਤੌਰ ਉੱਤੇ ਕੈਮਲੂਪਜ਼ ਤੇ ਸੈਕਵੇਪੈਮਕ ਤੋਂ ਵੀ ਮੁਆਫੀ ਮੰਗੀ। ਟਰੂਡੋ ਨੇ ਆਖਿਆ ਕਿ ਅਜੇ ਬਹੁਤ ਸਾਰਾ ਕੰਮ ਕਰਨਾ ਬਾਕੀ ਪਿਆ ਹੈ ਤੇ ਉਹ ਇਸ ਕੰਮ ਨੂੰ ਪੂਰਾ ਕਰਨ ਲਈ ਵਚਨਬੱਧ ਹਨ।

# ਇਸ ਵਾਰੀ ਐਨਡੀਪੀ ਪਾਰਲੀਆਮੈਂਟ ਵਿੱਚ ਉਠਾਵੇਗੀ ਮੂਲਵਾਸੀਆਂ ਨਾਲ ਜੁੜੇ ਮੁੱਦੇ



ਓਟਵਾ, 7 ਅਕਤੂਬਰ (ਪੋਸਟ ਬਿਊਰੋ) : ਐਨਡੀਪੀ ਕਾਕਸ ਦੀ ਹੋਣ ਜਾ ਰਹੀ ਮੀਟਿੰਗ ਵਿੱਚ ਉਨ੍ਹਾਂ ਦੇ ਆਗੂ ਜਗਮੀਤ ਸਿੰਘ ਵੱਲੋਂ ਮੂਲਵਾਸੀ ਲੋਕਾਂ ਦੇ ਹੱਕਾਂ ਦੀ ਪੈਰਵੀ ਕਰਨ ਲਈ ਆਪਣੇ ਮੈਂਬਰਾਂ ਨੂੰ ਤਿਆਰ ਕੀਤਾ ਜਾਵੇਗਾ। ਇਹ ਵੀ ਕਨਸੋਆਂ ਹਨ ਕਿ ਜਗਮੀਤ ਸਿੰਘ ਪੀਣ ਵਾਲੇ ਸਾਫ ਪਾਣੀ ਸਮੇਤ ਮੂਲਵਾਸੀ ਲੋਕਾਂ ਨਾਲ ਜੁੜੇ ਹੋਰਨਾਂ ਮਾਮਲਿਆਂ ਨੂੰ ਇਸ ਪਾਰਲੀਆਮੈਂਟ ਵਿੱਚ ਤਰਜੀਹੀ ਤੌਰ ਉੱਤੇ ਉਠਾਉਣਗੇ।

ਚੋਣਾਂ ਤੋਂ ਬਾਅਦ ਨਿਊ ਡੈਮੋਕ੍ਰੈਟ ਐਮਪੀਜ਼ ਦੀ ਪਹਿਲੀ ਮੀਟਿੰਗ ਬੁੱਧਵਾਰ ਦੁਪਹਿਰ ਨੂੰ ਓਟਵਾ ਵਿੱਚ ਹੋਣ ਦੀ ਸੰਭਾਵਨਾ ਹੈ। ਇਸ ਕਾਕਸ ਮੀਟਿੰਗ ਵਿੱਚ ਪੰਜ ਨਵੇਂ ਐਮਪੀਜ਼ ਦੀ ਜਾਣ-ਪਛਾਣ ਕਰਵਾਈ ਜਾਵੇਗੀ। ਇਨ੍ਹਾਂ ਵਿੱਚ ਮੈਟਿਸ ਆਗੂ ਬਲੇਕ ਡੈਸਜ਼ਾਰਲਾਇਸ ਵੀ ਸ਼ਾਮਲ ਹੋਣਗੇ, ਜਿਨ੍ਹਾਂ ਨੇ ਐਡਮੰਟਨ ਗ੍ਰੇਅਸਬੈਕ ਤੋਂ ਟੋਰੀ ਐਮਪੀ ਨੂੰ ਹਰਾਇਆ। ਇਸ ਵਾਰੀ ਪਿਛਲੀ ਵਾਰੀ ਦੇ ਮੁਕਾਬਲੇ ਐਨਡੀਪੀ ਦੇ 25 ਐਮਪੀਜ਼ ਵਿਧਾਨਸਭਾ ਜਾਣਗੇ। ਪਹਿਲਾਂ ਨਾਲੋਂ ਇੱਕ ਵੱਧ।

ਪਰ ਜਗਮੀਤ ਸਿੰਘ ਤੋਂ ਕਾਕਸ ਦੇ ਕੁੱਝ ਐਮਪੀਜ਼ ਵੱਲੋਂ ਇਸ ਤਰ੍ਹਾਂ ਦੇ ਸਵਾਲ ਪੁੱਛੇ ਜਾ ਸਕਦੇ ਹਨ ਕਿ ਚੋਣ ਕੈਂਪੇਨ ਉੱਤੇ 25 ਮਿਲੀਅਨ ਡਾਲਰ ਖਰਚਣ ਵਾਲੀ ਐਨਡੀਪੀ ਕੈਨੇਡਾ ਭਰ ਵਿੱਚ ਬਿਹਤਰੀਨ ਕਾਰਗੁਜ਼ਾਰੀ ਕਿਉਂ ਨਹੀਂ ਵਿਖਾ ਸਕੀ। ਜਗਮੀਤ ਸਿੰਘ ਦੀ ਹਰਮ-ਨਪਿਆਰਤਾ ਦੀ ਰੇਟਿੰਗ ਦੇ ਗ੍ਰਾਫ ਨੂੰ ਜੇ ਵੇਖਿਆ ਜਾਵੇ ਤਾਂ ਗ੍ਰੇਟਰ ਟੋਰਾਂਟੋ ਏਰੀਆ ਤੇ ਕਿਊਬਿਕ ਵਿੱਚ ਉਨ੍ਹਾਂ ਦੀ ਪਕੜ ਹੋਰ ਮਜ਼ਬੂਤ ਹੋਣੀ ਚਾਹੀਦੀ ਸੀ ਪਰ ਅਜਿਹਾ ਨਹੀਂ ਹੋ ਸਕਿਆ।

ਐਨਡੀਪੀ ਵੱਲੋਂ ਇਹ ਪਤਾ ਲਾਉਣ ਲਈ ਮੁਲਾਂਕਣ ਕੀਤਾ ਜਾਵੇਗਾ ਕਿ ਆਖਿਰ ਉਨ੍ਹਾਂ ਦੀ ਕੈਂਪੇਨ ਵਿੱਚ ਕਮੀਆਂ ਕਿੱਥੇ ਰਹਿ ਗਈਆਂ। ਪਰ ਐਨਡੀਪੀ ਮਾਹਿਰਾਂ ਦਾ ਕਹਿਣਾ ਹੈ ਕਿ ਅੰਦਰਖਾਤੇ ਪਾਰਟੀ ਦੀ ਮਾੜੀ ਕਾਰਗੁਜ਼ਾਰੀ ਦੀਆਂ ਉੱਠ ਰਹੀਆਂ ਸੁਰਾਂ ਦੇ ਬਾਵਜੂਦ ਜਗਮੀਤ ਸਿੰਘ ਦੀ ਲੀਡਰਸ਼ਿਪ ਨੂੰ ਕਿਸੇ ਚੁਣੌਤੀ ਦਾ ਸਾਹਮਣਾ ਨਹੀਂ ਕਰਨਾ ਹੋਵੇਗਾ।

# ਪੂਰੀ ਵੈਕਸੀਨੇਸ਼ਨ ਨਾ ਕਰਵਾਉਣ ਵਾਲੇ ਸਿਟੀ ਆਫ ਟੋਰਾਂਟੋ ਦੇ ਸਟਾਫ ਦੀ ਹੋ ਸਕਦੀ ਹੈ ਛਾਂਗੀ




ਟੋਰਾਂਟੋ, 7 ਅਕਤੂਬਰ (ਪੋਸਟ ਬਿਊਰੋ) : ਜਿੱਥੋਂ ਤੱਕ ਕੋਵਿਡ-19 ਖਿਲਾਫ ਸਿਟੀ ਸਟਾਫ ਦੇ ਵੈਕਸੀਨੇਟ ਹੋਣ ਦੀ ਗੱਲ ਆਉਂਦੀ ਹੈ ਤਾਂ ਸਿਟੀ ਆਫ ਟੋਰਾਂਟੋ ਵੱਲੋਂ ਕੋਈ ਰਿਆਇਤ ਨਾ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਇੱਕ ਬਿਆਨ ਵਿੱਚ ਸਿਟੀ ਨੇ ਆਖਿਆ ਕਿ ਜਿਹੜਾ ਸਟਾਫ ਮੈਂਬਰ ਕੋਵਿਡ-19 ਵੈਕਸੀਨੇਸ਼ਨ ਦੀਆਂ ਦੋਵੇਂ ਡੋਜ਼ਾਂ ਲੱਗਣ ਦਾ ਸਬੂਤ ਮੁਹੱਈਆ ਨਹੀਂ ਕਰਾਵੇਗਾ ਉਸ ਨੂੰ ਬਿਨਾਂ ਤਨਖਾਹ ਛੇ ਹਫਤਿਆਂ ਲਈ ਸਸਪੈਂਡ ਕਰ ਦਿੱਤਾ ਜਾਵੇਗਾ। ਇਹ ਫੈਸਲਾ ਪਹਿਲੀ ਨਵੰਬਰ ਤੋਂ ਲਾਗੂ ਹੋ ਜਾਵੇਗਾ। ਜੇ ਉਹ ਛੇ ਹਫਤਿਆਂ ਦੌਰਾਨ ਸਬੂਤ ਮੁਹੱਈਆ ਕਰਵਾਉਣਗੇ ਤਾਂ ਉਨ੍ਹਾਂ ਨੂੰ ਕੰਮ ਉੱਤੇ ਪਰਤਣ ਦਿੱਤਾ ਜਾਵੇਗਾ।

ਸਸਪੈਂਡ ਕੀਤੇ ਜਾਣ ਤੋਂ ਬਾਅਦ ਜੇ ਸਟਾਫ ਅਜੇ ਵੀ ਆਪਣੀ ਪੂਰੀ ਵੈਕਸੀਨੇਸ਼ਨ ਦਾ ਸਬੂਤ ਮੁਹੱਈਆ ਨਹੀਂ ਕਰਵਾਉਂਦਾ ਤਾਂ 13 ਦਸੰਬਰ ਤੋਂ ਉਨ੍ਹਾਂ ਦੀਆਂ ਸੇਵਾਵਾਂ ਖ਼ਤਮ ਕਰ ਦਿੱਤੀਆਂ ਜਾਣਗੀਆਂ। ਸਿਟੀ ਨੇ ਆਖਿਆ ਕਿ ਉਹ ਆਪਣੇ ਸਟਾਫ ਲਈ ਵੈਕਸੀਨ ਐਜੂਕੇਸ਼ਨ ਪ੍ਰੋਗਰਾਮ ਜਾਰੀ ਰੱਖੇਗੀ। ਸਿਟੀ ਨੇ ਲਾਜ਼ਮੀ ਵੈਕਸੀਨੇਸ਼ਨ ਦੀ ਆਪਣੀ ਪਾਲਿਸੀ 26 ਅਗਸਤ ਨੂੰ ਜਾਰੀ ਕੀਤੀ ਸੀ। ਸਾਰੇ ਸਟਾਫ ਨੂੰ 17 ਸਤੰਬਰ ਤੱਕ ਆਪਣੇ ਵੈਕਸੀਨੇਸ਼ਨ ਸਟੇਟਸ ਦਾ ਖੁਲਾਸਾ ਕਰਨ ਲਈ ਆਖਿਆ ਗਿਆ ਸੀ ਤੇ 30 ਸਤੰਬਰ ਤੱਕ ਅੰਸ਼ਕ ਟੀਕਾਕਰਣ ਕਰਵਾਉਣ ਲਈ ਆਖਿਆ ਗਿਆ ਸੀ।

ਸਿਟੀ ਨੇ ਆਖਿਆ ਕਿ 95 ਫੀ ਸਦੀ ਸਟਾਫ ਵੱਲੋਂ ਬੁੱਧਵਾਰ ਤੱਕ ਵੈਕਸੀਨੇਸ਼ਨ ਦਾ ਖੁਲਾਸਾ ਕਰਨ ਵਾਲਾ ਫਾਰਮ ਭਰ ਦਿੱਤਾ ਗਿਆ ਸੀ। ਟੋਰਾਂਟੋ ਪਬਲਿਕ ਸਰਵਿਸ ਦੇ 26,138 ਮੈਂਬਰ ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾ ਚੁੱਕੇ ਹਨ। ਇਸ ਤੋਂ ਭਾਵ ਹੈ ਕਿ 89 ਫੀ ਸਦੀ ਸਟਾਫ ਆਪਣੇ ਵੈਕਸੀਨੇਸ਼ਨ ਸਟੇਟਸ ਦਾ ਖੁਲਾਸਾ ਕਰ ਚੁੱਕਿਆ ਹੈ। ਪੰਜ ਫੀ ਸਦੀ ਸਟਾਫ ਅੰਸ਼ਕ ਤੌਰ ਉੱਤੇ ਵੈਕਸੀਨੇਸ਼ਨ ਕਰਵਾ ਚੁੱਕਿਆ ਹੈ ਤੇ 2 ਫੀ ਸਦੀ ਨੇ ਆਪਣਾ ਸਟੇਟਸ ਜ਼ਾਹਿਰ ਨਾ ਕਰਨ ਦਾ ਫੈਸਲਾ ਕੀਤਾ ਹੈ।

# ਇੰਡੋਰ ਯੂਥ ਸਪੋਰਟਸ ਲਈ ਕੁੱਝ ਹੈਲਥ ਯੂਨਿਟਸ ਨੇ ਸਖ਼ਤ ਕੀਤੇ ਇਮਿਊਨਾਈਜ਼ੇਸ਼ਨ ਨਿਯਮ



ਓਨਟਾਰੀਓ, 7 ਅਕਤੂਬਰ (ਪੋਸਟ ਬਿਊਰੋ) : ਕੁੱਝ ਓਨਟਾਰੀਓ ਹੈਲਥ ਯੂਨਿਟਸ ਯੂਥ ਸਪੋਰਟਸ ਲਈ ਪ੍ਰੋਵਿੰਸ ਨਾਲੋਂ ਵੀ ਸਖ਼ਤ ਕੋਵਿਡ-19 ਨਿਯਮ ਅਪਣਾਅ ਰਹੇ ਹਨ।

ਪ੍ਰੋਵਿੰਸ ਦੀ ਵੈਕਸੀਨੇਸ਼ਨ ਦੇ ਸਬੂਤ ਵਾਲੀ ਪਾਲਿਸੀ, ਜਿਹੜੀ ਜਿੰਮਜ਼ ਤੇ ਹਰ ਇੰਡੋਰ ਫੈਸਿਲਿਟੀਜ਼ ਉੱਤੇ ਵੀ ਲਾਗੂ ਹੈ, ਤੋਂ 18 ਸਾਲ ਤੋਂ ਘੱਟ ਉਮਰ ਦੇ ਉਨ੍ਹਾਂ ਲੋਕਾਂ ਨੂੰ ਛੋਟ ਦਿੱਤੀ ਜਾ ਰਹੀ ਹੈ ਜੋ ਆਰਗੇਨਾਈਜ਼ਡ ਸਪੋਰਟਸ ਵਿੱਚ ਹਿੱਸਾ ਲੈਣ ਲਈ ਇਨ੍ਹਾਂ ਫੈਸਿਲਿਟੀਜ਼ ਵਿੱਚ ਦਾਖਲ ਹਨ।

ਪਰ ਵਿੰਡਸਰ ਐਸੈਕਸ ਕਾਊਂਟੀ ਤੇ ਯੌਰਕ ਰੀਜਨ ਨੂੰ ਕਵਰ ਕਰਨ ਵਾਲੀਆਂ ਹੈਲਥ ਯੂਨਿਟਸ ਵੱਲੋਂ ਇਸ ਛੋਟ ਨੂੰ ਖਤਮ ਕਰ ਦਿੱਤਾ ਗਿਆ ਹੈ। ਇਨ੍ਹਾਂ ਯੂਨਿਟਸ ਦਾ ਕਹਿਣਾ ਹੈ ਕਿ ਜ਼ੋਰ ਨਾਲ ਸਾਹ ਲੈਣ, ਨੇੜੇ ਤੇ ਲੰਮੇਂ ਸਮੇਂ ਤੱਕ ਰਹਿਣ ਵਾਲੇ ਕਾਂਟੈਕਟ ਤੇ ਸਪੋਰਟਸ ਦੌਰਾਨ ਭੀੜ ਭਾੜ ਵਾਲੀਆਂ ਇੰਡੋਰ ਥਾਂਵਾਂ ਦੌਰਾਨ ਕੋਵਿਡ-19 ਹੋਣ ਦਾ ਡਰ ਵੱਧ ਜਾਂਦਾ ਹੈ। ਉੱਤਰੀ ਓਨਟਾਰੀਓ ਦੀਆਂ ਸੱਤ ਹੈਲਥ ਯੂਨਿਟਸ ਕਵਰ ਕਰਨ ਵਾਲੇ ਮੈਡੀਕਲ ਆਫੀਸਰਜ਼ ਚਾਹੁੰਦੇ ਹਨ ਕਿ ਕੋਚਾਂ, ਅਧਿਕਾਰੀਆਂ ਤੇ ਇੰਡੋਰ ਆਰਗੇਨਾਈਜ਼ਡ ਸਪੋਰਟਸ ਨਾਲ ਸਬੰਧਤ 12 ਸਾਲ ਤੱਕ ਦੀ ਉਮਰ ਵਾਲੇ ਵਾਲੰਟੀਅਰਜ਼ ਦਾ ਲਾਜ਼ਮੀ ਟੀਕਾਕਰਣ ਹੋਵੇ। ਇਹ ਇਮਿਊਨਾਈਜ਼ੇਸ਼ਨ ਨਿਯਮ ਯੂਥ ਪਾਰਟੀਸਿਪੈਂਟਸ ਉੱਤੇ ਲਾਗੂ ਨਹੀਂ ਹੁੰਦਾ ਪਰ ਉੱਘੇ ਆਗੂਆਂ ਦਾ ਕਹਿਣਾ ਹੈ ਕਿ ਲੋੜ ਪੈਣ ਉੱਤੇ ਉਹ ਇਨ੍ਹਾਂ ਨਿਯਮਾਂ ਨੂੰ ਵੀ ਬਦਲ ਦੇਣਗੇ।

# ਸੇਵਾਵਾਂ ਵਿੱਚ ਵਿਘਣ ਪੈਣ ਤੋਂ ਬਾਅਦ ਟੈਲਅਸ ਨੇ ਸਰਵਿਸਿਜ਼ ਕੀਤੀਆਂ ਬਹਾਲ




ਓਨਟਾਰੀਓ, 7 ਅਕਤੂਬਰ (ਪੋਸਟ ਬਿਊਰੋ) : ਬੁੱਧਵਾਰ ਨੂੰ ਕਾਫੀ ਦੇਰ ਸਰਵਿਸ ਵਿੱਚ ਵਿਘਣ ਪੈਣ ਤੋਂ ਬਾਅਦ ਓਨਟਾਰੀਓ, ਕਿਊਬਿਕ ਤੇ ਮੈਨੀਟੋਬਾ ਦੇ ਟੈਲਅਸ ਕਸਟਮਰਜ਼ ਲਈ ਇੱਕ ਵਾਰੀ ਫਿਰ ਸੈਲੂਲਰ ਸੇਵਾਵਾਂ ਸ਼ੁਰੂ ਹੋ ਗਈਆਂ।

ਕਈ ਟੈਲਅਸ ਕਸਟਮਰਜ਼ ਵੱਲੋਂ ਇਹ ਸ਼ਿਕਾਇਤ ਕੀਤੀ ਗਈ ਸੀ ਕਿ ਉਨ੍ਹਾਂ ਦੇ ਫੋਨਜ਼ ਉੱਤੇ ਕੋਈ ਸਰਵਿਸ ਨਹੀਂ ਮਿਲ ਰਹੀ ਤੇ ਨਾ ਹੀ ਉਹ ਕੋਈ ਕਾਲ ਕਰ ਪਾ ਰਹੇ ਹਨ ਤੇ ਨਾ ਹੀ ਉਨ੍ਹਾਂ ਦੇ ਮੈਸੇਜ ਹੀ ਅੱਗੇ ਜਾ ਰਹੇ ਹਨ। ਟੈਲਅਸ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਸ਼ਾਮੀਂ 6:00 ਵਜੇ ਸਾਰੇ ਕਸਟਮਰਜ਼ ਲਈ ਸੇਵਾਵਾਂ ਬਹਾਲ ਕਰ ਦਿੱਤੀਆਂ ਗਈਆਂ।

ਕੰਪਨੀ ਨੇ ਆਖਿਆ ਕਿ ਸੇਵਾਵਾਂ ਵਿੱਚ ਵਿਘਣ ਪੈਣ ਲਈ ਉਹ ਆਪਣੇ ਸਾਰੇ ਗਾਹਕਾਂ ਤੋਂ ਮੁਆਫੀ ਮੰਗਦੀ ਹੈ। ਸੇਵਾਵਾਂ ਵਿੱਚ ਵਿਘਣ ਪੈਣ ਦੇ ਕਾਰਨ ਦੀ ਜਾਣਕਾਰੀ ਨਹੀਂ ਦਿੱਤੀ ਗਈ।

# ਅਮਰੀਕਾ ਵੱਲੋਂ ਸਰਹੱਦੀ ਪਾਬੰਦੀਆਂ ਨਾ ਹਟਾਏ ਜਾਣ ਕਾਰਨ ਕੈਨੇਡੀਅਨਜ਼ ਦੇ ਟਰੈਵਲ ਪਲੈਨਜ਼ ਵਿੱਚ ਪੈ ਸਕਦਾ ਹੈ ਵਿਘਣ




ਟੋਰਾਂਟੋ, 7 ਅਕਤੂਬਰ (ਪੋਸਟ ਬਿਊਰੋ) : ਅਮਰੀਕਾ ਦੇ ਅਜੇ ਵੀ ਜ਼ਮੀਨੀ ਸਰਹੱਦ ਨੂੰ ਗੈਰ ਜ਼ਰੂਰੀ ਟਰੈਵਲ ਲਈ ਬੰਦ ਕੀਤੇ ਹੋਣ ਦੇ ਚੱਲਦਿਆਂ ਮਾਹਿਰਾਂ ਦਾ ਕਹਿਣਾ ਹੈ ਕਿ ਕੁੱਝ ਟਰੈਵਲ ਪਸੰਦ ਕਰਨ ਵਾਲੇ ਕੈਨੇਡੀਅਨਜ਼ ਨੂੰ ਇਨ੍ਹਾਂ ਸਿਆਲਾਂ ਵਿੱਚ ਵੀ ਘਰੇ ਹੀ ਰਹਿਣਾ ਹੋਵੇਗਾ। ਇਹ ਉਨ੍ਹਾਂ ਦੀ ਦੂਜੀ ਸਰਦੀ ਹੋਵੇਗੀ ਜਦੋਂ ਉਹ ਸਰਹੱਦੋਂ ਪਾਰ ਨਹੀਂ ਜਾ ਸਕਣਗੇ।

ਯੂਐਸ ਡਿਪਾਰਟਮੈਂਟ ਆਫ ਹੋਮਲੈਂਡ ਸਕਿਊਰਿਟੀ ਵੱਲੋਂ 21 ਅਕਤੂਬਰ ਨੂੰ ਇਹ ਖੁਲਾਸਾ ਕੀਤਾ ਜਾਵੇਗਾ ਕਿ ਉਹ ਕੈਨੇਡਾ-ਅਮਰੀਕਾ ਬਾਰਡਰ ਉਤੇ ਪਾਬੰਦੀਆਂ ਵਿੱਚ ਢਿੱਲ ਦੇਣੀ ਚਾਹੁੰਦਾ ਹੈ ਜਾਂ ਫਿਰ ਇਨ੍ਹਾਂ ਪਾਬੰਦੀਆਂ ਨੂੰ 30 ਦਿਨਾਂ ਲਈ ਹੋਰ ਵਧਾਉਣਾ ਚਾਹੁੰਦਾ ਹੈ। ਇਹ ਕੋਈ ਵੀ ਨਹੀਂ ਜਾਣਦਾ ਕਿ ਅਮਰੀਕਾ ਨੇ ਜ਼ਮੀਨੀ ਬਾਰਡਰ ਨੂੰ ਬੰਦ ਕਰਕੇ ਕਿਉਂ ਰੱਖਿਆ ਹੋਇਆ ਹੈ ਜਦਕਿ ਕੈਨੇਡੀਅਨਜ਼ ਅਜੇ ਵੀ ਹਵਾਈ ਰਸਤੇ ਰਾਹੀਂ ਅਮਰੀਕਾ ਜਾ ਸਕਦੇ ਹਨ।

ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡੀਅਨ ਸਰਕਾਰ ਨੇ ਅਮਰੀਕੀ ਨਾਗਰਿਕਾਂ ਅਤੇ ਕੋਵਿਡ-19 ਖਿਲਾਫ ਪੂਰਾ ਟੀਕਾਕਰਨ ਕਰਵਾ ਚੁੱਕੇ ਪਰਮਾਨੈਂਟ ਰੈਜ਼ੀਡੈਂਟਸ ਲਈ ਟਰੈਵਲ ਸਬੰਧੀ ਪਾਬੰਦੀਆਂ 9 ਅਗਸਤ ਨੂੰ ਹੀ ਹਟਾ ਦਿੱਤੀਆਂ ਸਨ। ਇਸ ਦੌਰਾਨ ਅਮਰੀਕਾ ਦੀ ਸੈਨੇਟ ਡੈਮੋਕ੍ਰੈਟਸ ਦੇ ਇੱਕ ਗਰੁੱਪ, ਜਿਸ ਵਿੱਚ ਮਿਸ਼ੀਗਨ ਤੋਂ ਸੈਨੇਟਰਜ਼ ਡੈਬੀ ਸਟੇਬਨਾਓ ਤੇ ਗੈਰੀ ਪੀਟਰਜ਼, ਨਿਊਯੌਰਕ ਤੋਂ ਸੈਨੇਟਰ ਕਰਸਟੀਨ ਗਿੱਲਬਰਡ, ਨਿਊ ਹੈਂਪਸ਼ਾਇਰ ਤੋਂ ਸੈਨੇਟਰ ਜੀਨ ਸ਼ਾਹੀਨ ਸ਼ਾਮਲ ਹਨ,ਨੇ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੂੰ ਸਤੰਬਰ ਵਿੱਚ ਪੱਤਰ ਲਿਖ ਕੇ ਟਰੈਵਲ ਬੈਨ ਹਟਾਉਣ ਦੀ ਮੰਗ ਕੀਤੀ ਸੀ।

# ਕਈ ਗੱਡੀਆਂ ਦੀ ਟੱਕਰ ਵਿੱਚ ਇੱਕ ਗੰਭੀਰ ਜ਼ਖ਼ਮੀ



ਟੋਰਾਂਟੋ, 7 ਅਕਤੂਬਰ (ਪੋਸਟ ਬਿਊਰੋ) : ਵ੍ਹਿਟਬੀ ਵਿੱਚ ਹਾਈਵੇਅ 401 ਉੱਤੇ ਤਿੰਨ ਗੱਡੀਆਂ ਦੇ ਆਪਸ ਵਿੱਚ ਟਕਰਾਅ ਜਾਣ ਕਾਰਨ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਤੇ ਉਸ ਨੂੰ ਏਅਰ ਐਂਬੂਲੈਂਸ ਰਾਹੀਂ ਹਸਪਤਾਲ ਪਹੁੰਚਾਇਆ ਗਿਆ।

ਵੀਰਵਾਰ ਨੂੰ ਪ੍ਰੋਵਿੰਸ਼ੀਅਲ ਪੁਲਿਸ ਨੂੰ ਸਵੇਰੇ 7:00 ਵਜੇ ਬ੍ਰੌਕ ਸਟਰੀਟ ਵੈਸਟ ਨੇੜੇ ਹਾਈਵੇਅ ਉੱਤੇ ਪੱਛਮ ਵਾਲੀਆਂ ਲੇਨਜ਼ ਉੱਤੇ ਸੱਦਿਆ ਗਿਆ। ਅਜੇ ਤੱਕ ਕਿਸੇ ਹੋਰ ਵਿਅਕਤੀ ਦੇ ਜ਼ਖ਼ਮੀ ਹੋਣ ਦੀ ਖਬਰ ਨਹੀਂ ਹੈ।

ਬ੍ਰੌਕ ਵਿਖੇ ਪੱਛਮ ਵਾਲੀਆਂ ਲੇਨਜ਼ ਕਾਫੀ ਲੰਮੇਂ ਸਮੇਂ ਤੱਕ ਬੰਦ ਰੱਖੀਆਂ ਗਈਆਂ ਪਰ ਫਿਰ ਉਨ੍ਹਾਂ ਨੂੰ ਖੋਲ੍ਹ ਦਿੱਤਾ ਗਿਆ।

# 6 ਹੋਰ ਸਕੂਲਾਂ ਵਿੱਚ ਟੋਰਾਂਟੋ ਹੈਲਥ ਅਧਿਕਾਰੀਆਂ ਨੇ ਐਲਾਨੀ ਕੋਵਿਡ-19 ਆਊਟਬ੍ਰੇਕ



ਟੋਰਾਂਟੋ, 7 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਦੇ ਛੇ ਹੋਰ ਸਕੂਲਾਂ ਵਿੱਚ ਕੋਵਿਡ-19 ਆਊਟਬ੍ਰੇਕ ਦੀ ਪਬਲਿਕ ਹੈਲਥ ਅਧਿਕਾਰੀਆਂ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਟੋਰਾਂਟੋ ਪਬਲਿਕ ਹੈਲਥ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਅੱਗੇ ਦੱਸੇ ਗਏ ਸਕੂਲਾਂ ਵਿੱਚ ਦੋ ਤੋਂ ਵੱਧ ਕੇਸ ਮਿਲੇ ਹਨ : ਦਾਂਤੇ ਅਲੀਘਿਏਰੀ ਅਕੈਡਮੀ, ਸਟੀਫਨ ਲੀਕੌਕ ਕਾਲਜੀਏਟ ਇੰਸਟੀਚਿਊਟ, ਸੇਂਟ ਜੂਡ ਕੈਥੋਲਿਕ ਸਕੂਲ, ਸੇਂਟ ਆਗਸਟਿਨ ਕੈਥੋਲਿਕ ਸਕੂਲ, ਮਿੱਲਵੁੱਡ ਜੂਨੀਅਰ ਸਕੂਲ ਤੇ ਹੁਰੌਨ ਸਟਰੀਟ ਜੂਨੀਅਰ ਪਬਲਿਕ ਸਕੂਲ। ਬੁੱਧਵਾਰ ਸ਼ਾਮ ਨੂੰ ਅਧਿਕਾਰੀਆਂ ਨੇ ਟਵੀਟ ਕਰਕੇ ਦੱਸਿਆ ਕਿ ਸਾਡੇ ਵੱਲੋਂ ਇਨ੍ਹਾਂ ਸੈਟਿੰਗਜ਼ ਵਿੱਚ ਆਊਟਬ੍ਰੇਕ ਡਿਕਲੇਅਰ ਕੀਤੀ ਜਾ ਰਹੀ ਹੈ।

ਅਧਿਕਾਰੀਆਂ ਨੇ ਇਹ ਵੀ ਆਖਿਆ ਕਿ ਅਸੀਂ ਇਨ੍ਹਾਂ ਮਾਮਲਿਆਂ ਦੀ ਧਿਆਨ ਨਾਲ ਜਾਂਚ ਕਰ ਰਹੇ ਹਾਂ ਤੇ ਸਕੂਲ ਕਮਿਊਨਿਟੀਜ਼ ਨਾਲ ਰਲ ਕੇ ਕੰਮ ਕਰ ਰਹੇ ਹਾਂ, ਸਬੰਧਤ ਪਾਜ਼ੀਟਿਵ ਲੋਕਾਂ ਦੇ ਸੰਪਰਕ ਵਿੱਚ ਆਉਣ ਵਾਲਿਆਂ ਨੂੰ ਵੀ ਜਾਣੂ ਕਰਵਾਇਆ ਜਾ ਰਿਹਾ ਹੈ ਤੇ ਉਨ੍ਹਾਂ ਨੂੰ ਘਰਾਂ ਵਿੱਚ ਹੀ ਰਹਿ ਕੇ ਆਪਣੇ ਲੱਛਣਾਂ ਦੀ ਜਾਂਚ ਕਰਨ ਤੇ ਆਪਣੇ ਟੈਸਟ ਕਰਵਾਉਣ ਦੀ ਸਲਾਹ ਵੀ ਦਿੱਤੀ ਜਾ ਰਹੀ ਹੈ।

ਪਰ ਇਸ ਸੱਭ ਦੇ ਬਾਵਜੂਦ ਸਕੂਲ ਖੁੱਲ੍ਹੇ ਰੱਖੇ ਜਾ ਰਹੇ ਹਨ। ਇਸ ਦੌਰਾਨ ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਵੱਲੋਂ ਆਪਣੇ ਸਕੂਲਾਂ ਵਿੱਚ ਕੋਵਿਡ-19 ਕੇਸਾਂ ਨਾਲ ਸਿੱਝਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹੁਣ ਤੱਕ ਚੈਸਟਰ ਲੀ ਜੂਨੀਅਰ ਪਬਲਿਕ ਸਕੂਲ ਤੇ ਕਲੇਅਰਲੀਅ ਪਬਲਿਕ ਸਕੂਲ ਵਿੱਚ ਹੀ ਸੱਭ ਤੋਂ ਵੱਧ ਕੋਵਿਡ-19 ਮਾਮਲੇ ਪਾਏ ਗਏ ਹਨ। ਵੀਰਵਾਰ ਸਵੇਰੇ ਚੈਸਟਰ ਲੀ ਵਿਖੇ ਸੱਤ ਵਿਦਿਆਰਥੀਆਂ ਤੇ ਇੱਕ ਸਟਾਫ ਮੈਂਬਰ ਕੋਵਿਡ-19 ਪਾਜ਼ੀਟਿਵ ਪਾਏ ਗਏ ਜਦਕਿ ਕਲੇਅਰਲੀਅ ਵਿਖੇ ਵੀ ਸੱਤ ਮਾਮਲੇ ਪਾਜ਼ੀਟਿਵ ਆਏ। ਇੱਥੇ ਕੋਵਿਡ-19 ਪਾਜ਼ੀਟਿਵ ਆਉਣ ਵਾਲੇ ਸਾਰੇ ਵਿਦਿਆਰਥੀ ਦੱਸੇ ਜਾਂਦੇ ਹਨ। ਇਹ ਦੋਵੇਂ ਸਕੂਲ ਵੀ ਖੁੱਲ੍ਹੇ ਹੋਏ ਹਨ।

ਬੇਸਮੈਂਟਸ ਕਿਰਾਏ ਲਈ ਖਾਲੀ
ਗੋਰ ਰੋਡ ਅਤੇ ਕੰਟਰੀਸਾਈਡ ਦੇ ਏਰੀਏ ਵਿਚ ਇਕ ਬੇਸਮੈਂਟ ਦੋ ਬੈਡਰੂਮ ਦੀ ਅਤੇ ਇਕ ਬੇਸਮੈਂਟ ਇਕ ਬੈਡਰੂਮ ਦੀ ਕਰਾਏ ਲਈ ਖਾਲੀ ਹੈ। ਸੈਪਰੇਟ ਕਿਚਨ ਸੈਪਰੇਟ ਫੁਲ ਵਾਸਰੂਮ, ਸ਼ਿਅਰਡ ਲਾਂਡਰੀ। ਸਿਰਫ ਫੈਮਲੀ ਵਾਲੇ ਅਤੇ ਨੌਨ ਸਮੋਕਰ ਅਤੇ ਨੋ ਪੈਟਸ ਵਾਲੇ ਹੀ ਕਾਲ ਕਰਨ।
ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-305-9864

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਬੈਂਕ ਚੁੱਕੇ ਹੋ?
ਆਪਣਾ ਕਰਜਾ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799*upto 100% Deductible Paid*
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
➡ Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
➡ Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

ShenGill Law Firm
Barrister, Solicitor & Notary Public
Services:
• Real Estate
• Residential, Commercial & Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਪਬਲਿਕ ਸਰਵੈਂਟਸ, ਡੋਮੈਸਟਿਕ ਟਰੈਵਲਰਜ਼ ਲਈ ਫੈਡਰਲ ਸਰਕਾਰ ਨੇ ਵੈਕਸੀਨੇਸ਼ਨ ਕੀਤੀ ਲਾਜ਼ਮੀ

ਓਟਵਾ, 7 ਅਕਤੂਬਰ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਅੱਜ ਇਹ ਐਲਾਨ ਕੀਤਾ ਗਿਆ ਹੈ ਕਿ ਫੈਡਰਲ ਪਬਲਿਕ ਸਰਵੈਂਟਸ ਨੂੰ ਕੋਵਿਡ-19 ਖਿਲਾਫ 29 ਅਕਤੂਬਰ ਤੱਕ ਪੂਰਾ ਟੀਕਾਕਰਣ ਕਰਵਾ ਕੇ ਉਸ ਦਾ ਸਬੂਤ ਦੇਣਾ ਹੋਵੇਗਾ। ਅਜਿਹਾ ਨਾ ਕਰਨ ਵਾਲਿਆਂ ਨੂੰ 15 ਨਵੰਬਰ ਤੱਕ ਬਿਨਾਂ ਤਨਖਾਹ ਦੇ ਛੁੱਟੀ ਉੱਤੇ ਭੇਜ ਦਿੱਤਾ ਜਾਵੇਗਾ। ਕੈਨੇਡਾ ਵਿੱਚ ਕਿਸੇ ਨੂੰ ਵੀ ਜਹਾਜ਼ ਜਾਂ ਟਰੇਨ ਵਿੱਚ ਸਵਾਰ ਹੋਣ ਤੋਂ ਪਹਿਲਾਂ 30 ਅਕਤੂਬਰ ਤੱਕ ਆਪਣੇ ਪੂਰੀ ਤਰ੍ਹਾਂ ਵੈਕਸੀਨੇਟ ਹੋਣ ਦਾ ਸਬੂਤ ਦੇਣਾ ਹੋਵੇਗਾ। ਇਸ ਮਾਮਲੇ ਵਿੱਚ ਕਿਸੇ ਟਾਂਵੇਂ ਟੱਲੇ ਨੂੰ ਹੀ ਛੋਟ ਮਿਲੇਗੀ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਬੁੱਧਵਾਰ ਨੂੰ ਇਨ੍ਹਾਂ ਨਿਯਮਾਂ ਦੀ ਤਫਸੀਲ ਨਾਲ ਜਾਣਕਾਰੀ ਦਿੱਤੀ। ਟਰੂਡੋ ਨੇ ਆਖਿਆ ਕਿ ਅਜਿਹਾ ਲੋਕਾਂ ਨੂੰ ਕੰਮ ਉੱਤੇ ਤੇ ਸਾਡੀਆਂ ਕਮਿਊਨਿਟੀਜ਼ ਵਿੱਚ ਸੇਫ ਰੱਖਣ ਲਈ ਕੀਤਾ ਜਾ ਰਿਹਾ ਹੈ। ਜੇ ਤੁਸੀਂ ਸਹੀ ਕੰਮ ਕੀਤਾ ਹੈ ਤੇ ਵੈਕਸੀਨੇਸ਼ਨ ਲਵਾਈ ਹੈ ਤਾਂ ਤੁਹਾਨੂੰ ਕੋਵਿਡ-19 ਤੋਂ ਸੇਫ ਰਹਿ ਕੇ ਆਜ਼ਾਦੀ ਮਾਨਣ ਦਾ ਪੂਰਾ ਹੱਕ ਹੈ, ਆਪਣੇ ਬੱਚਿਆਂ ਨੂੰ ਕੋਵਿਡ-19 ਤੋਂ ਸੇਫ ਰੱਖਣ ਤੇ ਜਿਹੜੀਆਂ ਚੀਜ਼ਾਂ ਨੂੰ ਤੁਸੀਂ ਪਿਆਰ ਕਰਦੇ ਹੋਂ ਉਨ੍ਹਾਂ ਨੂੰ ਮੁੜ ਹਾਸਲ ਕਰਨ ਦਾ ਪੂਰਾ ਹੱਕ ਹੈ।

ਅੰਦਾਜ਼ਨ 267,000 ਫੈਡਰਲ ਵਰਕਰਜ਼, ਜਿਹੜੇ ਇਸ ਪਾਲਿਸੀ ਤਹਿਤ ਆਉਂਦੇ ਹਨ, ਇਹ ਨਿਯਮ ਉਨ੍ਹਾਂ ਸਾਰੇ ਇੰਪਲੌਈਜ਼ ਉੱਤੇ ਲਾਗੂ ਹੋਵੇਗਾ ਫਿਰ ਭਾਵੇਂ ਉਹ ਦੂਰ ਦਰਾਜ਼ ਤੋਂ ਕੰਮ ਕਰ ਰਹੇ ਹਨ ਜਾਂ ਆਫਿਸ ਤੋਂ ਕੰਮ ਕਰ ਰਹੇ ਹਨ ਤੇ ਜਾਂ ਫਿਰ ਕੈਨੇਡਾ ਤੋਂ ਬਾਹਰ ਕਿਤੇ ਕੰਮ ਕਰਦੇ ਹਨ। ਇਹ ਪਲੈਨ ਉਨ੍ਹਾਂ ਦਰਮਿਆਨ ਫਰਕ ਕਰੇਗਾ ਜਿਹੜੇ ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾਉਣ ਤੋਂ ਅਸਮਰੱਥ ਹਨ ਤੇ ਜਿਹੜੇ ਵੈਕਸੀਨੇਸ਼ਨ ਕਰਵਾਉਣਾ ਹੀ ਨਹੀਂ ਚਾਹੁੰਦੇ।



ਮੈਡੀਕਲ ਕਾਰਨ ਤੇ ਧਾਰਮਿਕ ਕਾਰਨ ਕਰਕੇ ਛੋਟ ਦਿੱਤੀ ਜਾਵੇਗੀ। ਪਰ ਇਹ ਕਿਸੇ ਖਾਸ ਮਾਪਕਾਂ ਦੇ ਆਧਾਰ ਉੱਤੇ ਹੀ ਦਿੱਤੀ ਜਾਵੇਗੀ। ਇਹ ਨਿਯਮ ਕੰਮ ਨਾਲ ਸਬੰਧਤ ਮਾਪਦੰਡ ਅੰਸ਼ਕ ਤੌਰ ਉੱਤੇ ਵੈਕਸੀਨੇਸ਼ਨ ਕਰਵਾ ਚੁੱਕੇ ਵਰਕਰਜ਼ ਉੱਤੇ ਵੀ ਲਾਗੂ ਹੋਵੇਗਾ। ਉਨ੍ਹਾਂ ਕੋਲ 10 ਹਫਤਿਆਂ ਦਾ ਸਮਾਂ ਹੋਵੇਗਾ ਆਪਣੀ ਦੂਜੀ ਡੋਜ਼ ਲਵਾਉਣ ਲਈ ਨਹੀਂ ਤਾਂ ਉਨ੍ਹਾਂ ਨੂੰ ਵੀ ਬਿਨਾਂ ਤਨਖਾਹ ਛੁੱਟੀ ਉੱਤੇ ਭੇਜ ਦਿੱਤਾ ਜਾਵੇਗਾ।

ਇਹ ਲਾਜ਼ਮੀ ਵੈਕਸੀਨੇਸ਼ਨ ਪਾਲਿਸੀ ਆਰਸੀਐਮਪੀ, ਫੁੱਲ ਟਾਈਮ ਇੰਪਲੌਈਜ਼, ਕੈਯੂਅਲ ਵਰਕਰਜ਼, ਵਿਦਿਆਰਥੀਆਂ, ਫੈਡਰਲ ਡਿਪਾਰਟਮੈਂਟਸ ਲਈ ਵਾਲੰਟੀਅਰ, ਏਜੰਸੀਜ਼ ਤੇ ਆਫਿਸਿਜ਼ ਜਿਵੇਂ ਕਿ ਡਿਪਾਰਟਮੈਂਟ ਆਫ ਹੈਲਥ, ਵੈਟਰਨਜ਼ ਅਫੇਅਰਜ਼ ਕੈਨੇਡਾ, ਸਰਵਿਸ ਕੈਨੇਡਾ, ਪਬਲਿਕ ਹੈਲਥ ਏਜੰਸੀ ਆਫ ਕੈਨੇਡਾ, ਕੋਰੈਕਸ਼ਨਲ ਸਰਵਿਸ ਆਫ ਕੈਨੇਡਾ ਤੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੇ ਮੁਲਾਜ਼ਮਾਂ ਉੱਤੇ ਲਾਗੂ ਹੋਵੇਗੀ। ਫਰੀਲੈਂਡ ਨੇ ਆਖਿਆ ਕਿ ਇਹ ਨਵੇਂ ਨਿਯਮ ਕੈਨੇਡੀਅਨ ਆਰਮਡ ਫੋਰਸਿਜ਼ ਦੇ ਮੈਂਬਰਾਂ ਉੱਤੇ ਲਾਗੂ ਨਹੀਂ ਹੋਣਗੇ। ਉਨ੍ਹਾਂ ਇਹ ਵੀ ਆਖਿਆ ਕਿ ਚੀਫ ਆਫ ਡਿਫੈਂਸ ਸਟਾਫ ਆਪਣੇ ਮਾਪਦੰਡਾਂ ਦੇ ਹਿਸਾਬ ਨਾਲ ਵੈਕਸੀਨੇਸ਼ਨ ਨੂੰ ਆਪਣੇ ਮੈਂਬਰਾਂ ਲਈ ਲਾਜ਼ਮੀ ਕਰੇਗਾ। ਫੈਡਰਲ ਵਰਕਰਜ਼, ਇੰਪਲੌਈਜ਼ ਤੇ ਫੈਡਰਲ ਪੱਧਰ ਉੱਤੇ ਨਿਯੰਤਰਿਤ ਏਅਰ, ਰੇਲ ਤੇ ਮਰੀਨ ਟਰਾਂਸਪੋਰਟੇਸ਼ਨ ਸੈਕਟਰਜ਼ ਦੇ ਇੰਪਲੌਈਜ਼ ਤੇ ਯਾਤਰੀਆਂ ਨੂੰ ਵੀ 30 ਅਕਤੂਬਰ ਤੱਕ ਆਪਣਾ ਟੀਕਾਕਰਣ ਪੂਰਾ ਕਰਵਾਉਣਾ ਹੋਵੇਗਾ।

## ਚਾਰਟਰਡ ਫਲਾਈਟ ਨਾਲ ਵਿਦੇਸ਼ੀ ਟੂਰਿਸਟਾਂ ਨੂੰ ਭਾਰਤ ਆਉਣ ਦੀ 15 ਅਕਤੂਬਰ ਤੋਂ



ਨਵੀਂ ਦਿੱਲੀ, 7 ਅਕਤੂਬਰ, (ਪੋਸਟ ਬਿਊਰੋ)-ਭਾਰਤ ਸਰਕਾਰ ਨੇ ਵਿਦੇਸ਼ੀ ਟੂਰਿਸਟਾਂ ਨੂੰ ਏਥੇ ਆਉਣ ਲਈ ਖੁੱਲ੍ਹ ਦੇਣ ਦਾ ਫ਼ੈਸਲਾ ਕੀਤਾ ਹੈ ਅਤੇ ਇਸ ਦੀ ਸ਼ੁਰੂਆਤ 15 ਅਕਤੂਬਰ ਤੋਂ ਚਾਰਟਰਡ ਉਡਾਣਾਂ ਰਾਹੀਂ ਯਾਤਰਾ ਕਰਨ ਵਾਲਿਆਂ ਨੂੰ ਵੀਜ਼ਾ ਦੇਣ ਨਾਲ ਹੋਵੇਗੀ। ਰੈਗੂਲਰ ਫਲਾਈਟ ਵਾਲਿਆਂ ਨੂੰ 15 ਨਵੰਬਰ ਤੋਂ ਯਾਤਰਾ ਕਰਨ ਲਈ ਟੂਰਿਸਟ ਵੀਜ਼ਾ ਦਿੱਤਾ ਜਾਵੇਗਾ। ਇਸ ਬਾਰੇ ਐਲਾਨ ਕੇਂਦਰੀ ਗ੍ਰਹਿ ਮੰਤਰਾਲੇ ਨੇ ਅੱਜ ਵੀਰਵਾਰ ਨੂੰ ਕੀਤਾ ਹੈ। ਵਰਨਣ ਯੋਗ ਹੈ ਕਿ ਕੋਰੋਨਾ ਮਹਾਮਾਰੀ ਦੇ ਕਾਰਨ ਮਾਰਚ 2020 ਤੋਂ ਵੀਜ਼ਾ ਅਤੇ ਕੌਮਾਂਤਰੀ ਯਾਤਰਾ ਉੱਤੇਰੋਕਾਂ ਲਾਈਆਂ ਗਈਆਂ ਸਨ।ਅੱਜ ਭਾਰਤ ਦੇ ਗ੍ਰਹਿ ਮੰਤਰਾਲੇ ਨੇ ਇਕ ਬਿਆਨਵਿੱਚ ਕਿਹਾ ਕਿ ਵੱਖ-ਵੱਖ ਇਨਪੁਟਦੇ ਬਾਰੇ ਵਿਚਾਰ ਕਰਨ ਪਿੱਛੋਂ ਮੰਤਰਾਲੇ ਨੇ ਫੈਸਲਾ ਲਿਆ ਹੈ ਕਿ 15 ਅਕਤੂਬਰ ਤੋਂ ਨਵੇਂ ਟੂਰਿਸਟ ਵੀਜ਼ਾ ਲੈ ਸਕਣਗੇ। ਬਿਆਨਵਿੱਚ ਕਿਹਾ ਗਿਆ ਕਿ ਸਮੇਂ-ਸਮੇਂਸਿਹਤ ਅਤੇ ਪਰਿਵਾਰ ਕਲਿਆਣ ਮੰਤਰਾਲੇ ਵੱਲੋਂ ਨੋਟੀਫਿਕੇਸ਼ਨ ਕੋਰੋਨਾ ਨਾਲ ਸਬੰਧਤ ਸਾਰੇ ਪ੍ਰੋਟੋਕਾਲ ਅਤੇ ਮਾਪਦੰਡਾਂ ਦਾ ਪਾਲਣ ਵਿਦੇਸ਼ੀ ਟੂਰਿਸਟਾਂ, ਉਨ੍ਹਾਂ ਨੂੰ ਭਾਰਤ ਲਿਆਉਣ ਵਾਲੇ ਕੈਰੀਅਰ ਤੇ ਹੋਰ ਸਾਰੇ ਹਿੱਤ ਧਾਰਕਾਂ ਨੂੰ ਕਰਨਾ ਹੋਵੇਗਾ ਅਤੇ ਇਸ ਵਿੱਚ ਕੋਈ ਕੋਤਾਹੀ ਨਹੀਂ ਹੋਣ ਦਿੱਤੀ ਜਾਵੇਗੀ।

## ਕੰਜ਼ਰਵੇਟਿਵ ਐਮਪੀਜ਼ ਵੱਲੋਂ ਓਟੂਲ ਦੀ ਲੀਡਰਸ਼ਿਪ ਦਾ ਮੁਲਾਂਕਣ ਕਰਨ ਦੇ ਪੱਖ ਵਿਚ ਪਾਈ ਗਈ ਵੋਟ

ਓਟਵਾ, 7 ਅਕਤੂਬਰ (ਪੋਸਟ ਬਿਊਰੋ) : ਕੰਜ਼ਰਵੇਟਿਵ ਆਗੂ ਐਰਿਨ ਓਟੂਲ ਵੱਲੋਂ ਇਹ ਦਾਅਵਾ ਕੀਤਾ ਗਿਆ ਹੈ ਕਿ ਚੁਣੇ ਗਏ 118 ਮੈਂਬਰਾਂ ਦਾ ਸਮਰਥਨ ਉਨ੍ਹਾਂ ਨੂੰ ਹਾਸਲ ਹੈ। ਪਾਰਟੀ ਮੈਂਬਰਾਂ ਵੱਲੋਂ ਓਟੂਲ ਦੀ ਲੀਡਰਸ਼ਿਪ ਦਾ ਮੁਲਾਂਕਣ ਕਰਨ ਲਈ ਵੋਟ ਪਾਏ ਜਾਣ ਦੇ ਬਾਵਜੂਦ ਓਟੂਲ ਦਾ ਇਹ ਦਾਅਵਾ ਕਿੰਨਾਂ ਕੁ ਸੱਚ ਹੈ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

ਫੈਡਰਲ ਚੋਣਾਂ ਵਿੱਚ ਹਾਰ ਤੋਂ ਬਾਅਦ ਮੰਗਲਵਾਰ ਨੂੰ ਓਟਵਾ ਵਿੱਚ ਕੰਜ਼ਰਵੇਟਿਵ ਐਮਪੀਜ਼ ਪਹਿਲੀ ਵਾਰੀ ਇੱਕਠੇ ਹੋਏ। ਇੱਥੇ ਦੱਸਣਾ ਬਣਦਾ ਹੈ ਕਿ ਸਾਬਕਾ ਆਗੂ ਐਂਡਰਿਊ ਸ਼ੀਅਰ ਦੀ ਅਗਵਾਈ ਵਿੱਚ ਕੰਜ਼ਰਵੇਟਿਵਾਂ ਨੇ ਜਿੰਨੀਆਂ ਸੀਟਾਂ ਜਿੱਤੀਆਂ ਸਨ ਓਟੂਲ ਦੀ ਅਗਵਾਈ ਵਿੱਚ ਉਸ ਨਾਲੋਂ ਐਤਕੀਂ ਦੋ ਘੱਟ ਸੀਟਾਂ ਪਾਰਟੀ ਨੂੰ ਹਾਸਲ ਹੋਈਆਂ ਹਨ।



ਗ੍ਰੇਟਰ ਟੋਰਾਂਟੋ ਏਰੀਆ, ਕਿਊਬਿਕ ਤੇ ਮੈਟਰੋ ਵੈਨਕੂਵਰ ਵਿੱਚ ਵੀ ਪਾਰਟੀ ਨੂੰ ਕੋਈ ਬਹੁਤਾ ਫਾਇਦਾ ਨਹੀਂ ਹੋਇਆ।

ਇਸ ਦੇ ਬਾਵਜੂਦ ਓਟੂਲ ਵੱਲੋਂ ਚੋਣਾਂ ਤੋਂ ਲੈ ਕੇ ਹੁਣ ਤੱਕ ਸਕਾਰਾਤਮਕ ਰੌਅ ਹੀ ਰੱਖਿਆ ਜਾ ਰਿਹਾ ਹੈ। ਉਹ ਇਸ ਗੱਲ ਉੱਤੇ ਹੀ ਜ਼ੋਰ ਦਿੰਦੇ ਨਜ਼ਰ ਆਏ ਹਨ ਕਿ ਓਨਟਾਰੀਓ ਵਿੱਚ ਵੀ ਉਨ੍ਹਾਂ ਨੂੰ ਪਈਆਂ ਵੋਟਾਂ ਦੀ ਗਿਣਤੀ ਵਧੀ ਹੈ ਤੇ ਕਿਵੇਂ ਐਟਲਾਂਟਿਕ ਕੈਨੇਡਾ ਵਿੱਚ ਵੀ ਉਹ ਨਵੀਆਂ ਸੀਟਾਂ ਹਾਸਲ ਕਰਨ ਵਿੱਚ ਕਾਮਯਾਬ ਹੋਏ ਹਨ। ਮੰਗਲਵਾਰ ਨੂੰ ਕੰਜ਼ਰਵੇਟਿਵ ਐਮਪੀਜ਼ ਦੀ ਮੀਟਿੰਗ ਅੰਦਾਜ਼ਨ ਛੇ ਘੰਟੇ ਚੱਲੀ, ਇਸ ਦੌਰਾਨ ਉਨ੍ਹਾਂ ਵੱਲੋਂ ਓਟੂਲ ਦੀ ਲੀਡਰਸ਼ਿਪ ਦਾ ਮੁਲਾਂਕਣ ਕਰਨ ਦੇ ਪੱਖ ਵਿੱਚ ਵੋਟ ਪਾਈ ਗਈ।

ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਓਟੂਲ ਨੇ ਆਖਿਆ ਕਿ ਉਨ੍ਹਾਂ ਦੀ ਲੀਡਰਸ਼ਿਪ ਦਾ ਮੁਲਾਂਕਣ ਕਰਨ ਨਾਲ ਉਨ੍ਹਾਂ ਦੇ ਸਿਰ ਉੱਤੇ ਕੋਈ ਤਲਵਾਰ ਨਹੀਂ ਲਟਕ ਰਹੀ। ਉਨ੍ਹਾਂ ਆਖਿਆ ਕਿ ਟੀਮ ਵਜੋਂ ਉਹ ਸਾਰੇ ਇੱਕਜੁੱਟ ਹਨ। ਸਾਡੀ ਇਹ ਪ੍ਰਕਿਰਿਆ ਬਹੁਤ ਹੀ ਪਾਰਦਰਸ਼ੀ ਤੇ ਸਹੀ ਹੈ।

## ਲੇਬਰ ਦੀ ਘਾਟ ਦਾ ਸਾਹਮਣਾ ਕਰ ਰਹੀਆਂ ਹਨ ਕੈਨੇਡੀਅਨ ਇੰਡਸਟਰੀਜ਼

ਟੋਰਾਂਟੋ, 7 ਅਕਤੂਬਰ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਦਾ ਅਰਥਚਾਰੇ ਉੱਤੇ ਪੈਣ ਵਾਲਾ ਪ੍ਰਭਾਵ ਹੁਣ ਨਜ਼ਰ ਆਉਣ ਲੱਗਿਆ ਹੈ। ਇਸ ਮਹਾਂਮਾਰੀ ਕਾਰਨ ਹਾਲਾਤ ਇਹੋ ਜਿਹੇ ਹੋ ਗਏ ਹਨ ਕਿ ਕਈ ਕਾਰੋਬਾਰਾਂ ਨੂੰ ਵਰਕਰਜ਼ ਦੀ ਭਾਲ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਹਾਲਾਤ ਇੱਥੋਂ ਤੱਕ ਨਿੱਘਰ ਗਏ ਹਨ ਕਿ ਲੇਬਰ ਦੀ ਘਾਟ ਕਾਰਨ ਕਈ ਸੈਕਟਰ ਠੱਪ ਹੋਣ ਕਿਨਾਰੇ ਪਹੁੰਚ ਗਏ ਹਨ।

ਬਿਜ਼ਨਸ ਭਾਵੇਂ ਵੱਡੇ ਹੋਣ ਜਾਂ ਛੋਟੇ ਸਾਰੇ ਇਹੋ ਸ਼ਿਕਾਇਤ ਕਰ ਰਹੇ ਹਨ ਕਿ ਉਨ੍ਹਾਂ ਨੂੰ ਸਟਾਫ ਦੀ ਭਾਲ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਇੰਪਲੌਇਰਜ਼ ਵੱਲੋਂ ਵਰਕਰਜ਼ ਨੂੰ ਆਕਰਸ਼ਿਤ ਕਰਨ ਲਈ ਵਧੇਰੇ ਇਨਸੈਂਟਿਵਜ਼ ਜਿਵੇਂ ਕਿ ਵੱਧ ਵੇਜਿਜ਼, ਬੋਨਸਿਜ਼ ਤੇ ਕੰਮ ਕਰਨ ਦੇ ਘੰਟਿਆਂ ਵਿੱਚ ਰਿਆਇਤ, ਦੇਣ ਦੀ ਪੇਸ਼ਕਸ਼ ਵੀ ਕੀਤੀ ਜਾ ਰਹੀ ਹੈ। ਕੈਨੇਡੀਅਨ ਫੈਡਰੇਸ਼ਨ ਆਫ ਇੰਡੀਪੈਂਡੈਂਟ ਬਿਜ਼ਨਸ ਦਾ ਕਹਿਣਾ ਹੈ ਕਿ ਇਸ ਸਮੇਂ ਸਿਰਫ 40 ਫੀ ਸਦੀ ਨਿੱਕੇ




ਬਿਜ਼ਨਸਿਜ਼ ਹੀ ਨਾਰਮਲ ਸੇਲਜ਼ ਕਰ ਪਾ ਰਹੇ ਹਨ।

ਸਟੈਟੇਸਟਿਕਸ ਕੈਨੇਡਾ ਅਨੁਸ-ਾਰ 2021 ਦੀ ਦੂਜੀ ਛਿਮਾਹੀ ਵਿੱਚ 731,900 ਜੌਬ ਵੈਕੈਂਸੀਜ਼ ਹਨ। ਸਟੈਟਕੈਨ ਦਾ ਇਹ ਵੀ ਕਹਿਣਾ ਹੈ ਕਿ ਇਹ ਵੈਕੈਂਸੀਜ਼ ਸਾਰੇ ਪ੍ਰੋਵਿੰਸਾਂ ਵਿੱਚ ਵੇਖੀਆਂ ਜਾ ਸਕਦੀਆਂ ਹਨ। ਪਰ ਇਹ ਸੱਭ ਤੋਂ ਵੱਧ ਕਿਊਬਿਕ, ਓਨਟਾਰੀਓ ਤੇ ਬੀਸੀ ਵਿੱਚ ਪਾਈਆਂ ਜਾ ਰਹੀਆਂ ਹਨ। ਇਸ ਦੌਰਾਨ ਵਰਕ ਫਰੌਮ ਹੋਮ ਮਾਡਲ ਅਪਨਾਉਣ ਵਾਲੇ ਸੈਕਟਰਜ਼ ਜਿਵੇਂ ਕਿ ਫਾਇਨਾਂਸ, ਇੰਸ਼ੋਰੈਂਸ ਤੇ ਰੀਅਲ ਅਸਟੇਟ ਆਦਿ ਦਾ ਕੰਮ ਮਹਾਂਮਾਰੀ ਦੌਰਾਨ ਵੀ ਠੀਕ ਚੱਲਦਾ ਰਿਹਾ।

ਦੂਜੇ ਪਾਸੇ ਫੂਡ ਸਰਵਿਸਿਜ਼, ਟਰਾਂਸਪੋਰਟੇਸ਼ਨ ਤੇ ਮਨੋਰੰਜਨ ਅਤੇ ਟੂਰਿਜ਼ਮ ਵਰਗੇ ਸੈਕਟਰਜ਼ ਨੂੰ ਤਕੜੀ ਮਾਰ ਵਗੀ ਹੈ ਤੇ ਉਨ੍ਹਾਂ ਨੂੰ ਮਹਾਂਮਾਰੀ ਤੋਂ ਬਾਹਰ ਨਿਕਲਣ ਲਈ ਲੰਮਾਂ ਸਮਾਂ ਲੱਗੇਗਾ। ਜਿਨ੍ਹਾਂ ਸੈਕਟਰਜ਼ ਨੂੰ ਸੱਭ ਤੋਂ ਵੱਧ ਨੁਕਸਾਨ ਹੋਇਆ ਹੈ ਉਨ੍ਹਾਂ ਵਿੱਚ ਹੌਸਪਿਟੈਲਿਟੀ ਅਤੇ ਫੂਡ ਸਰਵਿਸਿਜ਼,ਹੈਲਥ ਕੇਅਰ, ਮੈਨੂਫੈਕਚਰਿੰਗ ਤੇ ਕੰਸਟ੍ਰਕਸ਼ਨ,ਰੀਟੇਲ ਟਰੇਡ ਅਤੇ ਟਰੱਕਿੰਗ ਮੁੱਖ ਹਨ।

## ਓਨਟਾਰੀਓ ਦੇ ਚੋਣਵੇਂ ਸਕੂਲਾਂ ਵਿੱਚ ਕਰਵਾਏ ਜਾਣਗੇ ਰੈਪਿਡ ਐਂਟੀਜਨ ਟੈਸਟ

ਟੋਰਾਂਟੋ, 7 ਅਕਤੂਬਰ (ਪੋਸਟ ਬਿਊਰੋ) : ਓਨਟਾਰੀਓ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਦਾ ਕਹਿਣਾ ਹੈ ਕਿ ਕੋਵਿਡ-19 ਦੇ ਪਸਾਰ ਕਾਰਨ ਬੰਦ ਹੋਣ ਦੀ ਕਗਾਰ ਉੱਤੇ ਪਹੁੰਚੇ ਕਈ ਚੋਣਵੇਂ ਸਕੂਲਾਂ ਵਿੱਚ ਰੈਪਿਡ ਐਂਟੀਜਨ ਟੈਸਟ ਕਰਵਾਏ ਜਾਣਗੇ। ਉਨ੍ਹਾਂ ਆਖਿਆ ਕਿ ਪਿਛਲੇ ਕੁੱਝ ਹਫਤਿਆਂ ਵਿੱਚ ਹਾਸਲ ਡਾਟਾ ਦੇ ਮੁਲਾਂਕਣ ਤੋਂ ਬਾਅਦ ਗੈਰ ਵੈਕਸੀਨੇਟਿਡ ਏਸਿੰਪਟੋਮੈਟਿਕ ਵਿਦਿਆਰਥੀਆਂ ਬਾਰੇ ਉਨ੍ਹਾਂ ਦੀ ਰਾਇ ਬਦਲ ਗਈ।

ਅਗਲੇ ਹਫਤੇ ਤੋਂ ਸੁਰੂ ਕਰਕੇ ਲੋਕਲ ਪਬਲਿਕ ਹੈਲਥ ਯੂਨਿਟਸ ਉਨ੍ਹਾਂ ਸਕੂਲਾਂ ਨੂੰ ਰੈਪਿਡ ਐਂਟੀਜਨ ਟੈਸਟ ਕਿੱਟ ਮੁਹੱਈਆ ਕਰਾਵੇਗੀ ਜਿਹੜੇ ਹਾਈ ਰਿਸਕ ਹਨ। ਇਹ ਉਹ ਸਕੂਲ ਹੋਣਗੇ ਜਿੱਥੇ ਕੋਈ ਕੇਸ ਨਿਕਲੇ ਹੋਣਗੇ, ਆਊਟਬ੍ਰੇਕ ਹੋਇਆ ਹੋਵੇਗਾ ਜਾਂ ਜਿੱਥੇ ਨੇੜਲੀ ਕਮਿਊਨਿਟੀ ਵਿੱਚ ਕੋਵਿਡ-19 ਦੇ ਮਾਮਲੇ ਪਾਏ ਗਏ ਹੋਣਗੇ ਜਾਂ ਫਿਰ ਉਕਤ ਤਿੰਨੇ ਗੱਲਾਂ ਹੋਣਗੀਆਂ।

ਇਹ ਐਲਾਨ ਉਸ ਸਮੇਂ ਕੀਤਾ ਗਿਆ ਜਦੋਂ ਕੁੱਝ ਮਾਪਿਆਂ ਦੇ ਗਰੁੱਪਜ਼ ਨੇ ਰੈਪਿਡ ਟੈਸਟ ਕਿੱਟਸ




ਦੀ ਵਰਤੋਂ ਕਰਦਿਆਂ ਹੋਇਆਂ ਆਪਣੇ ਪੱਧਰ ਉੱਤੇ ਹੀ ਸਕੂਲਾਂ ਲਈ ਸਰਵੇਲੈਂਸ ਟੈਸਟਿੰਗ ਦਾ ਪ੍ਰਬੰਧ ਕਰ ਲਿਆ। ਇਸ ਤੋਂ ਬਾਅਦ ਹੀ ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ. ਕੀਰਨ ਮੂਰ ਵੱਲੋਂ ਇਹ ਐਲਾਨ ਕੀਤਾ ਗਿਆ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਫਰਡ ਸਰਕਾਰ ਨੇ ਦੋ ਏਜੰਸੀਆਂ ਨੂੰ ਇਹ ਕਿੱਟਾਂ ਹਰ ਕਿਸੇ ਨੂੰ ਨਹੀਂ ਸਿਰਫ ਕਾਰੋਬਾਰਾਂ ਨੂੰ ਹੀ ਦੇਣ ਲਈ ਆਖਿਆ ਸੀ। ਮੂਰ ਕਈ ਵਾਰੀ ਇਹ ਆਖ ਚੁੱਕੇ ਹਨ ਕਿ ਸਕੂਲਾਂ ਵਿੱਚ ਏਸਿੰਪਟੋਮੈਟਿਕ ਸਰਵੇਲੈਂਸ ਟੈਸਟਿੰਗ ਦੀ ਸਿਫਾਰਿਸ਼ ਨਹੀਂ ਕੀਤੀ ਗਈ ਤੇ ਨਾ ਹੀ ਇਹ ਕੋਈ ਪ੍ਰਭਾਵਸ਼ਾਲੀ ਟੂਲ ਹੈ।

## ਪੀਸੀ ਪਾਰਟੀ ਵੱਲੋਂ ਨਿਕੋਲਸ ਨੂੰ ਡਿਪਟੀ ਸਪੀਕਰ ਦੀ ਭੂਮਿਕਾ ਤੋਂ ਹਟਾਇਆ ਗਿਆ

ਟੋਰਾਂਟੋ, 7 ਅਕਤੂਬਰ (ਪੋਸਟ ਬਿਊਰੋ) : ਚਾਥਮ-ਕੈਂਟ-ਲੈਮਿੰਗਟਨ ਤੋਂ ਐਮਪੀਪੀ ਰਿੱਕ ਨਿਕੋਲਸ ਨੂੰ ਡਿਪਟੀ ਸਪੀਕਰ ਦੀ ਭੂਮਿਕਾ ਤੋਂ ਹਟਾ ਦਿੱਤਾ ਗਿਆ ਹੈ। ਉਹ ਪੂਰੇ ਸੱਤ ਸਾਲ ਇਸ ਅਹੁਦੇ ਉੱਤੇ ਬਣੇ ਰਹੇ। ਨਿਕੋਲਸ ਉਹੀ ਕੰਜ਼ਰਵੇਟਿਵ ਆਗੂ ਹਨ ਜਿਨ੍ਹਾਂ ਨੂੰ ਕੋਵਿਡ-19 ਵੈਕਸੀਨ ਲਵਾਉਣ ਤੋਂ ਇਨਕਾਰ ਕਰਨ ਤੋਂ ਬਾਅਦ ਓਨਟਾਰੀਓ ਪ੍ਰੋਗਰੈਸਿਵ ਕੰਜ਼ਰਵੇਟਿਵ ਕਾਕਸ ਤੋਂ ਬਾਹਰ ਕਰ ਦਿੱਤਾ ਗਿਆ ਸੀ। ਮੰਗਲਵਾਰ ਸਵੇਰੇ ਕੁਈਨਜ਼ ਪਾਰਕ ਵਿਖੇ ਨਿਕੋਲਸ ਨੇ ਐਲਾਨ ਕੀਤਾ ਕਿ ਉਹ ਅੱਜ ਦੀਆਂ ਤੇ ਅਤੀਤ ਦੀਆਂ ਘਟਨਾਵਾਂ ਤੋਂ ਬਾਅਦ ਆਪਣੇ ਅਹੁਦੇ ਤੋਂ ਪਾਸੇ ਹੋ ਰਹੇ ਹਨ। ਪਰ ਪ੍ਰੀਮੀਅਰ ਦੇ ਆਫਿਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਨਿਕੋਲਸ ਨੂੰ ਅਸਲ ਵਿੱਚ ਪਹਿਲਾਂ ਹੀ ਦਿਨ ਵੇਲੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ।

ਨਿਕੋਲਸ ਨੇ ਇਹ ਵੀ ਆਖਿਆ ਕਿ ਮੀਡੀਆ ਦੀਆਂ ਰਿਪੋਰਟਾਂ ਤੋਂ ਉਨ੍ਹਾਂ ਨੂੰ ਇਹ ਪਤਾ ਲੱਗਿਆ ਹੈ ਕਿ ਉਨ੍ਹਾਂ ਦੀ ਥਾਂ ਕੌਣ ਲੈ ਸਕਦਾ ਹੈ। ਉਨ੍ਹਾਂ ਆਖਿਆ



ਕਿ ਇੱਥੋਂ ਹੀ ਉਨ੍ਹਾਂ ਨੂੰ ਪਤਾ ਲੱਗਿਆ ਕਿ ਸਰਕਾਰ ਨੇ ਪਹਿਲਾਂ ਹੀ ਉਨ੍ਹਾਂ ਦਾ ਬਦਲ ਚੁਣ ਰੱਖਿਆ ਸੀ। ਉਨ੍ਹਾਂ ਇਹ ਵੀ ਆਖਿਆ ਕਿ ਉਹ ਸਬੰਧਤ ਸ਼ਖ਼ਸ ਨੂੰ ਜਾਣਦੇ ਹਨ ਤੇ ਉਸ ਨੂੰ ਸ਼ੁੱਭਕਾਮਨਾਵਾਂ ਦਿੰਦੇ ਹਨ।

ਸੋਮਵਾਰ ਨੂੰ ਹੀ ਇਹ ਕਨਸੋਆਂ ਸਨ ਕਿ ਨਿਕੋਲਸ ਨੂੰ ਹਟਾਉਣ ਲਈ ਵਿਧਾਨਸਭਾ ਵਿੱਚ ਮਤਾ ਪੇਸ਼ ਕੀਤਾ ਜਾਵੇਗਾ ਤੇ ਉਨ੍ਹਾਂ ਦੀ ਥਾਂ ਪੀਸੀ ਪਾਰਟੀ ਦੇ ਐਮਪੀਪੀ ਬਿੱਲ ਵਾਕਰ ਲੈਣਗੇ। ਨਿਕੋਲਸ ਨੂੰ ਅਗਸਤ ਵਿੱਚ ਹੀ ਪੀਸੀ ਕਾਕਸ ਤੋਂ ਬਾਹਰ ਕਰ ਦਿੱਤਾ ਗਿਆ ਸੀ ਜਦੋਂ ਉਨ੍ਹਾਂ ਇਹ ਖੁਲਾਸਾ ਕੀਤਾ ਸੀ ਕਿ ਉਨ੍ਹਾਂ ਨੇ ਤੇ ਉਨ੍ਹਾਂ ਦੀ ਪਤਨੀ ਨੇ ਨਿਜੀ ਕਾਰਨਾਂ ਕਰਕੇ ਟੀਕਾਕਰਣ ਨਾ ਕਰਵਾਉਣ ਦਾ ਫੈਸਲਾ ਕੀਤਾ ਹੈ। ਹੁਣ ਉਹ ਆਜ਼ਾਦ ਐਮਪੀਪੀ ਵਜੋਂ ਵਿਧਾਨਸਭਾ ਦੀ ਕਾਰਵਾਈ ਵਿੱਚ ਹਿੱਸਾ ਲੈਣਗੇ।

## ਉਸਾਰੀ ਅਧੀਨ ਘਰ ਵਿੱਚ ਲੱਗੀ ਅੱਗ

ਓਨਟਾਰੀਓ, 7 ਅਕਤੂਬਰ (ਪੋਸਟ ਬਿਊਰੋ) : ਨੌਰਥ ਯੌਰਕ ਵਿੱਚ ਉਸਾਰੀ ਅਧੀਨ ਇੱਕ ਘਰ ਵਿੱਚ ਅੱਗ ਲੱਗ ਗਈ। ਇਸ ਦੀ ਜਾਣਕਾਰੀ ਓਨਟਾਰੀਓ ਫਾਇਰ ਮਾਰਸ਼ਲ ਦੇ ਆਫਿਸ ਨੂੰ ਵੀ ਦਿੱਤੀ ਗਈ।

ਬੇਅਵਿਊ ਐਵਨਿਊ ਨੇੜੇ ਓਲਡ ਕੌਲਨੀ ਰੋਡ ਉੱਤੇ ਸਥਿਤ ਇਸ ਘਰ ਵਿੱਚ ਲੱਗੀ ਅੱਗ ਉੱਤੇ ਕਾਬੂ ਪਾਉਣ ਲਈ ਰਾਤੀਂ 10:00 ਵਜੇ ਦੇ ਨੇੜੇ ਤੇੜੇ ਤੁਰੰਤ ਐਮਰਜੰਸੀ ਸੇਵਾਵਾਂ ਨੂੰ ਸੱਦਿਆ ਗਿਆ। ਫਾਇਰਫਾਈਟਰਜ਼ ਵੱਲੋਂ ਅੱਗ ਦੀਆਂ ਤੇਜ਼



ਲਪਟਾਂ ਉੱਤੇ ਘਰ ਦੇ ਬਾਹਰੋਂ ਹੀ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਗਈ। ਇਸ ਦੌਰਾਨ ਇਸ ਘਰ ਦਾ ਇੱਕ ਹਿੱਸਾ ਵੀ ਢਹਿ ਗਿਆ। ਨਾਲ ਲੱਗਦੇ ਘਰਾਂ ਨੂੰ ਖਾਲੀ ਕਰਵਾਉਣ ਦੀ ਲੋੜ ਨਹੀਂ ਪਈ ਪਰ ਕੁੱਝ ਗੁਆਂਢੀਆਂ ਵੱਲੋਂ ਆਪਣੇ ਆਪ ਹੀ ਘਰ ਖਾਲੀ ਕਰ ਦਿੱਤੇ ਗਏ। ਬੜੀ ਮਸ਼ੱਕਤ ਤੋਂ ਬਾਅਦ ਅੱਗ ਉੱਤੇ ਕਾਬੂ ਪਾ ਲਿਆ ਗਿਆ। ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ।

## ਛੁਰੇਬਾਜ਼ੀ ਦੀ ਰਿਪੋਰਟ ਤੋਂ ਬਾਅਦ ਸਕੂਲ ਵਿੱਚ ਲਾਇਆ ਗਿਆ ਲਾਕਡਾਊਨ

ਟੋਰਾਂਟੋ, 5 ਅਕਤੂਬਰ (ਪੋਸਟ ਬਿਊਰੋ) : ਮੰਗਲਵਾਰ ਦੁਪਹਿਰ ਨੂੰ ਛੁਰੇਬਾਜ਼ੀ ਦੀਆਂ ਰਿਪੋਰਟਾਂ ਮਿਲਣ ਤੋਂ ਬਾਅਦ ਟੋਰਾਂਟੋ ਦੇ ਹਾਈ ਸਕੂਲ ਨੂੰ ਲਾਕਡਾਊਨ ਕਰ ਦਿੱਤਾ ਗਿਆ।

ਦੁਪਹਿਰ ਦੇ 1:40 ਉੱਤੇ ਕਥਿਤ ਛੁਰੇਬਾਜ਼ੀ ਦੀ ਰਿਪੋਰਟ ਦੇ ਕੇ ਪੁਲਿਸ ਨੂੰ ਹਾਈਵੇਅ 401 ਤੇ ਡੌਨ ਮਿੱਲਜ਼ ਰੋਡ ਨੇੜੇ ਜਾਰਜ ਐਸ. ਹੈਨਰੀ ਅਕੈਡਮੀ ਉੱਤੇ ਸੱਦਿਆ



ਗਿਆ। ਕੁੱਝ ਸਮੇਂ ਬਾਅਦ ਹੀ ਟੋਰਾਂਟੋ ਪੈਰਾਮੈਡਿਕਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਉਨ੍ਹਾਂ ਨੂੰ ਕੋਈ ਵੀ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਨਹੀਂ ਮਿਲਿਆ ਹੈ।

ਪੁਲਿਸ ਅਧਿਕਾਰੀ ਅਜੇ ਵੀ ਮੌਕੇ ਉੱਤੇ ਹੀ ਮੌਜੂਦ ਹਨ ਤੇ ਲਾਕਡਾਊਨ ਅਜੇ ਵੀ ਜਾਰੀ ਹੈ। ਖਬਰ ਲਿਖੇ ਜਾਣ ਤੱਕ ਹੋਰ ਵੇਰਵੇ ਹਾਸਲ ਨਹੀਂ ਸਨ ਹੋਏ।

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization



BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

## ਬ੍ਰਿਟੇਨ ਗਏ ਭਾਰਤੀਆਂ ਨੂੰ ਅੱਗੇ ਤੋਂ ਇਕਾਂਤਵਾਸ ਨਹੀਂ ਹੋਣਾ ਪਵੇਗਾ

ਲੰਡਨ, 7 ਅਕਤੂਬਰ, (ਪੋਸਟ ਬਿਊਰੋ)-ਭਾਰਤ ਸਰਕਾਰ ਵੱਲੋਂਸਖਤ ਸਟੈਂਡ ਲਏ ਜਾਣ ਪਿੱਛੋਂ ਬ੍ਰਿਟੇਨ ਦੀ ਸਰਕਾਰ ਨੂੰ ਝੁਕਣਾ ਪਿਆ ਹੈ ਤੇ ਉਸ ਨੇ ਨਰਮ ਰੁਖ ਧਾਰਨ ਕਰਦੇ ਹੋਏ ਇਕਾਂਤਵਾਸ ਨਿਯਮ ਬਦਲੇ ਹਨ। ਬ੍ਰਿਟੇਨ ਸਰਕਾਰ ਨੇ ਪੂਰੀ ਤਰ੍ਹਾਂ ਟੀਕਾਕਰਨ ਕਰਵਾ ਚੁੱਕੇ ਭਾਰਤੀ ਲੋਕਾਂ ਲਈ 11 ਅਕਤੂਬਰ ਤੋਂ ਇਕਾਂਤਵਾਸ ਦੇ ਨਿਯਮ ਹਟਾ ਦਿੱਤੇ ਹਨ। ਭਾਰਤਵਿੱਚ ਬ੍ਰਿਟਿਸ਼ ਹਾਈ ਕਮਿਸ਼ਨਰ ਐਲੇਕਸ ਐਲਿਸ ਨੇ ਇਸ ਬਾਰੇ ਜਾਣਕਾਰੀ ਦਿੱਤੀ ਹੈ।

ਇਸ ਸੰਬੰਧ ਵਿੱਚ ਬ੍ਰਿਟਿਸ਼ ਹਾਈ ਕਮਿਸ਼ਨਰ ਐਲੇਕਸ ਐਲਿਸ ਨੇ ਅੱਜ




ਵੀਰਵਾਰ ਐਲਾਨ ਕੀਤਾ ਕਿ ਬ੍ਰਿਟੇਨ ਨੇ ਭਾਰਤੀ ਯਾਤਰੀਆਂ ਨੂੰ ਛੋਟ ਦੇਣ ਦਾ ਫੈਸਲਾ ਕੀਤਾ ਹੈ ਤਾਂ ਜੋ ਕੋਵਿਸ਼ੀਲਡ ਜਾਂ ਬ੍ਰਿਟਿਸ਼ ਸਰਕਾਰ ਵੱਲੋਂ ਮਨਜ਼ੂਰ ਕਿਸੇ ਹੋਰਵੈਕਸੀਨ ਨਾਲ ਫੁਲੀ-ਵੈਕਸੀਨਿਟੇਡ ਭਾਰਤੀ ਲੋਕਾਂ ਨੂੰ 11 ਅਕਤੂਬਰ ਤੋਂ ਬ੍ਰਿਟੇਨਵਿੱਚਜਾਣ ਉੱਤੇ ਇਕਾਂਤਵਾਸ ਤੋਂ ਛੋਟ ਦਿੱਤੀ ਜਾਵੇਗੀ।ਅਸਲ ਵਿੱਚ ਬ੍ਰਿਟੇਨ ਨੇ ਕੋਵਿਡ ਕੇਸਾਂ ਕਾਰਨਤੱਕ ਫੁਲੀ ਵੈਕਸੀਨਿਟੇਡ ਭਾਰਤੀ ਲੋਕਾਂ ਨੂੰ ਵੀ 10 ਦਿਨ ਇਕਾਂਤਵਾਸਵਿੱਚਰੱਖਣ ਦਾ ਨਿਯਮ ਰੱਖਿਆ ਸੀ। ਭਾਰਤ ਦੇ ਕੋਵਿਡ-19 ਵੈਕਸੀਨ ਸਰਟੀਫਿਕੇਸ਼ਨ ਬਾਰੇ ਬ੍ਰਿਟੇਨ ਨੂੰ ਕੁਝ ਇਤਰਾਜ਼ ਸੀ। ਬ੍ਰਿਟੇਨ ਨੇ ਪਹਿਲਾਂ ਸੀਰਮ ਇੰਸਟੀਚਿਊਟ ਆਫ ਇੰਡੀਆ ਦੀ ਕੋਵਿਸ਼ੀਲਡ ਦੀ ਵੈਕਸੀਨ ਨੂੰ ਮਾਨਤਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ, ਪਰ ਭਾਰਤ ਦੇ ਸਖਤ ਰੁੱਖ ਪਿੱਛੋਂ ਇਸ ਨੇ 22 ਸਤੰਬਰ ਨੂੰ ਆਪਣੇ ਦਿਸ਼ਾ-ਨਿਰਦੇਸ਼ਵਿੱਚ ਬਦਲਾਅ ਕੀਤਾ ਅਤੇ ਵੈਕਸੀਨ ਨੂੰ ਸ਼ਾਮਲ ਕੀਤਾ ਗਿਆ ਹੈ।

## ਤਾਲਿਬਾਨ ਨੇ ਸੋਮਨਾਥ ਮੰਦਰ ਨੂੰ ਨੁਕਸਾਨ ਪਹੁੰਚਾਉਣ ਵਾਲੇ ਗਜ਼ਨਵੀ ਦੇ ਸੋਹਲੇ ਗਾਏ

ਕਾਬੁਲ, 7 ਅਕਤੂਬਰ (ਪੋਸਟ ਬਿਊਰੋ)- ਤਾਲਿਬਾਨ ਦੇ ਸੀਨੀਅਰ ਨੇਤਾ ਅਨਸ ਹੱਕਾਨੀ ਨੇ 11ਵੀਂ ਸਦੀ ਦੇ ਮੁਸਲਿਮ ਹਮਲਾਵਰ ਮਹਿਮੂਦ ਗਜ਼ਨਵੀ ਦੀ ਮੁਸਲਿਮ ਸਮਰਾਜ ਸਥਾਪਿਤ ਕਰਨ ਅਤੇ ਸੋਮਨਾਥ ਮੰਦਰ ਨੂੰ ਨੁਕਸਾਨ ਪਹੁੰਚਾਉਣ ਦੇ ਸੰਦਰਭ ਵਿੱਚ ਪ੍ਰਸ਼ੰਸਾ ਕੀਤੀ ਹੈ, ਜਿਸ ਤੋਂ ਹਰ ਕੋਈ ਹੈਰਾਨ ਹੈ। ਹੱਕਾਨੀ ਨੇ ਮਹਿਮੂਦ ਗਜ਼ਨਵੀ ਦੀ ਦਰਗਾਹ ਦਾ ਦੌਰਾ ਕਰਨ ਪਿੱਛੋਂ ਤਸਵੀਰਾਂ ਨਾਲ ਟਵੀਟ ਕੀਤਾ ਕਿ ਅੱਜ ਅਸੀਂ 10ਵੀਂ ਸਦੀ ਦੇ ਮੁਸਲਿਮ ਯੋਧਾ ਅਤੇ ਮੁਜਾਹਿਦ ਸੁਲਤਾਨ ਮਹਿਮੂਦ ਗਜ਼ਨਵੀ ਦੀ ਦਰਗਾਹ ਦਾ ਦੌਰਾ ਕੀਤਾ। ਗਜ਼ਨਵੀ ਨੇ ਇਸ ਖੇਤਰ ਵਿੱਚ ਇੱਕ ਮਜ਼ਬੂਤ ਮੁਸਲਿਮ ਸਮਰਾਜ ਸਥਾਪਤ ਕੀਤਾ ਅਤੇ ਸੋਮਨਾਥ ਮੰਦਰ ਨੂੰ ਤੋੜਿਆ। ਅਨਸ ਹੱਕਾਨੀ ਤਾਲਿਬਾਨ ਦੇ ਅੰਦਰੂਨੀ ਮੰਤਰੀ ਸਿਰਾਜੁਦੀਨ ਹੱਕਾਨੀ ਦਾ ਭਰਾ ਹੈ ਅਤੇ ਸਿਰਾਜੁਦੀਨ ਗਲੋਬਲ ਅੱਤਵਾਦੀਆਂ ਦੀ ਐਫ ਬੀ ਆਈ ਦੀ ਲੋੜੀਂਦੀ ਸੂਚੀ ਵਿੱਚ ਹੈ ਅਤੇ ਅਮਰੀਕਾ ਨੇ ਉਸ ਉੱਤੇ 50 ਲੱਖ ਡਾਲਰ ਦਾ ਇਨਾਮ ਰੱਖਿਆ ਹੈ। ਹੱਕਾਨੀ ਯੂ ਐੱਨ ਓ ਦੀ ਪਾਬੰਦੀਸ਼ੁਦਾ ਅੱਤਵਾਦੀਆਂ ਦੀ ਸੂਚੀ ਵਿੱਚ ਹੈ।ਤੁਰਕ ਵੰਸ਼ ਦੇ ਪਹਿਲੇ ਆਜ਼ਾਦ ਰਾਜਾ ਮਹਿਮੂਦ ਗਜ਼ਨਵੀ ਨੇ 998 ਤੋਂ 1030 ਈਸਵੀ ਤਕ ਰਾਜ ਕੀਤਾ ਸੀ। ਉਸ ਨੇ ਭਾਰਤ ਉੱਤੇ 17 ਵਾਰ ਹਮਲਾ ਕੀਤਾ ਅਤੇ ਸਾਲ 1024 ਵਿੱਚ ਭਗਵਾਨ ਸ਼ਿਵ ਦਾ ਸੋਮਨਾਥ ਮੰਦਰ ਤੋੜਿਆ ਸੀ। ਗਜ਼ਨਵੀ ਨੇ ਵਿਸ਼ੇਸ਼ ਤੌਰ ਉੱਤੇ ਹਿੰਦੂ ਮੰਦਰਾਂ ਨੂੰ ਨਿਸ਼ਾਨਾ ਬਣਾਇਆ ਕਿਉਂਕਿ ਓਦੋਂ ਭਾਰਤ ਵਿੱਚ ਮੰਦਰ ਹਿੰਦੂਆਂ ਲਈ ਧਨ, ਆਰਥਿਕਤਾ ਅਤੇ ਵਿਚਾਰਧਾਰਾ ਦੇ ਕੇਂਦਰ ਸਨ।

## ਅੱਜ ਨਾਮਾ

ਲਾਗੇ ਆ ਗਿਆ ਮੌਸਮ ਫਿਰ ਮੇਲਿਆਂ ਦਾ,
ਸਿਆਸਤ ਆਪਣੀ ਛਿੰਝ ਹੈ ਪਾਈ ਮੀਆਂ।
ਮਾਰੇ ਜਿੰਦਾਂ ਕਿਰਸਾਨ ਆ ਭਾਜਪਾਈਆਂ,
ਉਸ ਨੇ ਕੌੜ ਜਿਹੀ ਹੋਰ ਵਧਾਈ ਮੀਆਂ।
ਮੁਖੀਆ ਮੁਲਕ ਦਾ ਤੋੜਦਾ ਚੁੱਪ ਹੈ ਨਹੀਂ,
ਪੈਂਦੀ ਸੁਣਦਾ ਨਹੀਂ ਹਾਲ ਦੁਹਾਈ ਮੀਆਂ।
ਆਖਰ ਗੱਲ ਅਦਾਲਤ ਦੇ ਵਿੱਚ ਪਹੁੰਚੀ,
ਕਹਿੰਦੇ ਲੱਗੀ ਹੈ ਹੋਣ ਸੁਣਵਾਈ ਮੀਆਂ।
ਮਿਲਣਾ ਅਦਲ ਤਾਂ ਜਾਪਦਾ ਬਹੁਤ ਔਖਾ,
ਬਾਕੀ ਹੋਰ ਵੀ ਸੁੱਝਦਾ ਰਾਹ ਕੋਈ ਨਹੀਂ।
ਗੁੰਡੇ-ਚੋਰਾਂ ਦੀ ਚੌਧਰ ਜਿਹੀ ਚਹੁੰ ਪਾਸੇ,
ਲੱਭੇ ਲੋਕਾਂ ਦਾ ਖੈਰ-ਖਵਾਹ ਕੋਈ ਨਹੀਂ।

**ਤੀਸ ਮਾਰ ਖਾਂ**

# ਲਖੀਮਪੁਰ ਖੀਰੀ ਕੇਸ: ਕੇਂਦਰੀ ਮੰਤਰੀ ਦੇ ਪੁੱਤਰ ਨੂੰ ਤਲਬ ਕਰਨ ਲਈ ਪੁਲਸ ਨੇ ਘਰ ਮੂਹਰੇ ਨੋਟਿਸ ਚਿਪਕਾਇਆ

### * ਸੁਪਰੀਮ ਕੋਰਟ ਨੇ ਚੌਵੀ ਘੰਟਿਆਂ ਵਿੱਚ ਸਥਿਤੀ ਰਿਪੋਰਟ ਮੰਗੀ * ਮੰਤਰੀ ਪੁੱਤਰ ਫਰਾਰ, ਦੋ ਜੋੜੀਦਾਰ ਗ੍ਰਿਫਤਾਰ

ਨਵੀਂ ਦਿੱਲੀ, 7 ਅਕਤੂਬਰ, (ਪੋਸਟ ਬਿਊਰੋ)-ਪਿਛਲੇ ਐਤਵਾਰ ਨੂੰ ਲਖੀਮਪੁਰ ਖੇੜੀ ਵਿੱਚ ਹੋਈ ਹਿੰਸਾ ਦੇਕੇਸਵਿੱਚ ਅੱਜ ਵੀਰਵਾਰ ਨੂੰ ਸੁਪਰੀਮ ਕੋਰਟ ਦੀ ਸਖਤੀ ਤੋਂ ਬਾਅਦ 2 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਤੇ ਉੱਤਰ ਪ੍ਰਦੇਸ਼ ਪੁਲਿਸ ਨੇ ਇਸ ਘਟਨਾ ਦੇ ਮੁੱਖ ਦੋਸ਼ੀ ਅਤੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਦੇ ਪੁੱਤਰ ਅਸ਼ੀਸ਼ ਮਿਸ਼ਰਾ ਨੂੰ ਤਲਬ ਕਰ ਲਿਆ ਹੈ। ਪੁਲਿਸ ਨੇ ਅੱਜ ਇਕ ਨੋਟਿਸ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਦੇ ਸਰਕਾਰੀ ਘਰ ਦੇ ਗੇਟ ਸਾਹਮਣੇ ਮੰਤਰੀ ਦੀ ਸਰਕਾਰੀ ਨੇਮ-ਪਲੇਟ ਦੇ ਹੇਠਾਂ ਚਿਪਕਾ ਦਿੱਤਾ ਹੈ। ਲਖੀਮਪੁਰ-ਖੇੜੀ ਦੇ ਤਿਕੁਨੀਆ ਪਿੰਡਵਿੱਚ ਕਿਸਾਨਾਂ ਦੀ ਮੌਤ ਦੇ ਕੇਸਵਿੱਚ ਕੇਂਦਰੀ ਗ੍ਰਹਿ ਰਾਜ ਮੰਤਰੀ ਦੇ ਪੁੱਤਰ ਆਸ਼ੀਸ਼ ਮਿਸ਼ਰਾ ਨੂੰ ਮੁੱਖ ਦੋਸ਼ੀ ਬਣਾਇਆ ਗਿਆ ਹੈ। ਅੱਜ ਦੇ ਨੋਟਿਸ ਰਾਹੀਂ ਪੁਲਿਸ ਨੇ ਆਸ਼ੀਸ਼ ਨੂੰ ਪੁੱਛਗਿੱਛ ਲਈ ਪੇਸ਼ ਹੋਣ ਦੀ ਹਦਾਇਤ ਕੀਤੀ ਹੈ। ਕੇਂਦਰੀ ਗ੍ਰਹਿ ਰਾਜ ਮੰਤਰੀ ਦੇ ਘਰ ਅੱਗੇ ਅੱਜ ਚਿਪਕਾਏ ਗਏ ਨੋਟਿਸ ਵਿੱਚ ਉੱਤਰ ਪ੍ਰਦੇਸ਼ ਪੁਲਿਸ ਨੇ ਆਸ਼ੀਸ਼ ਮਿਸ਼ਰਾ ਨੂੰ ਇਸ ਘਟਨਾ ਨਾਲ ਜੁੜੇ ਤੱਥ ਰੱਖਣ ਲਈ ਜਾਂਚ ਕਮੇਟੀ ਦੇ ਸਾਹਮਣੇ ਪੇਸ਼ ਹੋਣ ਦੇ ਨਾਲ ਕਿਹਾ ਹੈ ਕਿ ਉਸ ਨੂੰ ਘਟਨਾ ਨਾਲ ਸਬੰਧਤ ਸਬੂਤ ਪੇਸ਼ ਕਰਨ ਲਈ ਪੇਸ਼ ਹੋਣਾ ਪਵੇਗਾ। ਲਖਨਊ ਜ਼ੋਨ ਦੇ ਆਈ ਜੀ ਲਕਸ਼ਮੀ ਸਿੰਘ ਨੇ ਅੱਜ ਵੀਰਵਾਰ ਨੂੰ ਦੱਸਿਆ ਕਿ ਆਸ਼ੀਸ਼ ਮਿਸ਼ਰਾ ਨੂੰ ਪੁੱਛਗਿੱਛ ਕਰਨ ਲਈ ਸੱਦਿਆ ਹੈ, ਪਰ ਜੇ ਉਹ ਨਾ ਆਇਆ ਤਾਂ ਕਾਨੂੰਨੀ



ਪ੍ਰਕਿਰਿਆ ਦੀ ਪਾਲਣਾ ਕੀਤੀ ਜਾਵੇਗੀ।ਇਹੀ ਨਹੀਂ, ਲਖੀਮਪੁਰ ਖੀਰੀ ਵਿਚ ਐਤਵਾਰ ਨੂੰ ਹੋਈ ਹਿੰਸਾ ਦੇ ਬਾਰੇ ਦਰਜ ਹੋਏ ਕੇਸ ਵਿਚ ਨਾਮਜ਼ਦ ਦੋ ਲੋਕਾਂ ਨੂੰ ਗ੍ਰਿਫਤਾਰ ਵੀ ਕਰ ਲਿਆ ਗਿਆ ਹੈ।

ਇਸ ਤੋਂ ਪਹਿਲਾਂ ਅੱਜ ਇਹ ਕੇਸ ਸੁਪਰੀਮ ਕੋਰਟ ਵਿੱਚ ਪਹੁੰਚ ਗਿਆ ਤੇ ਕੋਰਟ ਨੇ ਵਿਸ਼ੇਸ਼ ਸੁਣਵਾਈ ਦੇਦੌਰਾਨ ਉੱਤਰ ਪ੍ਰਦੇਸ਼ ਸਰਕਾਰ ਨੂੰ ਤਕੜੀ ਝਾੜ ਪਾਈ ਹੈ।ਭਾਰਤ ਦੇ ਚੀਫ ਜਸਟਿਸ ਐਨ ਵੀ ਰਾਮੰਨਾ, ਜਸਟਿਸ ਸੂਰੀਆਕਾਂਤ ਤੇ ਜਸਟਿਸ ਹਿਮਾ ਕੋਹਲੀ ਦੇ ਬੈਂਚ ਨੇ ਕੇਸ ਦੀ ਸੁਣਵਾਈ ਮੌਕੇਯੂ ਪੀ ਸਰਕਾਰ ਨੂੰ ਚੌਵੀ ਘੰਟੇ ਵਿੱਚ ਇਹ ਰਿਪੋਰਟ ਦੇਣ ਨੂੰ ਕਿਹਾ ਹੈ ਕਿ ਇਸ ਕੇਸਵਿੱਚ ਕੋਈ ਵੀ ਦੋਸ਼ੀ, ਜਿਸ ਵਿਰੁੱਧ ਕੇਸ ਦਰਜ ਹੈ, ਗ੍ਰਿਫਤਾਰ ਕੀਤਾ ਹੈਕਿ ਨਹੀਂ। ਉੱਤਰ ਪ੍ਰਦੇਸ਼ ਸਰਕਾਰ ਨੇ ਅੱਜ ਸੁਪਰੀਮ ਕੋਰਟ ਨੂੰ ਦੱਸਿਆ ਕਿ ਇਸ ਕੇਸ ਬਾਰੇ ਇੱਕਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਬਣਾਈ ਅਤੇ ਇੱਕ ਮੈਂਬਰੀ ਜੁਡੀਸ਼ਲ ਜਾਂਚ ਕਮਿਸ਼ਨ ਵੀ ਬਣਾਇਆ ਹੈ, ਜਿਹੜਾ ਮੁਕੰਮਲ ਜਾਂਚ ਕਰੇਗਾ।

ਸੁਪਰੀਮ ਕੋਰਟ ਨੇ ਉੱਤਰ ਪ੍ਰਦੇਸ਼ ਸਰਕਾਰ ਨੂੰ ਆਦੇਸ਼ ਦਿੱਤਾ ਕਿ ਲਖੀਮਪੁਰ ਖੀਰੀ ਹਿੰਸਾ ਵਿੱਚ ਆਪਣਾ ਪੁੱਤਰ ਗੁਆ ਚੁੱਕੀ ਲਵਪ੍ਰੀਤ ਸਿੰਘ ਦੀ ਬਿਮਾਰ ਮਾਂ ਦੇ ਤੁਰੰਤ ਇਲਾਜ ਦਾ ਪ੍ਰਬੰਧ ਕੀਤੇ ਜਾਣ। ਕੋਰਟ ਨੇ ਰਾਜ ਦੀ ਸਰਕਾਰ ਤੋਂ ਸਟੇਟਸ ਰਿਪੋਰਟ ਵਿੱਚ ਹਾਈ ਕੋਰਟ ਵਿੱਚ ਪੈਂਡਿੰਗ ਜਨਹਿਤ ਪਟੀਸ਼ਨ ਬਾਰੇ ਵੀ ਪੁੱਛਿਆ ਹੈ।ਚੀਫ ਜਸਟਿਸ ਰਾਮੰਨਾ ਨੇ ਕਿਹਾ, 'ਦੋ ਵਕੀਲਾਂ ਨੇ ਮੰਗਲਵਾਰ ਅਦਾਲਤ ਨੂੰ ਪੱਤਰ ਲਿਖਿਆ ਸੀ, ਜਿਸ ਪਿੱਛੋਂ ਅਸੀਂ ਆਪਣੀ ਰਜਿਸਟਰੀ ਨੂੰ ਇਸ ਪੱਤਰ ਨੂੰ ਜਨਹਿੱਤ ਪਟੀਸ਼ਨ ਮੰਨਣ ਦੇ ਨਿਰਦੇਸ਼ ਦਿੱਤੇ ਸਨ, ਕਿਸੇ ਗਲਤਫਹਿਮੀ ਕਾਰਨ ਇਸ ਨੂੰ ਆਪਣੇ ਆਪ ਨੋਟਿਸ ਲੈਣਾ ਸਮਝ ਲਿਆ ਗਿਆ ਸੀ।ਦੂਸਰੇ ਪਾਸੇ ਲਖੀਮਪੁਰ ਖੀਰੀ ਹਿੰਸਾਵਿੱਚ ਅੱਠ ਲੋਕਾਂ ਦੀ ਮੌਤ ਦੇ ਕੇਸ ਵਿੱਚ ਪੁਲਿਸ ਨੇ ਦੋ ਦੋਸ਼ੀ ਗ੍ਰਿਫਤਾਰ ਕੀਤੇ ਅਤੇ ਤਿੰਨ ਜਣਿਆਂ ਨੂੰ ਪੁੱਛਗਿੱਛ ਲਈ ਹਿਰਾਸਤ ਵਿੱਚ ਲਿਆ ਦੱਸਿਆ ਹੈ।

# ਲਖੀਮਪੁਰ ਖੀਰੀ ਜਾਂਦੇ ਨਵਜੋਤ ਸਿੱਧੂ ਤੇ ਕਈ ਮੰਤਰੀ ਯੂ ਪੀ ਪੁਲਸ ਨੇ ਹਿਰਾਸਤ ਵਿੱਚ ਲਏ

### * ਬਾਅਦ ਵਿੱਚ ਲਖੀਮਪੁਰ ਜਾਣ ਦੀ ਇਜਾਜ਼ਤ ਦੇ ਦਿੱਤੀ ਗਈ

ਸ਼ਾਹਜਹਾਂਪੁਰ (ਉਤਰ ਪ੍ਰਦੇਸ਼), 7 ਅਕਤੂਬਰ, (ਪੋਸਟ ਬਿਊਰੋ)-ਬੀਤੇ ਐਤਵਾਰ ਦੀ ਹਿੰਸਾ ਦੇ ਬਾਅਦ ਭਖੇ ਹੋਏ ਮਾਹੌਲ ਵਿੱਚ ਲਖੀਮਪੁਰ ਖੇੜੀ ਲਈ ਪੰਜਾਬ ਕਾਂਗਰਸ ਵੱਲੋਂਕੀਤੇ ਗਏ ਮਾਰਚ ਨੂੰ ਉੱਤਰ ਪ੍ਰਦੇਸ਼ ਪੁਲਿਸ ਨੇ ਅੱਜ ਆਪਣੇ ਰਾਜ ਦੀ ਸਰਹੱਦ ਉੱਤੇ ਰੋਕ ਲਿਆ, ਪਰ ਕੁਝ ਘੰਟਿਆਂ ਬਾਅਦ ਅੱਗੇ ਜਾਣ ਦੀ ਇਜਾਜ਼ਤ ਦੇ ਦਿੱਤੀ।




ਪਹਿਲਾਂ ਜਦੋਂ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਅਗਵਾਈ ਪੰਜਾਬ ਦੀ ਕਾਂਗਰਸ ਦਾ ਕਾਫਲਾਯੂ ਪੀ ਸਰਹੱਦ ਉੱਤੇ ਪਹੁੰਚਿਆ ਤਾਂ ਯੂ ਪੀ ਪੁਲਿਸ ਨੇ ਉਸ ਨੂੰ ਰੋਕ ਕੇ ਨਵਜੋਤ ਸਿੰਘ ਸਿੱਧੂਅਤੇ ਪੰਜਾਬ ਦੇ ਕਈ ਮੰਤਰੀਆਂ ਅਤੇ ਆਗੂਆਂਨੂੰ ਹਿਰਾਸਤ ਵਿੱਚ ਲੈ ਲਿਆ ਹੈ।ਨਵਜੋਤ ਸਿੰਘ ਸਿੱਧੂ ਅਤੇ ਹੋਰ ਕਾਂਗਰਸੀ ਆਗੂਆਂਨੇ ਪੁਲਿਸ ਵੱਲੋਂਰੋਕੇ ਜਾਣ ਦੇ ਵਿਰੁੱਧ ਸ਼ਾਹਜਹਾਂਪੁਰ ਚੌਕੀਵਿੱਚ ਧਰਨਾ ਲਾ ਲਿਆ। ਇਸ ਧਰਨੇ ਵਿੱਚ ਨਵਜੋਤ ਸਿੰਘਸਿੱਧੂ ਨਾਲ ਮੰਤਰੀ ਵਿਜੈਇੰਦਰ ਸਿੰਗਲਾ, ਰਾਜ ਕੁਮਾਰ ਵੇਰਕਾ, ਪਰਗਟ ਸਿੰਘ,ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਗੁਰਕੀਰਤ ਕੋਟਲੀ ਤੇ ਵਿਧਾਇਕਬਲਵਿੰਦਰ ਸਿੰਘ ਲਾਡੀ, ਮਦਨ ਲਾਲ ਜਲਾਲਪੁਰ, ਪੰਜਾਬ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਕੁਲਜੀਤ ਸਿੰਘ ਨਾਗਰਾ ਸਨ।ਨਵਜੋਤ ਸਿੰਘਸਿੱਧੂ ਤੇ ਪੰਜਾਬ ਦੇ ਮੰਤਰੀਆਂ ਤੇ ਵਿਧਾਇਕਾਂ ਨੂੰ ਸਹਾਰਨਪੁਰ ਦੇ ਸਰਸ-ਾਵਾ ਥਾਣੇਵਿੱਚ ਕਰੀਬ 4 ਘੰਟੇ ਹਿਰਾ-ਸਤਵਿੱਚ ਰੱਖਣ ਪਿੱਛੋਂ ਉੱਤਰ ਪ੍ਰਦੇਸ਼ ਪੁਲਸ ਨੇ ਲਖੀਮਪੁਰਵਿੱਚ ਪੀੜਤ ਪਰਿਵਾਰਾਂ ਨੂੰ ਮਿਲਣ ਜਾਣ ਦੀ ਇਜਾਜ਼ਤ ਦੇ ਦਿੱਤੀ ਹੈ। ਪੁਲਸ ਤੇ ਨਵਜੋਤ ਸਿੰਘਸਿੱਧੂਵਿਚਾਲੇ ਸਹਿਮਤੀ ਬਣੀ ਕਿ 20-25 ਲੋਕਾਂ ਦਾ ਵਫ਼ਦ ਲਖੀਮਪੁਰ ਜਾਵੇਗਾ।ਸਿੱਧੂ ਤੇ ਮੰਤਰੀਆਂ ਨੂੰ ਆਪਣੀਆਂ ਗੱਡੀਆਂ ਰਾਹੀਂ ਲਖੀਮਪੁਰ ਜਾਣ ਦੀ ਇਜਾਜ਼ਤ ਮਿਲੀ ਹੈ, ਪਰਵਰਕਰ ਨਾਲ ਨਹੀਂ ਗਏ।

ਵਰਨਣ ਯੋਗ ਹੈ ਕਿ ਨਵਜੋਤਸਿੱਧੂ ਦੀ ਅਗਵਾਈਵਿੱਚ ਲਖੀਮਪੁਰ ਖੀਰੀ ਨੂੰਜਾਂਦੇ ਪੰਜਾਬ ਕਾਂਗਰਸ ਦੇ ਕਾਫਲੇ ਨੂੰ ਹਰਿਆਣਾ-ਯੂ ਪੀ ਬਾਰਡਰ ਉੱਤੇ ਰੋਕੇ ਜਾਣ ਉੱਤੇ ਨਵਜੋਤ ਸਿੰਘਸਿੱਧੂ ਦੀ ਪੁਲਸ ਨਾਲ ਬਹਿਸ ਹੋਈ ਤਾਂ ਉਨ੍ਹਾਂ ਨੂੰ ਹਿਰਾਸਤਵਿੱਚ ਲੈ ਕੇ ਸਹਾਰਨਪੁਰ ਦੇ ਸਰਸਾਵਾ ਥਾਣੇਲਿਜਾਇਆ ਗਿਆ ਸੀ। ਗ੍ਰਿਫ਼ਤਾਰੀ ਵੇਲੇ ਨਵਜੋਤ ਸਿੰਘ ਸਿੱਧੂ ਨੇ ਐਲਾਨ ਕੀਤਾ ਕਿ ਜੇ ਉਨ੍ਹਾਂ ਨੂੰ ਇਥੇ ਰੋਕਿਆ ਤਾਂ ਉਹ ਇਥੇ ਭੁਖ ਹੜਤਾਲ ਸ਼ੁਰੂ ਕਰ ਦੇਣਗੇ।ਉਨ੍ਹਾ ਕਿਹਾ ਕਿ ਉਹ ਏਥੋਂ ਇੱਕ ਇੰਚ ਪਿੱਛੇ ਨਹੀਂ ਹਟਣਗੇ ਤੇ ਅੱਗੇ ਹੀ ਜਾਣਗੇ।ਉਨ੍ਹਾ ਨੇ ਕਿਹਾ ਕਿ ਦੇਸ਼ ਵਿੱਚਦੋਸ਼ੀ ਸ਼ਰੇਆਮ ਘੁੰਮਦੇ ਹਨ। ਕੇਂਦਰੀ ਮੰਤਰੀ ਦਾ ਪੁੱਤਰ ਗ੍ਰਿਫ਼ਤਾਰ ਨਹੀਂ ਕੀਤਾ ਜਾਂਦਾ ਅਤੇ ਰੋਸ ਕਰਨ ਵਾਲਿਆਂ ਨੂੰ ਪੁਲਸ ਫੜੀ ਜਾਂਦੀ ਹੈ।

# ਭਾਜਪਾ ਦੀ ਰਾਸ਼ਟਰੀ ਕਾਰਜਕਾਰਨੀ ਵਿੱਚੋਂ ਮੇਨਕਾ ਗਾਂਧੀ ਅਤੇ ਉਸ ਦਾ ਪੁੱਤਰ ਕੱਢੇ ਗਏ

### * ਸੁਬਰਾਮਨੀਅਮ ਸਵਾਮੀ ਵੀ ਵਿਰੋਧੀ ਸੁਰਾਂ ਕਾਰਨ ਕੱਢਿਆ ਗਿਆ * ਵਰੁਣ ਗਾਂਧੀ ਫਿਰ ਬੋਲਿਆ: ਹੱਤਿਆ ਨਾਲ ਵਿਰੋਧ ਨਹੀਂ ਦਬਾ ਸਕਦੇ

ਨਵੀਂ ਦਿੱਲੀ, 7 ਅਕਤੂਬਰ, (ਪੋਸਟ ਬਿਊਰੋ)-ਪਹਿਲਾਂ ਤਿੰਨ ਖੇਤੀ ਬਿੱਲਾਂ ਵਿਰੁੱਧ ਚੱਲਦੇ ਕਿਸਾਨ ਅੰਦੋਲਨ ਅਤੇ ਫਿਰ ਬੀਤੇ ਐਤਵਾਰ ਨੂੰ ਲਖੀਮਪੁਰ ਖੀਰੀ ਵਿੱਚ ਹੋਈ ਹਿੰਸਾ ਕਾਰਨ ਆਪਣੀ ਪਾਰਟੀ ਤੇ ਸਰਕਾਰਵਿਰੁੱਧ ਅਸਿੱਧੇ ਸਵਾਲ ਖੜੇ ਕਰਨ ਕਰ ਕੇ ਪੀਲੀਭੀਤ ਦੇ ਪਾਰਲੀਮੈਂਟ ਮੈਂਬਰ ਵਰੁਣ ਗਾਂਧੀ ਭਾਜਪਾ ਦੀ ਰਾਸ਼ਟਰੀ ਕਾਰਜਕਾਰਨੀਕੱਢ ਦਿੱਤਾ ਗਿਆ ਹੈ। ਉਨ੍ਹਾਂ ਦੀ ਪਾਰਲੀਮੈਂਟ ਮੈਂਬਰ ਮਾਂ ਮੇਨਕਾ ਗਾਂਧੀ, ਜਿਹੜੀ ਕੇਂਦਰੀ ਮੰਤਰੀ ਰਹਿ ਚੁੱਕੀ ਹੈ ਤੇ ਉਨ੍ਹਾਂ ਦੇ ਨਾਲ ਬੜਬੋਲੇ ਰਾਜ ਸਭਾ ਮੈਂਬਰ ਸੁਬਰਾਮਣੀਅਮ ਸਵਾਮੀ ਨੂੰ ਵੀ ਕੱਢ ਦਿੱਤਾ ਹੈ, ਪਰਔਖੇ ਹਾਲਾਤਵਿੱਚਪੱਛਮ ਬੰਗਾਲਵਿੱਚ ਭਾਜਪਾ ਦਾ ਝੰਡਾ ਫੜਨ ਵਾਲੇ ਐਕਟਰ ਮਿਠੁਨ ਚੱਕਰਵਰਤੀ ਅਤੇ ਦਿਨੇਸ਼ ਤ੍ਰਿਵੇਦੀ ਵਰਗੇ ਨਵੇਂ ਲੋਕਾਂ ਨੂੰ ਕਾਰਜਕਾਰਨੀ ਵਿੱਚ ਥਾਂ ਦਿੱਤੀ ਗਈ ਹੈ। ਕੇਂਦਰੀ ਮੰਤਰੀ ਸਮ੍ਰਿਤੀ ਈਰਾਨੀ ਦੀ ਭਾਜਪਾ ਕਾਰਜਕਾਰਨੀਵਿੱਚ ਫਿਰ ਵਾਪਸੀ ਹੋ ਗਈ ਹੈ।



ਵਰਨਣ ਯੋਗ ਹੈ ਕਿ ਲਗਪਗ ਸਵਾ ਸਾਲ ਪਹਿਲਾਂ ਵੱਡੇ ਫੇਰਬਦਲ ਕਰਕੇ ਭਾਜਪਾ ਦੀ ਨਵੀਂ ਟੀਮ ਬਣਾਉਣ ਵਾਲੇ ਕੌਮੀ ਪ੍ਰਧਾਨ ਜਗਤ ਪ੍ਰਕਾਸ਼ ਨੱਡਾ ਨੇ ਅੱਜ ਵੀਰਵਾਰ ਨੂੰ ਰਾਸ਼ਟਰੀ ਕਾਰਜਕਾਰਨੀ ਦਾ ਮੁੜ ਗਠਨ ਕੀਤਾ ਹੈ। ਇਸ ਐਲਾਨ ਤੋਂ ਕੁਝ ਸਮਾਂ ਪਹਿਲਾਂ ਪੀਲੀਭੀਤ ਤੋਂ ਭਾਜਪਾ ਪਾਰਲੀਮੈਂਟ ਮੈਂਬਰ ਵਰੁਣ ਗਾਂਧੀ ਨੇ ਲਖੀਮਪੁਰ ਖੀਰੀ ਦੀ ਹਿੰਸਕ ਘਟਨਾ ਦੇ ਵਿਰੁੱਧ ਵੀਡੀਓ ਟਵੀਟ ਕੀਤਾ ਅਤੇ ਅਸਿੱਧੇ ਰੂਪਵਿੱਚ ਸੰਦੇਸ਼ ਦਿੱਤਾ ਸੀ ਕਿ ਜੇ ਦੋਸ਼ੀਆਂ ਵਿਰੁੱਧ ਕਾਰਵਾਈ ਨਾ ਹੋਈ ਤਾਂ ਲੋਕਾਂਵਿੱਚ ਸਰਕਾਰ ਦਾ ਹੰਕਾਰ ਬੈਠ ਜਾਵੇਗਾ।ਪਾਰਟੀ ਸੂਤਰਾਂ ਮੁਤਾਬਕ ਵਰੁਣ ਗਾਂਧੀ ਤੇ ਉਸ ਦੀ ਮਾਂ ਮੇਨਕਾ ਗਾਂਧੀ ਨੂੰ ਬਾਹਰ ਕੱਢੇ ਜਾਣ ਦੇ ਹੋਰ ਕਾਰਨ ਵੀ ਹਨ, ਪਰ ਉਨ੍ਹਾਂ ਦੋਵਾਂ ਨੂੰ ਕਾਰਜਕਾਰਨੀ ਵਿੱਚੋਂ ਕੱਢੇ ਜਾਣ ਨੂੰ ਲਖੀਮਪੁਰ ਖੀਰੀ ਮਾਮਲੇ ਵਿੱਚ ਵਿਰੋਧੀ ਸੁਰਾਂ ਕੱਢਣਾ ਗਿਣਿਆ ਗਿਆ ਹੈ।

ਲਖੀਮਪੁਰ ਖੀਰੀਵਿੱਚ ਤਿੰਨ ਅਕਤੂਬਰ ਨੂੰ ਹੋਈ ਹਿੰਸਕ ਘਟਨਾ ਪਿੱਛੋਂ ਵਰੁਣਾ ਗਾਂਧੀ ਅਜੇ ਤੱਕ ਵੀ ਕਿਸਾਨਾਂ ਦੇ ਪੱਖਵਿੱਚ ਲਗਾਤਾਰ ਟਵੀਟ ਕਰ ਰਹੇ ਹਨ।ਉਨ੍ਹਾਂ ਨੇ ਅੱਜ ਫਿਰਇੱਕ ਵੀਡੀਓ ਟਵੀਟ ਕਰਕੇ ਹਿੰਸਾ ਦੇ ਦੋਸ਼ੀਆਂ ਵਿਰੁੱਧ ਕਾਰਵਾਈ ਕਰਨ ਅਤੇ ਉਨ੍ਹਾਂ ਨੂੰ ਸਜ਼ਾ ਦਿਵਾਉਣ ਦੀ ਮੰਗ ਕੀਤੀ ਹੈ।ਵਰੁਣ ਗਾਂਧੀ ਨੇ ਲਿਖਿਆ ਹੈ ਕਿ ਇਸ ਘਟਨਾ ਦੀ ਵੀਡੀਓਵਿੱਚ ਸਭ ਕੁਝ ਸਾਫ਼ ਹੈ। ਉਨ੍ਹਾਂ ਲਿਖਿਆ ਹੈ ਕਿ ਵਿਰੋਧ ਕਰਨ ਵਾਲਿਆਂ ਦੇ ਕਤਲ ਕਰਕੇ ਉਨ੍ਹਾਂ ਨੂੰ ਚੁੱਪ ਨਹੀਂ ਕਰਾਇਆ ਜਾ ਸਕਦਾ, ਬੇਗੁਨਾਹਾਂ ਦਾ ਖ਼ੂਨ ਵਗਾਉਣ ਵਾਲਿਆਂ ਦੀ ਜਵਾਬਦੇਹੀ ਤੈਅ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਕਿ ਲੋਕਾਂ ਦੇ ਮਨਵਿੱਚ ਸਰਕਾਰ ਪ੍ਰਤੀ ਜ਼ੁਲਮ ਦਾ ਸੰਦੇਸ਼ ਜਾਵੇ, ਉਨ੍ਹਾਂ ਨਾਲ ਨਿਆਂ ਹੋਣਾ ਚਾਹੀਦਾ ਹੈ। ਵਰੁਣ ਗਾਂਧੀ ਨੇ ਲਿਖਿਆ, 'ਲਖੀਮਪੁਰ ਖੀਰੀਵਿੱਚ ਕਿਸਾਨਾਂ ਉੱਤੇਜ਼ੁਲਮ ਦੀ ਘਟਨਾਦੇ ਕੇਸਵਿੱਚਦੋਸ਼ੀ ਲੋਕਾਂ ਤੇ ਹੋਰ ਸ਼ੱਕੀਆਂ ਤੇਸਾਜ਼ਿਸ਼ ਘੜਨ ਵਾਲਿਆਂ ਦੀ ਗ੍ਰਿਫ਼ਤਾਰੀ ਕਦੋਂ ਹੋਵੇਗੀ, ਗ੍ਰਿਫ਼ਤਾਰੀ ਨਾ ਹੋਣਾ ਨਾਗਰਿਕਾਂ ਦੇ ਮਨਵਿੱਚ ਸ਼ੰਕਾ ਪੈਦਾ ਕਰ ਰਿਹਾ ਹੈ। ਦੇਸ਼ਵਿੱਚ ਕਾਨੂੰਨ ਤੋਂ ਉੱਪਰ ਕੁਝ ਨਹੀਂ ਹੈ।

# ਮਮਤਾ ਬੈਨਰਜੀ ਵੱਲੋਂ ਰਾਜਸੀ ਅਗਵਾਈ ਦੀ ਝੰਡੀ ਚੁੱਕਣ ਦਾ ਸੰਕੇਤ

### * ਕਾਂਗਰਸ ਤੋਂ ਕੁਝ ਨਹੀਂ ਹੋਣਾ, ਭਾਜਪਾ ਨੂੰ ਅਸੀਂ ਟੱਕਰ ਦੇਵਾਂਗੇ : ਮਮਤਾ

ਕੋਲਕਾਤਾ, 7 ਅਕਤੂਬਰ, (ਪੋਸਟ ਬਿਊਰੋ)-ਬੰਗਾਲ ਵਿਧਾਨ ਸਭਾ ਚੋਣਾਂਵਿੱਚ ਤਿਣਮੂਲ ਕਾਂਗਰਸ (ਟੀ ਐੱਮ ਸੀ) ਦੀ ਵੱਡੀ ਜਿੱਤ ਅਤੇ ਪਿਛਲੇ ਐਤਵਾਰ ਭਵਾਨੀਪੁਰ ਵਿਧਾਨ ਸਭਾ ਉੱਪ ਚੋਣਵਿੱਚ ਖ਼ੁਦਰਿਕਾਰਡ ਵੋਟਾਂ ਨਾਲ ਜਿੱਤਣ ਮਗਰੋਂਪੱਛਮੀ ਬੰਗਾਲ ਦੀਮੁੱਖ ਮੰਤਰੀ ਮਮਤਾ ਬੈਨਰਜੀ ਤਕੜੇ ਆਤਮ ਵਿਸ਼ਵਾਸ ਵਿੱਚ ਹੈ। ਅੱਜ ਉਸ ਨੇਆਪਣੀ ਪਾਰਟੀ ਦੇ ਮੁੱਖ ਪੱਤਰਵਿੱਚ ਲੇਖ ਲਿਖ ਕੇ ਆਪਣੀ ਪਾਰਟੀ ਟੀ ਐੱਮ ਸੀ ਨੂੰ ਕਾਂਗਰਸ ਤੋਂ ਵੱਧ ਪ੍ਰਭਾਵਸ਼ਾਲੀ ਦੱਸ ਕੇ ਲਿਖਿਆ ਹੈ ਕਿ ਕਾਂਗਰਸ ਤੋਂ ਕੁਝ ਨਹੀਂ ਹੋਣਾ, ਭਾਜਪਾ ਨੂੰ ਸਿਰਫ਼ ਟੀ ਐੱਮ ਸੀ ਟੱਕਰ ਦੇਵੇਗੀ।



ਮਮਤਾ ਬੈਨਰਜੀ ਨੇ ਆਪਣੀ ਪਾਰਟੀ ਦੇ ਅਖਬਾਰ 'ਜਾਗੋ ਬਾਂਗਲਾ' ਦੇ ਦੁਰਗਾ ਪੂਜਾ ਵਿਸ਼ੇਸ਼ ਅੰਕਵਿੱਚਲੇਖ ਲਿਖ ਕੇ ਕਿਹਾ ਹੈ:'ਦੇਸ਼ ਦੇ ਲੋਕਾਂ ਨੇ ਫਾਸ਼ੀਵਾਦੀ ਭਗਵਾ ਪਾਰਟੀ ਨੂੰ ਹਟਾ ਕੇ ਨਵਾਂ ਭਾਰਤ ਬਣਾਉਣ ਦੀ ਜ਼ਿੰਮੇਵਾਰੀ ਟੀ ਐੱਮ ਸੀ ਉੱਤੇ ਪਾ ਦਿੱਤੀ ਹੈ।ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂਵਿੱਚ ਭਾਜਪਾ ਖ਼ਿਲਾਫ਼ ਸ਼ਾਨਦਾਰ ਜਿੱਤ ਪਿੱਛੋਂਟੀ ਐੱਮ ਸੀ ਨੇ ਦੇਸ਼ ਦੇ ਲੋਕਾਂ ਦਾ ਭਰੋਸਾ ਜਿੱਤਿਆ ਹੈ।' ਇਸ ਲੇਖ ਦਾ ਸਿਰਲੇਖ 'ਦਿੱਲੀ ਆਰ ਡਾਕ'ਦਿੱਤਾ ਗਿਆ ਹੈ, ਜਿਸ ਦਾ ਮਤਲਬ 'ਇਸ ਦੇ ਬਾਅਦਦਿੱਲੀ ਚੱਲੋ' ਹੈ।ਮਮਤਾ ਬੈਨਰਜੀ ਨੇ ਲਿਖਿਆ ਹੈ ਕਿ 'ਅਸੀਂ ਕਦੇ ਕਾਂਗਰਸ ਨੂੰ ਵੱਖ ਨਹੀਂ ਰੱਖਦੇ, ਪਰ ਹਕੀਕਤ ਇਹ ਹੈ ਕਿ ਬੀਤੇ ਦਿਨਾਂਵਿੱਚ ਭਾਜਪਾਖ਼ਿਲਾਫ਼ ਲੜਾਈ ਵਿੱਚ ਉਹ ਅਸਫਲ ਰਹੀ ਹੈ। ਪਿਛਲੀਆਂ ਦੋ ਲੋਕ ਸਭਾ ਚੋਣਾਂਵਿੱਚਸਾਬਤ ਹੋ ਗਿਆ ਕਿ ਜੇ ਤੁਸੀਂ ਕੇਂਦਰਦੀ ਲੜਾਈ ਨਾ ਲੜ ਸਕੋਤਾਂ ਲੋਕਾਂ ਦਾ ਭਰੋਸਾ ਟੁੱਟ ਜਾਂਦਾ ਹੈ। ਭਾਜਪਾ ਨੂੰ ਰਾਜਾਂਵਿੱਚ ਕੁਝ ਹੋਰ ਵੋਟ ਮਿਲੇ, ਪਰ ਅਸੀਂ ਇਸ ਵਾਰ ਏਦਾਂ ਨਹੀਂ ਹੋਣ ਦੇਵਾਂਗੇ।' ਮਮਤਾ ਨੇ ਲਿਖਿਆ ਕਿ 'ਭਾਜਪਾ ਬੰਗਾਲ ਵਿਧਾਨ ਸਭਾ ਚੋਣਾਂਵਿੱਚ ਆਪਣੀ ਹਾਰ ਨੂੰ ਹਜ਼ਮ ਕਰਨਵਿੱਚ ਅਸਫਲ ਰਹੀ ਹੈ। ਉਹ ਬਦਲੇ ਦੀ ਸਿਆਸਤ ਕਰ ਰਹੀ ਹੈ।ਟੀ ਐੱਮ ਸੀ ਸਾਹਮਣੇ ਇਕ ਨਵੀਂ ਚੁਣੌਤੀ ਹੈ ਦਿੱਲੀ ਦਾ ਸੱਦਾ। ਦੇਸ਼ ਦੇ ਲੋਕ ਜਨ ਵਿਰੋਧੀ ਨੀਤੀਆਂ ਤੋਂ ਰਾਹਤ ਚਾਹੁੰਦੇ ਹਨ ਤੇ ਸਿਆਸਤ ਤੇ ਫਾਸ਼ੀਵਾਦੀ ਤਾਕਤਾਂ ਦੀ ਬੁਰੀ ਤਰ੍ਹਾਂ ਹਾਰ ਦੀ ਉਡੀਕ ਕਰਦੇ ਹਨ।' ਉਸ ਨੇ ਕਿਹਾ ਕਿ ਦੇਸ਼ ਦੇ ਲੋਕ ਟੀ ਐੱਮ ਸੀਨਾਲ ਨਵੇਂ ਭਾਰਤ ਦਾ ਸੁਪਨਾ ਦੇਖਦੇ ਹਨ।ਟੀ ਐੱਮ ਸੀ ਨੂੰ ਵੱਖ-ਵੱਖਰਾਜਾਂ ਤੋਂ ਫੋਨ ਆ ਰਹੇ ਹਨ ਤੇ ਉਹ ਚਾਹੁੰਦੇ ਹਨ ਕਿ ਬੰਗਾਲ ਇਕ ਨਵੇਂ ਭਾਰਤ ਲਈ ਲੜਾਈ ਦੀ ਅਗਵਾਈ ਕਰੇ। ਇਸ ਲਈ ਅਸੀਂ ਕਹਿੰਦੇ ਹਾਂ ਕਿ ਅਸੀਂ ਲੋਕਾਂ ਦੀ ਪੁਕਾਰ ਦਾ ਜਵਾਬ ਦੇਣਾ ਹੈ।ਲੋਕਾਂ ਦੀਆਂ ਇੱਛਾਵਾਂ ਪੂਰੀਆਂ ਕਰਨ ਲਈ ਸਭ ਭਾਜਪਾ ਵਿਰੋਧੀ ਤਾਕਤਾਂ ਨੂੰ ਇਕੱਠੇ ਹੋ ਕੇ ਲੜਨਾ ਪੈਣਾ ਹੈ।ਦਿੱਲੀ ਜਾਣ ਲਈ ਭਾਜਪਾ ਵਿਰੋਧੀ ਦਲਾਂ ਨੂੰ ਟੀ ਐੱਮ ਸੀਨਾਲ ਜੁੜਨਾ ਪਵੇਗਾ।'

# ਹਰਮਨਪ੍ਰੀਤ ਸਿੰਘ ਅਤੇ ਗੁਰਜੀਤ ਕੌਰ ਸਰਬੋਤਮ ਖਿਡਾਰੀ ਚੁਣੇ ਗਏ

ਲੁਸਾਨੇ, 7 ਅਕਤੂਬਰ (ਪੋਸਟ ਬਿਊਰੋ)- ਭਾਰਤ ਨੇ ਸੰਸਾਰ ਹਾਕੀ ਮਹਾਂ ਫੈਡਰੇਸ਼ਨ (ਐਫ ਆਈ ਐਚ) ਦੇ ਸਾਲਾਨਾ ਪੁਰਸਕਾਰਾਂ ਵਿੱਚ ਆਪਣਾ ਦਬਦਬਾ ਬਣਾਲਿਆ ਹੈ ਅਤੇ ਵੋਟਾਂ ਉੱਤੇ ਅਧਾਰਤ ਪ੍ਰਣਾਲੀ ਵਿੱਚ ਸਾਰੇ ਵਰਗਾਂ ਵਿੱਚ ਚੋਟੀ ਦੇ ਪੁਰਸਕਾਰ ਹਾਸਲ ਕੀਤੇ। ਦੂਜੇ ਪਾਸੇ ਪੁਰਸ਼ ਉਲੰਪਿਕ ਚੈਂਪੀਅਨ ਬੈਲਜ਼ੀਅਮ ਨੇ ਪੁਰਸਕਾਰਾਂ ਨੂੰ ਅਸਫ਼ਲ ਕਰਾਰ ਦਿੱਤਾ ਹੈ, ਜਿਸ ਕਾਰਨ ਇਸ ਬਾਰੇ ਵਿਵਾਦ ਛਿੜ ਸਕਦਾ ਹੈ।

ਵਰਨਣ ਯੋਗ ਹੈ ਕਿ ਭਾਰਤ ਦੇ ਪੰਜ ਖਿਡਾਰੀਆਂ ਤੇ ਪੁਰਸ਼ ਤੇ ਮਹਿਲਾ ਟੀਮਾਂ ਦੇ ਮੁੱਖ ਕੋਚਾਂ ਨੇ ਵੱਖ-ਵੱਖ ਵਰਗਾਂ ਵਿੱਚ ਸਭ ਤੋਂ ਵੱਧ ਵੋਟਾਂ ਹਾਸਲ ਕਰਕੇ ਪੁਰਸਕਾਰ ਹਾਸਲ ਕੀਤੇ। ਭਾਰਤੀ ਮਹਿਲਾ ਟੀਮ ਦੀ ਗੁਰਜੀਤ ਕੌਰ ਅਤੇ ਪੁਰਸ਼ ਟੀਮ ਦੇ ਹਰਮਨਪ੍ਰੀਤ ਸਿੰਘ ਨੇ



ਆਪਣੇ ਵਰਗਾਂ ਵਿੱਚ ਸਾਲ ਦੇ ਸਰਬੋ-ਤਮ ਖਿਡਾਰੀਅ (ਪਲੇਅਰ ਆਫ ਦ ਯੀਅਰ) ਦੇ ਇਨਾਮ ਹਾਸਲ ਕੀਤੇ ਹਨ। ਸਵਿਤਾ ਪੂਨੀਆ (ਸਰਬੋਤਮ ਗੋਲਕੀਪਰ, ਮਹਿਲਾ), ਪੀ ਆਰ (ਸ਼੍ਰੀਜੇਸ਼ ਗੋਲਕੀਪਰ, ਪੁਰਸ਼), ਸ਼ਰਮਿਲਾ ਦੇਵੀ (ਸਰਬੋਤਮ ਉਭਰਦੀ ਸਟਾਰ, ਮਹਿਲਾ) ਅਤੇ ਵਿਵੇਕ ਪ੍ਰਸਾਦ (ਸਰਬੋਤਮ ਉਭਰਦਾ ਸਟਾਰ, ਪੁਰਸ਼) ਦੇ ਨਾਲ-ਨਾਲ ਭਾਰਤ ਦੀ ਮਹਿਲਾ ਟੀਮ ਦੇ ਕੋਚ ਸੋਰਡ ਮਾਰਿਨ ਅਤੇ ਪੁਰਸ਼ ਟੀਮ ਦੇ ਮੁੱਖ ਕੋਚ ਗ੍ਰਾਹਿਮ ਰੀਡ ਵੀ ਸਭ ਤੋਂ ਵੱਧ ਵੋਟਾਂ ਲੈ ਕੇ ਚੋਟੀ ਉੱਤੇ ਰਹੇ।

# ਕੇਜਰੀਵਾਲ ਇੱਕ ਲੱਖ ਨੌਕਰੀਆਂ ਦੇਣਾ ਸਾਬਤ ਕਰਨ, ਮੈਂ ਨੰਗੇ ਪੈਰੀਂ 'ਆਪ' ਵਿੱਚ ਸ਼ਾਮਲ ਹੋ ਜਾਵਾਂਗਾ: ਵੇਰਕਾ

ਜਲੰਧਰ, 7 ਅਕਤੂਬਰ (ਪੋਸਟ ਬਿਊਰੋ)- ਪੰਜਾਬ ਦੇ ਕੈਬਿਨਟ ਮੰਤਰੀ ਡਾ. ਰਾਜਕੁਮਾਰ ਵੇਰਕਾ ਨੇ ਦਾਅਵਾ ਕੀਤਾ ਹੈ ਕਿ ਜੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲਦਿੱਲੀ ਵਿੱਚ 7 ਸਾਲਾਂ ਵਿੱਚ 1 ਲੱਖ ਨੌਕਰੀਆਂ ਦੇਣਾ ਸਾਬਤ ਕਰ ਦੇਣ ਤੋਂ ਉਹ ਨੰਗੇ ਪੈਰੀਂ ਜਾ ਕੇ ਮਾਫ਼ੀ ਮੰਗਣਗੇ ਤੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਜਾਣਗੇ।

ਡਾ. ਵੇਰਕਾ ਨੇ ਕਿਹਾ ਕਿ ਕੇਜਰੀਵਾਲ ਪੰਜਾਬ ਆ ਕੇ ਦਿੱਲੀ ਵਿੱਚ 20 ਲੱਖ ਨੌਕਰੀਆਂ ਦੇਣ ਦਾ ਦਾਅਵਾ ਕਰਦੇ ਹਨ, ਪਰ ਉਨ੍ਹਾਂ ਨੇ ਉਥੇ ਇੱਕ ਵੀ ਕਾਲਜ, ਯੂਨੀਵਰਸਿਟੀ, ਹਸਪਤਾਲ, ਮੈਟਰੋ ਨਹੀਂ ਬਣਾਇਆ।ਉਨ੍ਹਾਂ ਕਿਹਾ ਕਿ ਕੱਚੇ ਕਰਮਚਾਰੀਆਂ ਨੂੰ ਪੱਕਾ ਕਰਨ ਦੀ ਕੋਸ਼ਿਸ਼ ਵਿੱਚ ਪੰਜਾਬ ਸਰਕਾਰ ਪਹਿਲੇ ਪੜਾਅ ਵਿੱਚ 10,000 ਸਫ਼ਾਈ ਕਰਮਚਾਰੀ ਪੱਕੇ ਕਰਨ ਲੱਗੀ ਹੈ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਕੋਈ ਨਵੀਂ ਪਾਰਟੀ ਨਹੀਂ ਬਣਾਉਣਗੇ ਅਤੇ ਨਾ ਕਾਂਗਰਸ ਨੂੰ ਛੱਡ ਰਹੇ ਹਨ।ਡਾ. ਵੇਰਕਾ ਨੇ ਕਿਹਾ ਕਿ ਲੱਗਦਾ ਹੈ ਕਿ ਨਵਜੋਤ ਸਿੱਧੂ ਨੇ ਆਪਣਾ ਅਸਤੀਫ਼ਾ ਕਾਹਲੀ ਵਿੱਚ ਦੇ ਦਿੱਤਾ ਸੀ, ਜਦਕਿ ਰਾਜਨੀਤੀ ਵਿੱਚ ਫਲੈਕਸੀਬਿਲਿਟੀ,ਪੇਸ਼ੈਂਸ ਅਤੇ ਐਡਜਸਟਮੈਂਟ ਦਾ ਹੋਣਾ ਜ਼ਰੂਰੀ ਹੈ। ਉਨ੍ਹਾਂ ਨੇ ਮੰਨਿਆ ਕਿ ਕੈਬਿਨਟ ਮੰਤਰੀਆਂ, ਡੀ ਜੀ ਪੀ ਅਤੇ ਏ ਜੀ ਦੀ ਨਿਯੁਕਤੀ ਨੂੰ ਲੈ ਕੇ ਵਿਚਾਰ ਧਾਰਕ ਮਤਭੇਦ ਸੀ ਪਰ ਸਰਕਾਰ ਨੇ ਉਨ੍ਹਾਂ ਦੀ ਤਸੱਲੀ ਕਰਵਾ ਦਿੱਤੀ ਹੈ ਅਤੇ ਸਭ ਮਸਲਾ ਹੱਲ ਹੋ ਗਿਆ ਹੈ।






# ਸੰਪਾਦਕੀ

## ਕੈਥੋਲਿਕ ਚਰਚਾਂ ਅਤੇ ਸਰਕਾਰ ਦੇ ਵਤੀਰੇ ਵਿੱਚ ਸੁਧਾਰ ਨਹੀਂ ਤਬਦੀਲੀ ਦੀ ਲੋੜ

ਬੀਤੇ ਦਿਨਾਂ ਤੋਂ ਫਰਾਂਸ ਵਿੱਚ ਰੋਮਨ ਕੈਥੋਲਿਕ ਚਰਚਾਂ ਵਿੱਚ ਹੋ ਰਹੇ ਜਿਣਸੀ ਸੋਸ਼ਣ ਬਾਰੇ ਰਿਪੋਰਟ ਦੀ ਚਰਚਾ ਵਿਸ਼ਵ ਭਰ ਵਿੱਚ ਹੋ ਰਹੀ ਹੈ। ਰਿਪੋਰਟ ਮੁਤਾਬਿਕ ਪਿਛਲੇ 70 ਸਾਲਾਂ ਦੌਰਾਨ ਫਰਾਂਸ ਵਿੱਚ ਦੋ ਲੱਖ ਤੋਂ ਜ਼ਿਆਦਾ ਬੱਚਿਆਂ ਦਾ ਕੈਥੋਲਿਕ ਚਰਸ ਸਿਸਟਮ ਵਿੱਚ ਜਿਣਸੀ ਸੋਸ਼ਣ ਕੀਤਾ ਗਿਆ ਜਿਹਨਾਂ ਵਿੱਚ ਬਹੁ ਗਿਣਤੀ 10 ਤੋਂ 13 ਸਾਲ ਉਮਰ ਦੇ ਲੜਕੇ ਸਨ। ਰਿਪੋਰਟ ਇਹ ਵੀ ਦੱਸਦੀ ਹੈ ਕਿ ਬੱਚਿਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਚਰਚ ਵੱਲੋਂ ਲੋੜ ਕਦਮ ਨਹੀਂ ਚੁੱਕੇ ਗਏ। 2018 ਵਿੱਚ ਕਾਇਮ ਕੀਤੇ ਗਏ ਇਸ ਕਮਿਸ਼ਨ ਮੁਤਾਬਕ 2015 ਤੱਕ ਤਾਂ ਸਥਿਤੀ ਇਹ ਸੀ ਕਿ ਚਰਚ ਸਿਸਟਮ ਅੰਦਰ ਜਿਣਸੀ ਸੋਸ਼ਣ ਦੀ ਗੱਲ ਨੂੰ ਸੰਵੇਦਨਸ਼ੀਲਤਾ ਵਿਚਾਰਿਆ ਤੱਕ ਨਹੀਂ ਸੀ ਜਾਂਦਾ। ਕਮਿਸ਼ਨ ਨੇ ਸਿਫਾਰਸ਼ ਕੀਤੀ ਹੈ ਕਿ ਚਰਚ ਸਿਸਟਮ ਵਿੱਚ ਸੁਧਾਰ ਦੇ ਨਾਲ ਨਾਲ ਪੀੜਤ ਬੱਚਿਆਂ ਜਾਂ ਉਹਨਾਂ ਦੇ ਵਾਰਸਾਂ ਨੂੰ ਵਿੱਤੀ ਸਹਾਇਤਾ ਦਿੱਤੀ ਜਾਵੇ।

ਕੈਥੋਲਿਕ ਚਰਚਾਂ ਦੇ ਬੱਚਿਆਂ ਦੇ ਸੋਸ਼ਣ ਵਿੱਚ ਇਤਿਹਾਸਕ ਰੋਲ ਅਤੇ ਵਿੱਤੀ ਸਹਾਇਤਾ ਦੀ ਗੱਲ ਨੂੰ ਜੇ ਕੈਨੇਡੀਅਨ ਸੰਦਰਭ ਵਿੱਚ ਵੇਖਿਆ ਜਾਵੇ ਤਾਂ ਸੈਸਕਚਵਨ ਕੋਰਟ ਆਫ ਕੁਈਨ ਦੇ ਜੱਜ ਨੀਲ ਗੈਬਰੀਅਲਸਨ ਦਾ 2015 ਵਿੱਚ ਦਿੱਤਾ ਫੈਸਲਾ ਮਹੱਤਵਪੂਰਣ ਹੈ। 2005 ਦੇ ਇੰਡੀਅਨ ਰੈਜ਼ੀਡੈਂਸ਼ੀਅਲ ਸਕੂਲਜ਼ ਸੈਟਲਮੈਂਟ ਐਗਰੀਮੈਂਟ ਤਹਿਤ ਕੈਥੋਲਿਕ ਚਰਚ ਅਧਿਕਾਰੀਆਂ ਨੇ 79 ਮਿਲੀਅਨ ਡਾਲਰ ਦਾ ਖਰਚਾ ਕਰਕੇ ਤਿੰਨ ਗੱਲਾਂ ਪੂਰੀਆਂ ਕਰਨ ਦਾ ਵਾਅਦਾ ਕੀਤਾ ਸੀ। 25 ਮਿਲੀਅਨ ਡਾਲਰ ਸਿੱਧਾ ਪੀੜਤਾਂ ਨੂੰ ਅਦਾ ਕਰਨਾ, 29 ਮਿਲੀਅਨ ਡਾਲਰ ਪੀੜਤਾਂ ਦੇ ਵੈਲਫੇਅਰ ਲਈ ਰੈਸਟੀਚਿਊਸ਼ਨ (restitution) ਵਜੋਂ ਖਰਚ ਕਰਨਾ ਅਤੇ 25 ਮਿਲੀਅਨ ਡਾਲਰ ਦੇ ਬਰਾਬਰ In-kind ਸੇਵਾਵਾਂ ਦੇਣਾ। ਇਸ ਫੈਸਲੇ ਦੀ ਇੱਕ ਘੁਣਤਰ ਦੀ ਵਰਤੋਂ ਕਰਕੇ ਚਰਚ ਨੇ ਬਣਦੀ ਰਕਮ ਖਰਚਣ ਤੋਂ ਪੈਰ ਪਿਛਾਂਹ ਖਿੱਚ ਲਏ ਸਨ। ਇਸਤੋਂ ਇੱਕ ਮਹੀਨਾ ਬਾਅਦ ਅਗਸਤ 2015 ਵਿੱਚ ਫੈਡਰਲ ਸਰਕਾਰ ਨੇ ਇਸ ਕਦਮ ਵਿਰੁੱਧ ਅਪੀਲ ਦਾਖਲ ਕੀਤੀ ਸੀ ਪਰ ਜਿਉਂ ਹੀ ਲਿਬਰਲ ਪਾਰਟੀ ਨੇ ਬਹੁ ਗਿਣਤੀ ਸਰਕਾਰ ਦੀ 2015 ਵਿੱਚ ਸਹੁੰ ਚੁੱਕੀ ਤਾਂ ਤੁਰੰਤ ਕੇਸ ਵਾਪਸ ਲੈ ਲਿਆ। ਭਾਵ ਕੈਥੋਲਿਕ ਚਰਚ ਨੂੰ ਖੁੱਲੀ ਛੁੱਟੀ ਮਿਲ ਗਈ। ਦਿਲਚਸਪ ਗੱਲ ਇਹ ਕਿ ਕੇਸ ਵਾਪਸ ਲੈਣ ਬਾਰੇ ਤਤਕਾਲੀ ਨਿਆਂ ਮੰਤਰੀ ਜੋਡੀ ਵਿਲਸਨ ਨੂੰ ਖ਼ਬਰ ਤੱਕ ਨਹੀਂ ਸੀ ਪੈਣ ਦਿੱਤੀ ਗਈ ਜੋ ਕਿ ਖੁਦ ਇੱਕ ਮੂਲਵਾਸੀ ਔਰਤ ਹੈ। ਆਲੋਚਕਾਂ ਦਾ ਦੋਸ਼ ਹੈ ਕਿ 2015 ਵਿੱਚ ਸੱਤਾ ਸੰਭਾਲਣ ਤੋਂ ਤੁਰੰਤ ਬਾਅਦ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਜਿੱਥੇ ਮੂਲਵਾਸੀਆਂ ਨਾਲ ਵਿਸ਼ਵਾਸ਼ਘਾਤ ਕੀਤਾ, ਉੱਥੇ ਕੈਥੋਲਿਕ ਚਰਚ ਨੂੰ ਦੋਸ਼ ਬਰੀ ਕਰਨ ਵਿੱਚ ਸਹਾਇਕ ਭੂਮਿਕਾ ਨਿਭਾਈ।

ਕੈਥੋਲਿਕ ਚਰਚਾਂ ਅਤੇ ਬੱਚਿਆਂ ਦੇ ਸੋਸ਼ਣ ਦਾ ਨਾਤਾ ਬਹੁਤ ਗਹਿਰਾ ਰਿਹਾ ਹੈ। 2004 ਵਿੱਚ ਅਮਰੀਕਾ ਕੈਥੋਲਿਕ ਚਰਚ ਵੱਲੋਂ ਇੱਕ ਕਮਿਸ਼ਨ ਦੀ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਪਿਛਲੇ 50 ਸਾਲਾਂ ਵਿੱਚ 4000 ਤੋਂ ਵੱਧ ਕੈਥੋਲਿਕ ਪਾਦਰੀ ਜਿਣਸੀ ਸੋਸ਼ਣ ਦੇ ਦੋਸ਼ੀ ਰਹੇ ਸਨ। ਇਹਨਾਂ ਨੇ ਦਸ ਹਜ਼ਾਰ ਤੋਂ ਵੱਧ ਬੱਚਿਆਂ ਨਾਲ ਗਲਤ ਵਿਹਾਰ ਕੀਤਾ। 2009 ਵਿੱਚ ਆਇਰਲੈਂਡ ਤੋਂ ਰਿਪੋਰਟ ਆਈ ਜਿਸ ਵਿੱਚ ਕੈਥੋਲਿਕ ਸਕੂਲਾਂ ਅਤੇ ਯਤੀਮਖਾਨਿਆਂ ਵਿੱਚ ਬੱਚਿਆਂ ਦੇ ਜਿਣਸੀ ਸੋਸ਼ਣ ਨੂੰ 'ਮਹਾਮਾਰੀ' ਦੀ ਸੰਗਿਆ ਦਿੱਤੀ ਗਈ। 2017 ਵਿੱਚ ਆਸਟਰੇਲੀਆ ਵਿੱਚ ਪੰਜ ਸਾਲਾਂ ਦੀ ਪੁਣਛਾਣ ਤੋਂ ਬਾਅਦ ਇੱਕ ਰਿਪੋਰਟ ਨਸ਼ਰ ਹੋਈ ਜਿਸ ਵਿੱਚ ਹਜ਼ਾਰਾਂ ਬੱਚਿਆਂ ਨਾਲ ਹੋਏ ਧੱਕੇ ਬਾਰੇ ਖੁੱਲ ਕੇ ਗੱਲ ਕਬੂਲੀ ਗਈ।

ਉਪਰ ਨੋਟ ਕੀਤੀਆਂ ਗਈਆਂ ਰਿਪੋਰਟਾਂ ਬੇਸ਼ੱਕ ਅਹਿਮ ਹਨ ਪਰ ਸਮੱਸਿਆ ਦਾ ਤਣਪੱਤਣ ਰਿਪੋਰਟਾਂ ਦੇ ਦਾਇਰੇ ਤੋਂ ਕਿਤੇ ਵੱਡਾ ਹੈ ਕਿਉਂਕਿ ਜਾਂਚ ਕਰਨ ਵਾਲੇ ਅਧਿਕਾਰੀਆਂ ਨੂੰ ਸਹੀ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਇਸ ਲਿਹਾਜ ਤੋਂ ਕੈਨੇਡਾ ਦੀ ਮਿਸਾਲ ਨੂੰ ਵੇਖਿਆ ਜਾ ਸਕਦਾ ਹੈ। ਰੈਜ਼ੀਡੈਂਸ਼ੀਅਲ ਸਕੂਲਾਂ ਵਿੱਚ ਬੱਚਿਆਂ ਨਾਲ ਹੋਏ ਜ਼ੁਲਮਾਂ ਬਾਰੇ ਕਾਇਮ ਕੀਤੇ ਗਏ Truth and Reconciliation Commission ਵਿੱਚ ਜਨਰਲ ਕਾਊਂਸਲ ਟੌਮ ਮੈਕਮੋਹਨ ਨੇ ਜਤਨਕ ਰੂਪ ਵਿੱਚ ਦੋਸ਼ ਲਾਏ ਸਨ ਕਿ ਕੈਥੋਲਿਕ ਚਰਚਾਂ ਦੇ ਅਧਿਕਾਰੀਆਂ ਨੇ ਵੱਡੀ ਪੱਧਰ ਉੱਤੇ ਉਹ ਰਿਕਾਰਡ ਕਮਿਸ਼ਨ ਨੂੰ ਦੇਣ ਤੋਂ ਇਨਕਾਰ ਕੀਤਾ ਜਿਹੜੇ ਇਹਨਾਂ ਦੇ ਕਬਜ਼ੇ ਵਿੱਚ ਸਨ। ਜੇ ਚਰਚਾਂ ਨੇ ਰਿਕਾਰਡ ਉਪਲਬਧ ਕਰਵਾਏ ਤਾਂ ਐਸੇ ਜਿਹਨਾਂ ਤੋਂ ਸਥਿਤੀ ਦਾ ਸਹੀ ਮੁਆਨਿਆ ਕਰਨਾ ਅਸੰਭਵ ਸੀ। ਮੈਕਮੋਹਨ ਅਨੁਸਾਰ ਫੈਡਰਲ ਸਰਕਾਰ ਦੇ ਨਿਆਂ ਵਿਭਾਗ ਨੇ 4000 ਤੋਂ ਵੱਧ ਅਹਿਮ ਦਸਤਾਵੇਜ਼ ਕਮਿਸ਼ਨ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

ਕੈਥੋਲਿਕ ਚਰਚ ਅਤੇ ਸਰਕਾਰ ਦਾ ਇਹ ਫਰਜ਼ ਬਣਦਾ ਹੈ ਕਿ ਇਹ ਸਿਰਫ਼ ਸੁਧਾਰ ਲਾਗੂ ਕਰਨ ਦੀਆਂ ਗੱਲਾਂ ਛੱਡ ਕੇ ਤਬਦੀਲੀ ਨੂੰ ਜ਼ਮੀਨੀ ਪੱਧਰ ਉੱਤੇ ਲਾਗੂ ਕਰਨ। ਚਰਚਾਂ ਦੇ ਕਿਰਦਾਰ ਨਾਲ ਪਬਲਿਕ ਦਾ ਧਰਮ ਵਿੱਚ ਯਕੀਨ ਜੁੜਿਆ ਹੋਇਆ ਹੈ। ਯਕੀਨ ਵਿੱਚ ਕਮੀ ਆਉਣ ਦਾ ਅਰਥ ਜੀਵਨ ਦਾ ਕਮਜ਼ੋਰ ਹੋਣਾ ਹੈ।

## ਅੰਬੈਸਡਰ ਬ੍ਰਿਜ ਨੂੰ ਆਵਾਜਾਈ ਲਈ ਮੁੜ ਖੋਲ੍ਹਿਆ ਗਿਆ



ਵਿੰਡਸਰ, 7 ਅਕਤੂਬਰ (ਪੋਸਟ ਬਿਊਰੋ) : ਬੀਤੇ ਦਿਨੀਂ ਪੁਲਿਸ ਨੇ ਦੱਸਿਆ ਕਿ ਅੰਬੈਸਡਰ ਬ੍ਰਿੱਜ ਉੱਤੇ ਕੈਨੇਡਾ ਤੋਂ ਅਮਰੀਕਾ ਜਾਣ ਵਾਲੀ ਆਵਾਜਾਈ ਮੁੜ ਖੋਲ੍ਹ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਇਸ ਆਵਾਜਾਈ ਨੂੰ ਸੰਭਾਵੀ ਧਮਾਕਾਖੇਜ਼ ਸਮੱਗਰੀ ਮਿਲਣ ਦੀ ਖਬਰ ਤੋਂ ਬਾਅਦ ਜਾਂਚ ਲਈ ਬੰਦ ਕਰ ਦਿੱਤਾ ਗਿਆ ਸੀ।

ਵਿੰਡਸਰ ਤੇ ਡਿਟਰੌਇਟ ਨੂੰ ਜੋੜਨ ਵਾਲੇ ਇਸ ਪੁਲ ਨੂੰ ਸੋਮਵਾਰ ਸਵੇਰੇ ਟਰੈਫਿਕ ਲਈ ਬੰਦ ਕਰ ਦਿੱਤਾ ਗਿਆ ਸੀ ਤੇ ਇਸ ਦੇ ਆਲੇ ਦੁਆਲੇ ਵਾਲੇ ਇਲਾਕੇ ਨੂੰ ਵੀ ਖਾਲੀ ਕਰਵਾ ਲਿਆ ਗਿਆ ਸੀ। ਵਿੰਡਸਰ ਪੁਲਿਸ ਨੇ ਆਖਿਆ ਕਿ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੇ ਇੱਕ ਗੱਡੀ ਦੀ ਦੂਜੀ ਵਾਰੀ ਜਾਂਚ ਕਰਨ ਤੋਂ ਬਾਅਦ ਉਸ ਵਿੱਚ ਧਮਾਕਾਖੇਜ਼ ਸਮੱਗਰੀ ਮਿਲਣ ਮਗਰੋਂ ਉਨ੍ਹਾਂ ਨੂੰ ਐਲਰਟ ਕੀਤਾ। ਪੁਲਿਸ ਅਨੁਸਾਰ ਇਸ ਸੰਭਾਵੀ ਧਮਾਕਾਖੇਜ਼ ਸਮੱਗਰੀ ਦੇ ਸਬੰਧ ਵਿੱਚ ਕਿਸੇ ਵਿਅਕਤੀ ਜਾਂ ਥਾਂ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ। ਸੀਬੀਐਸਏ ਦਾ ਕਹਿਣਾ ਹੈ ਕਿ ਉਹ ਸਰਹੱਦ ਦੇ ਦੋਵਾਂ ਪਾਸਿਆਂ ਦੇ ਐਮਰਜੰਸੀ ਅਧਿਕਾਰੀਆਂ ਨਾਲ ਰਲ ਕੇ ਕੰਮ ਕਰ ਰਹੇ ਹਨ ਤੇ ਹਾਲਾਤ ਉੱਤੇ ਬਾਰੀਕੀ ਨਾਲ ਨਜ਼ਰ ਰੱਖੀ ਜਾ ਰਹੀ ਹੈ। ਇਸ ਦੇ ਨਾਲ ਹੀ ਟਰੈਫਿਕ ਵਿੱਚ ਪੈਣ ਵਾਲੇ ਵਿਘਣ ਨੂੰ ਵੀ ਘਟਾਇਆ ਜਾ ਰਿਹਾ ਹੈ। ਪ੍ਰਭਾਵਿਤ ਹੋਈਆਂ ਗੱਡੀਆਂ ਨੂੰ ਵਿੰਡਸਰ-ਡਿਟਰੌਇਟ ਟਨਲ ਤੇ ਸਾਰਨੀਆ, ਓਨਟਾਰੀਓ ਦੇ ਬਲੂ ਵਾਟਰ ਬ੍ਰਿੱਜ ਵਾਲੇ ਰੂਟ ਰਾਹੀਂ ਭੇਜਿਆ ਜਾ ਰਿਹਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer** Marketing: | Aman Warraich Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਸੋਹਣੇ ਪਿੰਡ ਬੇਗੋਵਾਲ ਦੇ ਸਾਬਕਾ ਸਰਪੰਚ ਰਾਜਵਿੰਦਰ ਸਿੰਘ ਮਾਂਗਟ ਕੈਨੇਡਾ ਦੌਰੇ 'ਤੇ





ਬਰੈਂਪਟਨ, 7 ਅਕਤੂਬਰ (ਪੋਸਟ ਬਿਊਰੋ):ਬੀਤੇ ਦਿਨੀ ਪੰਜਾਬੀ ਪੋਸਟ ਨਾਲ ਗੱਲਬਾਤ ਦੌਰਾਨ ਪੰਜਾਬ ਦੇ ਬੇਗੋਵਾਲ ਪਿੰਡ ਦੇ ਸਾਬਕਾ ਸਰਪੰਚ ਅਤੇ ਦੋਰਾਹਾ ਮਾਰਕਿਟ ਕਮੇਟੀ ਦੇ ਚੇਅਰਮੈਨ ਸ: ਰਾਜਵਿੰਦਰ ਸਿੰਘ ਮਾਂਗਟ ਨੇ ਪੰਜਾਬ ਦੇ ਮਸਲਿਆਂ ਉਤੇ ਅਤੇ ਪੰਜਾਬ ਦੇ ਪਿੰਡਾਂ ਦੀ ਮੌਜੂਦਾ ਸਥਿਤੀ ਬਾਰੇ ਵਿਚਾਰ ਚਰਚਾ ਕੀਤੀ। ਮਾਂਗਟ ਅਮਰੀਕਾ ਦੇ ਨਿਵਾਸੀ ਹਨ, ਪਰ ਉਹ ਜਿਆਦਾ ਸਮਾਂ ਪੰਜਾਬ ਵਿਚ ਹੀ ਬਿਤਾਉਂਦੇ ਹਨ। ਉਹ ਇਸ ਸਮੇਂ ਕੈਨੇਡਾ ਦੌਰੇ ਉਤੇ ਆਏ ਹੋਏ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਸਰਪੰਚੀ ਦੌਰਾਨ ਪਿੰਡ ਬੇਗੋਵਾਲ ਨੇ ਬਹੁਤ ਵਿਕਾਸ ਕੀਤਾ। ਉਨ੍ਹਾਂ ਦਾ ਪਿੰਡ ਪੰਜਾਬ ਦੇ ਮਾਡਲ ਪਿੰਡਾਂ ਵਿਚੋਂ ਇਕ ਹੈ। ਉਨ੍ਹਾਂ ਦੇ ਪਿੰਡ ਵਿਚ ਡਿਸਪੈਂਸਰੀ ਤੋਂ ਲੈ ਕੇ ਵੈਟਰਨਰੀ ਹਸਪਤਾਲ ਤੇ ਹੋਰ ਬਹੁਤ ਕੁੱਝ ਹੈ। ਉਨ੍ਹਾਂ ਦੇ ਪਿੰਡ ਤੋਂ ਹੀ ਮੁਫਤ ਐਂਬੂਲੈਂਸ ਸੇਵਾ ਦੀ ਸ਼ੁਰੂਆਤ ਕੀਤੀ ਗਈ। ਇਸ ਤੋਂ ਇਲਾਵਾ ਪਿੰਡ ਬੇਗੋਵਾਲ ਨੂੰ ਗ੍ਰੀਨ ਵਿਲੇਜ ਦਾ ਖਿਤਾਬ ਵੀ ਮਿਲ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਐਨ.ਆਰ.ਆਈ. ਭਰਾਵਾਂ ਸਦਕਾ ਹੀ ਇਹ ਸਭ ਕੁੱਝ ਸੰਭਵ ਹੋਇਆ ਹੈ। ਪਿੰਡ ਦੇ ਐਨ.ਆਰ.ਆਈ. ਅਜੀਤ ਸਿੰਘ ਗਰਚਾ ਅਤੇ ਗੁਰਮਿੰਦਰ ਸਿੰਘ ਗਰਚਾ (ਗਰਚਾ ਬ੍ਰਦਰਜ), ਜੋ ਕਿ ਬਰੈਂਪਟਨ ਵਿਖੇ ਰਹਿੰਦੇ ਹਨ, ਨੇ ਪਿੰਡ ਦੇ ਵਿਕਾਸ ਲਈ ਲੱਖਾਂ ਰੁਪਇਆਂ ਦਾ ਯੋਗਦਾਨ ਪਾਇਆ ਹੈ।

ਉਨ੍ਹਾਂ ਗੱਲਬਾਤ ਦੌਰਾਨ ਕਿਹਾ ਕਿ ਜੇ ਹੋਰ ਕੋਈ ਪਿੰਡ ਲਈ ਕੁੱਝ ਕਰਨਾ ਚਾਹੁੰਦਾ ਹੈ ਤਾਂ ਉਹ ਪਿੰਡ ਦੇ ਨੌਜਵਾਨਾਂ ਦੀ ਪੜ੍ਹਾਈ ਯਕੀਨੀ ਬਣਾਉਣ ਵੱਲ ਕਾਰਜ ਕਰੇ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਪੜ੍ਹ ਲਿਖ ਕੇ ਵੀ ਨੌਜਵਾਨਾਂ ਨੂੰ ਨੌਕਰੀ ਨਹੀਂ ਮਿਲ ਰਹੀ, ਜਿਸ ਕਰਕੇ ਉਹ ਜਾਂ ਤਾਂ ਹੋਰ ਦੇਸ਼ਾਂ ਵਿਚ ਜਾ ਰਹੇ ਹਨ ਜਾਂ ਫੇਰ ਨਸ਼ਿਆਂ ਵਿਚ ਪੈ ਰਹੇ ਹਨ। ਉਨ੍ਹਾਂ ਕਿਹਾ ਕਿ ਬਾਹਰਲੇ ਦੇਸ਼ਾਂ ਵਾਲਾ ਸਿਸਟਮ ਭਾਰਤ ਵਿਚ ਲਾਗੂ ਕਰਨਾ ਔਖਾ ਹੈ। ਬਾਹਰ ਵੀ ਉਹੀ ਬੰਦਾ ਕੰਮ ਕਰ ਸਕਦਾ ਹੈ, ਜੋ ਉਸ ਸਿਸਟਮ ਅਨੁਸਾਰ ਢਲ ਸਕੇ। ਮਾਂਗਟ ਨੇ ਕਿਹਾ ਕਿ ਉਹ ਮੌਜੂਦਾ ਸਰਪੰਚ ਤੇ ਪਿੰਡ ਵਾਸੀਆਂ ਦੇ ਨਾਲ ਮਿਲ ਕੇ ਪਿੰਡ ਨੂੰ ਤਰੱਕੀਆਂ ਦੇ ਰਾਹ ਉਤੇ ਲਿਜਾਣ ਲਈ ਪੂਰੇ ਉਪਰਾਲੇ ਕਰ ਰਹੇ ਹਨ।

## ਪ੍ਰਧਾਨ ਮੰਤਰੀ ਵੱਲੋਂ ਸਾਡੇ ਸੱਦਿਆਂ ਦਾ ਜਵਾਬ ਨਾ ਦਿੱਤਾ ਜਾਣਾ ਸਾਡੀ ਬੇਇਜ਼ਤੀ : ਫਰਸਟ ਨੇਸ਼ਨ

...ਪੰਨਾ 1 ਦਾ ਬਾਕੀ

ਪਰ ਇਸ ਮਹੀਨੇ ਦੇ ਅਖੀਰ ਵਿੱਚ ਟਰੂਡੋ ਦੇ ਕਮਿਊਨਿਟੀ ਨਾਲ ਮੁਲਾਕਾਤ ਕਰਨ ਲਈ ਆਉਣ ਦਾ ਉਹ ਰਾਹ ਵੇਖ ਰਹੇ ਹਨ।

ਇਸ ਬਿਆਨ ਵਿੱਚ ਇਹ ਵੀ ਆਖਿਆ ਗਿਆ ਕਿ ਟਰੂਡੋ ਦੀ ਹਾਜ਼ਰੀ ਨਾਲ ਬਹੁਤ ਫਰਕ ਪੈਣਾ ਸੀ ਤੇ ਰੈਜ਼ੀਡੈਂਸ਼ੀਅਲ ਸਕੂਲ ਸਿਸਟਮ ਦੀਆਂ ਇਤਿਹਾਸਕ ਗਲਤੀਆਂ ਨੂੰ ਸੁਧਾਰਨ ਤੇ ਅਸਲ ਤਬਦੀਲੀ ਲਿਆਉਣ ਪ੍ਰਤੀ ਪ੍ਰਧਾਨ ਮੰਤਰੀ ਦੀ ਨਿਜੀ ਵਚਨਬੱਧਤਾ ਪੂਰੀ ਦੁਨੀਆ ਨੂੰ ਨਜ਼ਰ ਆਉਣੀ ਸੀ। ਅਜਿਹਾ ਕਰਨ ਨਾਲ ਦੁੱਖਾਂ ਵਿੱਚ ਡੁੱਬੇ ਇੰਡੀਅਨ ਰੈਜ਼ੀਡੈਂਸ਼ੀਅਲ ਸਕੂਲ ਸਰਵਾਈਵਰਜ਼ ਦੇ ਜ਼ਖਮਾਂ ਉੱਤੇ ਮੱਲ੍ਹਮ ਵੀ ਲੱਗਣੀ ਸੀ।

ਪ੍ਰਧਾਨ ਮੰਤਰੀ ਦੀ ਹਾਜ਼ਰੀ ਨੇ ਨਾਲ ਕਈ ਪਰਿਵਾਰਾਂ ਨੂੰ ਸ਼ਾਂਤੀ ਮਿਲਣੀ ਸੀ। ਬੁੱਧਵਾਰ ਨੂੰ ਟਰੂਡੋ ਨੇ ਇਹ ਆਖਿਆ ਸੀ ਕਿ ਰੈਜ਼ੀਡੈਂਸ਼ੀਅਲ ਸਕੂਲ ਸਿਸਟਮ ਦੇ ਸਰਵਾਈਵਰਜ਼ ਦੇ ਸਨਮਾਨ ਲਈ ਰੱਖੇ ਗਏ ਖਾਸ ਦਿਨ ਬੀਸੀ ਵਿੱਚ ਟੋਫੀਨੋ ਵਿਖੇ ਆਪਣੇ ਪਰਿਵਾਰ ਨਾਲ ਛੁੱਟੀਆਂ ਮਨਾਉਣ ਜਾਣਾ ਉਨ੍ਹਾਂ ਦੀ ਬੱਜਰ ਗਲਤੀ ਸੀ। ਫਰਸਟ ਨੇਸ਼ਨਜ਼ ਦਾ ਕਹਿਣਾ ਹੈ ਕਿ ਸਾਨੂੰ ਅਜਿਹੀਆਂ ਮੁਆਫੀਆਂ ਵਿੱਚ ਕੋਈ ਦਿਲਚਸਪੀ ਨਹੀਂ ਹੈ ਜਿਹੜੀਆਂ ਵੱਡੀ ਪੱਧਰ ਉੱਤੇ ਤਬਦੀਲੀ ਨਾ ਲਿਆ ਸਕਣ।

## ਸਾਂਝਾ ਕਾਵਿ ਸੰਗ੍ਰਹਿ 'ਮੱਥੇ 'ਚ ਉੱਗਦਾ ਸੂਰਜ' ਲੋਕ ਅਰਪਣ





17 ਕਵੀਆਂ ਦਾ ਸਾਂਝਾ ਕਾਵਿ ਸੰਗ੍ਰਹਿ 'ਮੱਥੇ 'ਚ ਉੱਗਦਾ ਸੂਰਜ' ਦੋਆਬਾ ਸਾਹਿਤ ਸਭਾ (ਗੜ੍ਹਸ਼ੰਕਰ) ਵਲੋਂ ਲੋਕ ਅਰਪਣ ਕੀਤਾ ਗਿਆ। ਇਸ ਕਾਵਿ ਸੰਗ੍ਰਹਿ ਬਾਰੇ ਸੁਖਵਿੰਦਰ ਸਿੰਘ ਬੋਦਲਾਂ ਵਾਲਾ ਨੇ ਦੱਸਿਆ ਕਿ ਸ਼ਾਇਰ ਉਨ੍ਹਾਂ ਦੇ ਸਾਹਿਤਧਾਰਾ ਪ੍ਰੋਗਰਾਮ 'ਚ ਹਰ ਹਫ਼ਤੇ ਆਪਣੀਆਂ ਰਚਨਾਵਾਂ ਪੇਸ਼ ਕਰਦੇ ਹਨ। ਇਸ ਲਈ ਉਨ੍ਹਾਂ ਨੇ ਸਾਰੀਆਂ ਰਚਨਾਵਾਂ ਨੂੰ ਇੱਕ ਪੁਸਤਕ 'ਚ ਇਕੱਠਾ ਕਰਨ ਦੀ ਗੱਲ ਸੋਚੀ। ਬੋਦਲਾਂ ਵਾਲਾ ਦੇ ਅਵਤਾਰ ਸਿੰਘ ਸੰਧੂ ਨਾਲ ਵਿਚਾਰ ਚਰਚਾ ਤੋਂ ਮਗਰੋਂ ਸਾਂਝੇ ਉਪਰਾਲੇ ਤੋਂ ਬਾਅਦ ਇਹ ਪੁਸਤਕ ਹੋਂਦ 'ਚ ਆਈ।

ਇਸ ਪੁਸਤਕ ਦੇ ਸੰਪਾਦਕ ਸੰਧੂ ਵਰਿਆਣਵੀ ਤੇ ਅਵਤਾਰ ਸਿੰਘ ਸੰਧੂ ਦੀ ਅਣਥੱਕ ਮਿਹਨਤ ਨੇ ਇਸ ਪੁਸਤਕ ਦੀ ਖੂਬਸੂਰਤੀ ਵਧਾਈ। ਅਵਤਾਰ ਸੰਧੂ ਸੇਵਾਮੁਕਤ ਅਧਿਆਪਕ ਹਨ। ਉਹ ਹੁਣ ਤੱਕ 100 ਦੇ ਕਰੀਬ ਪੁਸਤਕਾਂ ਸਾਹਿਤ ਦੀ ਝੋਲੀ ਪਾ ਚੁੱਕੇ ਹਨ। ਸੁਖਵਿੰਦਰ ਸਿੰਘ ਬੋਦਲਾਂ ਵਾਲਾ ਅੰਤਰਰਾਸ਼ਟਰੀ ਕਵੀ ਸਵ: ਚਰਨ ਸਿੰਘ ਸਫ਼ਰੀ ਦੀਆਂ ਯਾਦਾਂ ਨੂੰ ਮੁੜ ਤਾਜ਼ਾ ਕਰਦੇ ਹੋਏ ਆਪਣੇ ਪਿੰਡ ਦਾ ਨਾਮ ਰੌਸ਼ਨ ਕਰ ਰਹੇ ਹਨ। ਇਨ੍ਹਾਂ ਦੇ ਬਹੁਤ ਸਾਰੇ ਗੀਤ ਨਾਮਵਰ ਗੀਤਕਾਰਾਂ ਦੀ ਆਵਾਜ਼ 'ਚ ਰਿਕਾਰਡ ਹੋ ਚੁੱਕੇ ਹਨ।

ਇਸੇ ਤਰ੍ਹਾਂ ਮੂਲਰੂਪ ਤੋਂ ਪਿੰਡ ਝਿੰਗੜ ਕਲਾਂ ਦੇ ਵਾਸੀ ਕੁਲਦੀਪ ਸਿੰਘ ਗਿੱਲ (ਦੀਪ ਝਿੰਗੜਾਂ ਵਾਲਾ) ਜੋ ਕਿ ਹੁਣ ਕੈਨੇਡਾ ਵਿਚ ਰਹਿ ਰਹੇ ਹਨ, ਨੇ ਹੁਣ ਸਾਹਿਤਕ ਖੇਤਰ 'ਚ ਕਦਮ ਰੱਖ ਲਿਆ ਹੈ। ਉਹ ਖੇਡਾਂ 'ਚ (ਆਲ ਰਾਊਂਡਰ), ਚਿੱਤਰਕਾਰ, ਕੋਚ, ਪੀਲ ਫੁੱਟਬਾਲ ਅਕੈਡਮੀ ਦੇ ਪ੍ਰਧਾਨ ਹਨ। ਇਸ ਪੁਸਤਕ 'ਚ ਉਨ੍ਹਾਂ ਦੀਆਂ ਪੰਜ ਰਚਨਾਵਾਂ ਸ਼ਾਮਲ ਹਨ। ਇਸ ਦੌਰਾਨ ਕੈਨੇਡੀਅਨ ਪੰਜਾਬੀ ਪੋਸਟ ਦੇ ਸੰਪਾਦਕ ਜਗਦੀਸ਼ ਗਰੇਵਾਲ ਤੇ ਹੋਰ ਪਤਵੰਤੇ ਸੱਜਣਾਂ ਨੇ ਆਪਣੀ ਹਾਜ਼ਰੀ ਲਗਵਾਈ। ਇਸ ਪੁਸਤਕ ਦੇ ਰਿਲੀਜ਼ ਸਮਾਗਮ 'ਚ ਮਾ. ਸੁਰਜੀਤ ਸਿੰਘ ਰੂਪਰਾ ਨੇ ਉਚੇਚੇ ਤੌਰ 'ਤੇ ਗੜ੍ਹਸ਼ੰਕਰ ਜਾ ਕੇ ਹਾਜ਼ਰੀ ਲਗਵਾਈ। ਇਸ ਮੌਕੇ ਕੁਲਦੀਪ ਸਿੰਘ ਗਿੱਲ ਵਲੋਂ ਮਾ. ਸੁਰਜੀਤ ਸਿੰਘ ਰੂਪਰਾ ਦਾ ਧੰਨਵਾਦ ਕੀਤਾ। ਜੇ ਕਿਸੇ ਵੀ ਸੱਜਣ ਨੂੰ ਇਹ ਪੁਸਤਕ ਚਾਹੀਦੀ ਹੋਵੇ ਤਾਂ ਮਾ. ਰੂਪਰਾ ਨਾਲ ਸੰਪਰਕ ਕਰ ਸਕਦਾ ਹੈ।

## ਸੜਕ ਹਾਦਸੇ ਵਿੱਚ 11 ਸਾਲਾ ਬੱਚੀ ਦੀ ਮੌਤ

ਫ਼ਿਰੋਜ਼ਪੁਰ, 7 ਅਕਤੂਬਰ (ਪੋਸਟ ਬਿਊਰੋ)- ਫ਼ਿਰੋਜ਼ਪੁਰ-ਫ਼ਾਜ਼ਿਕਲਾ ਰੋਡ ਉੱਤੇ ਪਿੰਡ ਖਾਈ ਫੇਮੇਕੀ ਦੇ ਨਜ਼ਦੀਕ ਕੱਲ੍ਹ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਜਾਂਦੀ ਸੰਗਤ ਦੀ ਟਰੈਕਟਰ-ਟਰਾਲੀ ਦੀ ਟਰਾਲੇ ਨਾਲ ਟੱਕਰ ਹੋ ਗਈ। ਇਸ ਘਟਨਾ ਵਿੱਚ 11 ਸਾਲਾ ਬੱਚੀ ਦੀ ਮੌਤ ਹੋ ਗਈ ਅਤੇ 35-40 ਦੇ ਕਰੀਬ ਟਰਾਲੀ ਵਿੱਚ ਸਵਾਰ ਸ਼ਰਧਾਲੂ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਵੱਖ-ਵੱਖ ਹਸਪਤਾਲਾਂ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਜਾਣ ਲਈ ਫ਼ਾਜ਼ਿਲਕਾ ਤੋਂ ਸ਼ਰਧਾਲੂਆਂ ਨਾਲ ਭਰੀ ਟਰੈਕਟਰ ਟਰਾਲੀ ਸਵੇਰੇ ਚੱਲੀ ਸੀ, ਜਦ ਉਕਤ ਟਰੈਕਟਰ-ਟਰਾਲੀ ਫ਼ਿਰੋਜ਼ਪੁਰ ਫ਼ਾਜ਼ਿਲਕਾ ਰੋਡ ਦੇ ਪਿੰਡ ਖਾਈ ਫੇਮੇ ਕੀ ਦੇ ਨਜ਼ਦੀਕ ਪਹੁੰਚੀ ਤਾਂ ਉਸ ਦੀ ਟੱਕਰ ਸਾਹਮਣੇ ਤੋਂ ਆ ਰਹੇ ਟਰਾਲੇ ਨਾਲ ਹੋ ਗਈ। ਪੁਲਸ ਅਤੇ ਲੋਕਾਂ ਨੇ ਜ਼ਖ਼ਮੀਆਂ ਨੂੰ ਇਲਾਜ ਲਈ ਵੱਖ-ਵੱਖ ਹਸਪਤਾਲਾਂ ਵਿੱਚ ਦਾਖ਼ਲ ਕਰਾਇਆ। ਇਸ ਮਾਮਲੇ ਵਿੱਚ ਸਬੰਧਤ ਪੁਲਸ ਨੇ ਦੋਵੇਂ ਹਾਦਸਾਗ੍ਰਸਤ ਹੋਏ ਵਾਹਨਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਸੇਖਵਾਂ ਥਾਣੇ ਵਿੱਚ ਵਿਜੀਲੈਂਸ ਦਾ ਛਾਪਾ, ਥਾਣੇਦਾਰ ਕਾਬੂ

ਬਟਾਲਾ, 7 ਅਕਤੂਬਰ (ਪੋਸਟ ਬਿਊਰੋ)- ਵਿਜੀਲੈਂਸ ਟੀਮ ਨੇ ਥਾਣਾ ਸੇਖਵਾਂ ਵਿੱਚ ਛਾਪਾ ਮਾਰ ਕੇ ਇੱਕ ਏ ਐਸ ਆਈ ਨੂੰ ਰਿਸ਼ਵਤ ਲੈਂਦੇ ਰੰਗੇ ਹੱਥੀਂ ਫੜਿਆ ਹੈ। ਇੱਕ ਹਫਤੇ ਵਿੱਚ ਬਟਾਲਾ ਵਿੱਚ ਵਿਜੀਲੈਂਸ ਦਾ ਦੂਜਾ ਛਾਪਾ ਹੈ।

ਸੁਭਾਸ਼ ਚੰਦਰ ਪੁੱਤਰ ਸੁੱਚਾ ਰਾਮ ਪਿੰਡ ਛੀਨਾ ਰੇਤਲਾ ਨੇ ਦੱਸਿਆ ਕਿ ਉਸ ਉੱਤੇ ਅਤੇ ਉਸ ਦੇ ਪਿਤਾ ਸੁੱਚਾ ਰਾਮ ਉੱਤੇ ਥਾਣਾ ਸੇਖਵਾਂ ਵਿੱਚ ਕੇਸ ਦਰਜ ਸੀ। ਉਸ ਨੇ ਪਿਤਾ ਦੀ ਨੇ ਜ਼ਮਾਨਤ ਕਰਵਾ ਲਈ ਸੀ, ਪਰ ਉਸ ਦੀ ਜ਼ਮਾਨਤ ਲਈ ਥਾਣਾ ਸੇਖਵਾਂ ਵਿੱਚ ਏ ਐਸ ਆਈ ਮੋਹਨ ਸਿੰਘ ਨੇ ਪੰਜ ਹਜ਼ਾਰ ਰੁਪਏ ਰਿਸ਼ਵਤ ਮੰਗੀ ਸੀ। ਇਸ ਦੌਰਾਨ ਉਸ ਨੇ ਤਿੰਨ ਹਜ਼ਾਰ ਰੁਪਏ ਪਹਿਲਾਂ ਏ ਐਸ ਆਈ ਨੂੰ ਦੇ ਦਿੱਤੇ ਅਤੇ ਕੱਲ੍ਹ ਉਹ ਏ ਐਸ ਆਈ ਨੂੰ ਬਾਕੀ ਦੇ ਦੋ ਹਜ਼ਾਰ ਰੁਪਏ ਦੇਣ ਲੱਗਾ ਤਾਂ ਮੌਕੇ ਉੱਤੇ ਵਿਜੀਲੈਂਸ ਦੇ ਡੀ ਐਸ ਪੀ ਪ੍ਰੇਮ ਕੁਮਾਰ ਨੇ ਟੀਮ ਸਮੇਤ ਉਕਤ ਏ ਐਸ ਆਈ ਨੂੰ ਰਿਸ਼ਵਤ ਲੈਂਦੇ ਰੰਗੇ ਹੱਥੀਂ ਗ੍ਰਿਫਤਾਰ ਕਰ ਲਿਆ। ਇਸ ਤੋਂ ਬਾਅਦ ਉਹ ਉਸ ਨੂੰ ਆਪਣੇ ਨਾਲ ਗੁਰਦਾਸਪੁਰ ਲੈ ਗਏ।

ਵਰਣਨ ਯੋਗ ਹੈ ਕਿ ਹਾਲੇ ਦੋ ਅਕਤੂਬਰ ਨੂੰ ਡੀ ਐਸ ਪੀ ਪ੍ਰੇਮ ਕੁਮਾਰ ਨੇ ਐਸ ਐਸ ਪੀ ਦਫਤਰ ਬਟਾਲਾ ਦੇ ਨੇੜੇ ਐਂਟੀ ਫਰਾਡ ਦਫਤਰ ਵਿੱਚ ਛਾਪਾ ਮਾਰ ਕੇ ਇੱਕ ਇੰਸਪੈਕਟਰ ਨੂੰ 10 ਹਜ਼ਾਰ ਰੁਪਏਦੀ ਰਿਸ਼ਵਤ ਲੈਂਦੇ ਹੋਏ ਗ੍ਰਿਫਤਾਰ ਕੀਤਾ ਸੀ। ਉਥੇ ਇਕ ਹਫਤੇ ਦੇ ਅੰਦਰ ਹੀ ਟੀਮ ਨੇ ਥਾਣਾ ਸੇਖਵਾਂ ਵਿੱਚ ਛਾਪਾ ਮਾਰ ਕੇ ਪੰਜ ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦੇ ਹੋਏ ਏ ਐਸ ਆਈ ਨੂੰ ਗ੍ਰਿਫਤਾਰ ਕਰ ਲਿਆ।

## ਐਨਡੀਪੀ ਦੇ ਸਮਰਥਨ ਨੂੰ ਹਲਕੇ ਵਿੱਚ ਨਾ ਲੈਣ ਟਰੂਡੋ : ਜਗਮੀਤ ਸਿੰਘ

...ਪੰਨਾ 1 ਦਾ ਬਾਕੀ

ਜਿਵੇਂ ਕਿ ਇਸ ਮਹੀਨੇ ਮੁੱਕਣ ਜਾ ਰਹੇ ਕੋਵਿਡ-19 ਬੈਨੇਫਿਟਸ ਵਿੱਚ ਵਾਧਾ ਕਰਨਾ।

ਓਟਵਾ ਵਿੱਚ ਇੱਕ ਨਿਊਜ਼ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਜਗਮੀਤ ਸਿੰਘ ਨੇ ਆਖਿਆ ਕਿ ਉਹ ਟਰੂਡੋ ਤੋਂ ਪਾਜ਼ੀਟਿਵ ਸਿਗਨਲ ਵੇਖਣਾ ਚਾਹੁੰਦੇ ਹਨ, ਜਿਸ ਤੋਂ ਇਹ ਪਤਾ ਲੱਗੇ ਕਿ ਉਹ ਐਨਡੀਪੀ ਨਾਲ ਕੰਮ ਕਰਨ ਲਈ ਤਿਆਰ ਹਨ। ਉਨ੍ਹਾਂ ਖੁਲਾਸਾ ਕੀਤਾ ਕਿ ਟਰੂਡੋ ਨੇ ਅਜੇ ਉਨ੍ਹਾਂ ਨੀਤੀਆਂ ਬਾਰੇ ਵੀ ਕੋਈ ਚਰਚਾ ਨਹੀਂ ਕੀਤੀ ਹੈ ਜਿਨ੍ਹਾਂ ਉੱਤੇ ਪਾਰਲੀਆਮੈਂਟ ਵਿੱਚ ਸਹਿਯੋਗ ਕਰਨ ਲਈ ਉਨ੍ਹਾਂ ਦੀ ਸਹਿਮਤੀ ਬਣੀ ਸੀ।

ਪਿਛਲੀ ਵਾਰੀ ਵਾਂਗ ਹੀ ਇਸ ਵਾਰੀ ਵੀ ਲੈਜਿਸਲੇਟਿਵ ਏਜੰਡੇ ਨੂੰ ਪੂਰਾ ਕਰਨ ਲਈ ਟਰੂਡੋ ਦੀ ਘੱਟ ਗਿਣਤੀ ਸਰਕਾਰ ਨੂੰ ਹੋਰਨਾਂ ਪਾਰਟੀਆਂ ਦੇ ਸਹਿਯੋਗ ਦੀ ਲੋੜ ਹੋਵੇਗੀ। ਪਰ ਇਸ ਵਾਰੀ ਜਗਮੀਤ ਸਿੰਘ ਨੇ ਸਪਸ਼ਟ ਕਰ ਦਿੱਤਾ ਹੈ ਕਿ ਟਰੂਡੋ ਐਨਡੀਪੀ ਦੇ ਸਮਰਥਨ ਨੂੰ ਹਲਕੇ ਵਿੱਚ ਨਹੀਂ ਲੈ ਸਕਦੇ। ਉਨ੍ਹਾਂ ਆਖਿਆ ਕਿ ਇਸ ਵਾਰੀ ਅਸੀਂ ਸਮਰਥਨ ਵਾਲੀਆਂ ਵੋਟਾਂ ਰੋਕਣ ਲਈ ਤਿਆਰ ਹਾਂ ਤੇ ਇਸੇ ਲਈ ਅਸੀਂ ਚਾਹੁੰਦੇ ਹਾਂ ਕਿ ਸਰਕਾਰ ਇਹ ਦਰਸਾਵੇ ਕਿ ਉਹ ਸਾਡੇ ਨਾਲ ਕੰਮ ਕਰਨ ਵਿੱਚ ਦਿਲਚਸਪੀ ਲੈ ਰਹੀ ਹੈ।

## ਪੰਜਾਬ ਅਤੇ ਦਿੱਲੀ ਦੇ ਮੁੱਖ ਮੰਤਰੀਆਂ ਵਿਚਾਲੇ ਕੱਪੜਿਆਂ ਬਾਰੇ ਬਹਿਸ ਛਿੜੀ

ਨਵੀਂ ਦਿੱਲੀ, 7 ਅਕਤੂਬਰ, (ਪੋਸਟ ਬਿਊਰੋ)- ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਆਪਣੇ ਕੱਪੜਿਆਂ ਦੇ ਬਾਰੇ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਕੀਤੀ ਗਈ ਟਿੱਪਣੀ ਬਾਰੇ ਮੋੜਵਾਂ ਬਿਆਨ ਦਿੱਤਾ ਹੈ। ਉਨ੍ਹਾਂ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਟਿੱਪਣੀ ਦੇ ਜਵਾਬ ਵਿੱਚ ਕਈ ਪ੍ਰਸ਼ਨ ਵੀ ਤੇ ਕਿਹਾ ਹੈ ਕਿ 'ਚੰਨੀ ਸਾਹਿਬ, ਤੁਹਾਨੂੰ ਮੇਰੇ ਕੱਪੜੇ ਪਸੰਦ ਨਹੀਂ, ਮੈਨੂੰ ਕੋਈ ਫਰਕ ਨਹੀਂ ਪੈਂਦਾ, ਲੋਕ ਮੇਰੇ ਕੱਪੜੇ ਪਸੰਦ ਕਰਦੇ ਹਨ, ਤਦੇ ਦਿੱਲੀ ਵਿੱਚ ਆਮ ਆਦਮੀ ਪਾਰਟੀ ਲਗਾਤਾਰ ਦੋ ਵਾਰ ਭਾਰੀ ਬਹੁਮਤ ਜਿੱਤ ਗਈ ਹੈ।'

ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇੱਕ ਟੀਵੀ ਚੈਨਲ ਨੂੰ ਇੰਟਰਵਿਊ ਦੇਂਦੇ ਸਮੇਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਕੱਪੜਿਆਂ ਬਾਰੇ ਟਿਪਣੀ ਕੀਤੀ ਸੀ। ਜਦੋਂ ਓਥੇ ਪੱਤਰਕਾਰ ਨੇ ਚਰਨਜੀਤ ਸਿੰਘ ਚੰਨੀ ਨੂੰ ਦੱਸਿਆ ਕਿ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਕਹਿੰਦੇ ਹਨ ਕਿ ਕਾਂਗਰਸ ਨੇ ਪੰਜਾਬ ਨੂੰ ਤਮਾਸ਼ਾ ਬਣਾ ਦਿੱਤਾ ਹੈ ਤਾਂ ਚੰਨੀ ਨੇ ਕਿਹਾ:'ਭਰਾ ਜੀ, ਤੁਹਾਡੇ ਕੋਲ ਪੰਜ ਹਜ਼ਾਰ ਰੁਪਏ ਹਨ।' ਜਦੋਂ ਪੱਤਰਕਾਰ ਨੇ ਹਾਮੀ ਭਰੀ ਤਾਂ ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ 5 ਹਜ਼ਾਰ ਰੁਪਏ ਹਰ ਕਿਸੇ ਕੋਲ ਹਨ। ਫਿਰ ਚੰਨੀ ਨੇ ਕਿਹਾ:'ਯਾਰ, 5 ਹਜ਼ਾਰ ਰੁਪਏ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੂੰ ਦੇਵੋ, ਉਹ ਕੁਝ ਚੰਗੇ ਕੱਪੜੇ ਸਿਲਵਾ ਲੈਣ।' ਇਸ ਪਿੱਛੋਂ ਚਰਨਜੀਤ ਸਿੰਘ ਚੰਨੀ ਨੇ ਕਿਹਾ;'ਯਾਰ, ਉਨ੍ਹਾਂ ਦੀ ਤਨਖਾਹ 250,000 ਰੁਪਏ ਹੈ, ਉਹ ਕੁਝ ਚੰਗੇ ਕੱਪੜੇ ਵੀ ਨਹੀਂ ਪਾ ਸਕਦੇ।'

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN
GLASS AND WINDOW

# ਫਲਾਵਰ-ਸਿਟੀ ਬਰੈਂਪਟਨ ਤੇ ਕਈ ਹੋਰ ਸਪਾਂਸਰਾਂ ਵੱਲੋਂ ਟੀਪੀਏਆਰ ਕਲੱਬ ਦੇ ਦੌੜਾਕ ਧਿਆਨ ਸਿੰਘ ਸੋਹਲ ਨੂੰ ਬੋਸਟਨ ਮੈਰਾਥਨ ਲਈ ਮਿਲੀ ਭਰਪੂਰ ਹੱਲਾਸ਼ੇਰੀ



ਬਰੈਂਪਟਨ, (ਡਾ. ਝੰਡ) - ਬਰੈਂਪਟਨ ਵਿਚ ਵਿਚਰ ਰਹੀ 'ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ' (ਟੀਪੀਏਆਰ ਕਲੱਬ) ਮਾਣ ਮਹਿਸੂਸ ਕਰ ਰਹੀ ਹੈ ਕਿ ਉਸ ਦੇ ਸਰਗ਼ਰਮ ਮੈਂਬਰ ਤੇਜ਼-ਤਰਾਰ ਮੈਰਾਥਨ ਦੌੜਾਕ ਧਿਆਨ ਸਿੰਘ ਸੋਹਲ 11 ਅਕਤੂਬਰ ਨੂੰ ਅਮਰੀਕਾ ਦੇ ਸ਼ਹਿਰ ਬੋਸਟਨ ਵਿਚ ਹੋ ਰਹੀ ਵਿਸ਼ਵ-ਪੱਧਰੀ ਮੈਰਾਥਨ ਦੌੜ ਵਿਚ ਭਾਗ ਲੈ ਰਹੇ ਹਨ। ਬੜੀ ਖ਼ੁਸ਼ੀ ਵਾਲੀ ਗੱਲ ਹੈ ਕਿ ਉਨ੍ਹਾਂ ਦੇ ਨਾਲ ਬਰੈਂਪਟਨ ਦੇ ਇਕ ਹੋਰ ਮੈਰਾਥਨ ਦੌੜਾਕ ਸਵਰਨ ਸਿੰਘ ਵੀ ਇਸ ਵਿਸ਼ਵ-ਪੱਧਰੀ ਦੌੜ ਵਿਚ ਹਿੱਸਾ ਲੈ ਰਹੇ ਹਨ। ਇੱਥੇ ਇਹ ਜ਼ਿਕਰਯੋਗ ਹੈ ਕਿ 66 ਸਾਲਾ ਮੈਰਾਥਨ ਦੌੜਾਕ ਧਿਆਨ ਸਿੰਘ ਸੋਹਲ ਨੇ ਇਸ ਵੱਕਾਰੀ ਦੌੜ ਲਈ ਸਾਲ 2019 ਵਿਚ ਕੁਆਲੀਫ਼ਾਈ ਕਰ ਲਿਆ ਸੀ, ਪਰ ਸਾਰੀ ਦੁਨੀਆਂ ਵਿਚ ਕਰੋਨਾ ਮਹਾਂਮਾਰੀ ਫੈਲ ਜਾਣ ਕਾਰਨ ਪਿਛਲੇ ਸਾਲ 2020 ਵਿਚ ਹੋਣ ਵਾਲਾ ਇਹ ਮੈਰਾਥਨ ਈਵੈਂਟ ਪ੍ਰਬੰਧਕਾਂ ਵੱਲੋਂ ਕੈਂਸਲ ਕਰ ਦਿੱਤਾ ਗਿਆ ਸੀ ਅਤੇ ਹੁਣ ਹਾਲਾਤ ਕੁਝ ਸੁਧਰਨ ਕਾਰਨ ਉਨ੍ਹਾਂ ਵੱਲੋਂ ਇਹ ਈਵੈਂਟ 11 ਅਕਤੂਬਰ ਨੂੰ ਕਰਵਾਇਆ ਜਾ ਰਿਹਾ ਹੈ।

ਟੀਪੀਏਆਰ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਨੇ ਇਸ ਦੇ ਬਾਰੇ ਗੱਲ ਕਰਦਿਆਂ ਦੱਸਿਆ ਕਿ ਧਿਆਨ ਸਿੰਘ ਸੋਹਲ ਅਤੇ ਸਵਰਨ ਸਿੰਘ ਦੀ ਹੌਸਲਾ-ਅਫ਼ਜ਼ਾਈ ਲਈ ਉਨ੍ਹਾਂ ਦੇ ਨਾਲ ਉਹ ਆਪ, ਜਗਤਾਰ ਸਿੰਘ ਗਰੇਵਾਲ ਅਤੇ ਅਵਤਾਰ ਸਿੰਘ ਪਿੰਕੀ ਵੀ ਜਾ ਰਹੇ ਹਨ। ਉਹ ਸਾਰੇ 9 ਅਕਤੂਬਰ ਨੂੰ ਸਵੇਰੇ ਬੋਸਟਨ ਜਾਣ ਵਾਲੀ ਫ਼ਲਾਈਟ ਲੈਣਗੇ ਅਤੇ ਉੱਥੇ ਪਹੁੰਚ ਕੇ 10 ਅਕਤੂਬਰ ਵਾਲੇ ਦਿਨ ਧਿਆਨ ਸਿੰਘ ਸੋਹਲ ਅਤੇ ਸਵਰਨ ਸਿੰਘ ਰੈੱਸਟ ਕਰਨ ਤੋਂ ਬਾਅਦ 11 ਅਕਤੂਬਰ ਨੂੰ ਸਵੇਰੇ 10 ਵਜੇ ਇਸ ਸੰਸਾਰ ਪੱਧਰੀ ਮੈਰਾਥਨ ਦੌੜ ਵਿਚ ਸ਼ਾਮਲ ਹੋਣਗੇ।

ਇੱਥੇ ਇਹ ਵਰਨਣਯੋਗ ਹੈ ਕਿ ਲੰਘੇ ਸ਼ੁਕਰਵਾਰ 1 ਅਕਤੂਬਰ ਨੂੰ ਬਰੈਂਪਟਨ ਸਿਟੀ ਕਾਉਂਸਲ ਦੇ ਦਫ਼ਤਰ ਵਿਚ ਬਰੈਂਪਟਨ ਦੇ ਮੇਅਰ ਪੈਟ੍ਰਿਕ ਬਰਾਊਨ ਅਤੇ ਸਿਟੀ ਕਾਉਂਸਲਰ ਹਰਕੀਰਤ ਸਿੰਘ ਵੱਲੋਂ ਧਿਆਨ ਸਿੰਘ ਸੋਹਲ ਨੂੰ 'ਜੀ-ਆਇਆਂ' ਕਿਹਾ ਗਿਆ ਸੀ ਅਤੇ ਉਨ੍ਹਾਂ ਨੂੰ 11 ਅਕਤੂਬਰ ਨੂੰ ਹੋ ਰਹੀ ਬੋਸਟਨ ਮੈਰਾਥਨ ਵਿਚ ਭਾਗ ਲੈਣ ਲਈ ਸ਼ੁਭ-ਇੱਛਾਵਾਂ ਦਿੱਤੀਆਂ ਗਈਆਂ ਸਨ। ਇਸ ਮੌਕੇ ਉਨ੍ਹਾਂ ਦੇ ਨਾਲ ਟੀਪੀਏਆਰ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ, ਗੁਰਦੇਵ ਸਿੰਘ ਗਿੱਲ, ਪੱਤਰਕਾਰ ਸੱਤਪਾਲ ਜੌਹਲ, ਡਾ. ਜੈਪਾਲ ਸਿੱਧੂ, ਕੋਚ ਕਰਮਜੀਤ ਸਿੰਘ ਖੰਗੂਰਾ ਅਤੇ ਨਰਿੰਦਰਪਾਲ ਉਰਫ਼ ਪਾਲ ਬੈਂਸ ਸ਼ਾਮਲ ਸਨ। ਧਿਆਨ ਸਿੰਘ ਸੋਹਲ ਵੱਲੋਂ ਬੋਸਟਨ ਵਿਖੇ 11 ਅਕਤੂਬਰ ਨੂੰ ਪਹਿਨੀ ਜਾਣ ਵਾਲੀ ਜਰਸੀ ਉੱਪਰ ਫ਼ਲਾਵਰ ਸਿਟੀ ਬਰੈਂਪਟਨ ਦੇ ਲੋਗੋ ਤੋਂ ਇਲਾਵਾ, ਲੀਜੈਂਡ ਟਾਇਰਜ਼, ਰੈੱਡ ਰੌਕ, ਕੌਨੈੱਕਸ ਇਨਸ਼ੋਅਰੈਂਸ ਬਰੋਕਰਜ਼, ਬਰੈਂਪਟਨ ਪੇਂਟਿੰਗ਼, ਜੀ.ਟੀ.ਐੱਮ., ਦੇਸੀ ਚੱਕੀ ਮਿੱਲਟ ਫ਼ਲੋਰ, ਏਕਰਸ, ਕੈਨੇਡੀਅਨ ਪੰਜਾਬੀ ਪੋਸਟ, ਇੰਸਪੀਸੇਸ਼ਨਲ ਸਟੈੱਪਸ ਅਤੇ ਐੱਨਲਾਈਟ ਕਿੱਡਜ ਦੇ ਲੋਗੋ ਚਮਕਦੇ ਦਿਖਾਈ ਦੇ ਰਹੇ ਹਨ। ਸਾਰਿਆਂ ਵੱਲੋਂ ਧਿਆਨ ਸਿੰਘ ਸੋਹਲ ਅਤੇ ਸਵਰਨ ਸਿੰਘ ਨੂੰ ਇਸ ਮਿਆਰੀ ਦੌੜ ਵਿਚ ਸਫ਼ਲਤਾ ਲਈ ਸ਼ੁਭ-ਕਾਮਨਾਵਾਂ ਦਿੱਤੀਆਂ ਜਾ ਰਹੀਆਂ ਹਨ। ਇਸ ਸਬੰਧੀ ਵਧੇਰੇ ਜਾਣਕਾਰੀ ਸੰਧੂਰਾ ਸਿੰਘ ਬਰਾੜ ਜਾਂ ਨਰਿੰਦਰ ਪਾਲ ਬੈਂਸ ਨੂੰ ਉਨ੍ਹਾਂ ਦੇ ਸੈੱਲ ਫ਼ੋਨ ਨੰਬਰਾਂ 647-893-3656 ਨੂੰ 416-275-9337 'ਤੇ ਸੰਪਰਕ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

## ਵਾਹਨ ਦੀ ਟੱਕਰ ਨਾਲ ਕਾਰ ਸਵਾਰ ਦੋ ਨੌਜਵਾਨਾਂ ਦੀ ਮੌਤ, ਦੋ ਜ਼ਖ਼ਮੀ



ਜਲੰਧਰ, 7 ਅਕਤੂਬਰ (ਪੋਸਟ ਬਿਊਰੋ)- ਬਸਤੀਆਂ ਵਿੱਚ ਸ਼ੇਰ ਸਿੰਘ ਕਾਲੋਨੀ ਨੇੜੇ ਬੀਤੀ ਰਾਤ ਰੁੱਖ ਨਾਲ ਇੱਕ ਕਾਰ ਦੇ ਵੱਜਣ ਕਾਰਨ ਚਾਲਕ ਅਤੇ ਉਸ ਨਾਲ ਬੈਠੇ ਨੌਜਵਾਨ ਦੀ ਮੌਕੇ ਉੱਤੇਮੌਤ ਹੋ ਗਈ। ਪਿੱਛੇ ਬੈਠੇ ਵਿਅਕਤੀਆਂ ਨੂੰ ਸੱਟਾਂ ਲੱਗਣ ਕਰਕੇ ਜ਼ਖ਼ਮੀ ਹਾਲਤ ਵਿੱਚ ਨਿੱਜੀ ਹਸਪਤਾਲ ਦਾਖ਼ਲ ਕਰਾਇਆ ਗਿਆ ਹੈ। ਮ੍ਰਿਤਕਾਂ ਦੀ ਪਛਾਣ ਜਸਕਰਨ ਸਿੰਘ ਉਰਫ਼ ਕਰਨ (21) ਪੁੱਤਰ ਬਲਜੀਤ ਸਿੰਘ ਉਰਫ਼ ਲੱਡੂ ਵਾਸੀ ਨਾਹਲਾ ਤੇ ਬਾਂਕੇ (28) ਪੁੱਤਰ ਸੋਮਨਾਥ ਵਾਸੀ ਚੰਡੀਗੜ੍ਹ ਮੁਹੱਲਾ, ਬਸਤੀ ਦਾਨਿਸ਼ਮੰਦਾਂ, ਜਲੰਧਰ ਵਜੋਂ ਦੱਸੀ ਗਈ ਹੈ। ਜ਼ਖ਼ਮੀਆਂ ਦੀ ਪਛਾਣ ਸੁਨੀਲ ਕੁਮਾਰ ਉਰਫ਼ ਸ਼ੀਲੀ (30) ਪੁੱਤਰ ਕਿਸ਼ਨ ਕੁਮਾਰ ਵਾਸੀ ਬੇਗਮਪੁਰਾ ਮੁਹੱਲਾ, ਬਸਤੀ ਦਾਨਿਸ਼ਮੰਦਾਂ ਤੇ ਰਾਜ ਕੁਮਾਰ (25) ਪੁੱਤਰ ਖਜਾਨ ਚੰਦ ਵਾਸੀ ਨਿਊ ਰਸੀਲਾ ਨਗਰ, ਬਸਤੀ ਦਾਨਿਸ਼ਮੰਦਾਂ, ਜਲੰਧਰ ਵਜੋਂ ਦੱਸੀ ਗਈ ਹੈ।


ਜ਼ਖ਼ਮੀ ਰਾਜ ਕੁਮਾਰ ਨੇ ਦੱਸਿਆਕਿ ਰਾਤ ਕਰੀਬ 10.30 ਵਜੇ ਉਹ ਸਾਰੇ ਦੋਸਤ ਕਾਰ ਵਿੱਚ ਕਰਨ ਦੇ ਘਰ, ਬਸਤੀ ਦਾਨਿਸ਼ਮੰਦਾਂ ਤੋਂ ਹੁੰਦੇ ਹੋਏ ਨਾਹਲਾਂ ਵਾਲੀ ਪੁਲੀ ਦੀ ਸਾਈਡ ਤੋਂ ਸ਼ੇਰ ਸਿੰਘ ਕਾਲੋਨੀ ਵੱਲ ਜਾ ਰਹੇ ਸਨ। ਜਦੋਂ ਉਹ ਭਿੰਡਰ ਇਨਕਲੇਵ ਦੇ ਗੇਟ ਤੋਂ ਕੁਝ ਕਦਮ ਦੂਰ ਸਨ ਤਾਂ ਸਾਹਮਣੇ ਤੋਂ ਆਏ ਤੇਜ਼ ਰਫ਼ਤਾਰ ਅਣਪਛਾਤੇ ਵਾਹਨ, ਜਿਸ ਨੂੰ ਕੋਈ ਲਾਪਰਵਾਹੀ ਵਾਲ ਚਲਾ ਰਿਹਾ ਸੀ, ਨੇ ਉਨ੍ਹਾਂ ਦੀ ਕਾਰ ਨੂੰ ਫੇਟ ਮਾਰ ਦਿੱਤੀ। ਇਸ ਨਾਲ ਕਰਨ ਦਾ ਕਾਰ ਉੱਤੇ ਕਾਬੂ ਨਹੀਂ ਰਿਹਾ ਤੇ ਕਾਰ ਜਾ ਕੇ ਸੜਕ ਕਿਨਾਰੇ ਲੱਗੇ ਦਰਖ਼ਤ ਨਾਲ ਟੱਕਰਾ ਗਈ। ਹਾਦਸੇ ਵਿੱਚ ਜਸਕਰਨ ਉਰਫ਼ ਕਰਨ ਅਤੇ ਬਾਂਕੇ ਦੇ ਗੰਭੀਰ ਸੱਟਾਂ ਲੱਗੀਆਂ ਅਤੇ ਪਿੱਛੇ ਬੈਠੇ ਹੋਣ ਕਰਕੇ ਉਸ ਨੂੰ ਤੇ ਸੁਨੀਲ ਉਰਫ਼ ਸ਼ੀਲੀ ਨੂੰ ਮਾਮੂਲੀ ਸੱਟਾਂ ਲੱਗੀਆਂ। ਪੁਲਸ ਨੇ ਅਣਪਛਾਤੇ ਵਿਅਕਤੀ ਖ਼ਿਲਾਫ਼ ਮੁਕੱਦਮਾ ਦਰਜ ਕਰਕੇ ਮੁਲਜ਼ਮ ਦੀ ਭਾਲ ਸ਼ੁਰੂ ਕਰ ਦਿੱਤੀ ਹੈ

## ਹਰਜੀਤ ਬਾਜਵਾ ਦੇ ਨਵੇਂ ਗੀਤ 'ਧੋਖਾ' ਦੀ ਹੋ ਰਹੀ ਕਾਫ਼ੀ ਚਰਚਾ

ਬੀਤੇ ਦਿਨੀਂ ਰੀਲੀਜ਼ ਹੋਇਆ ਹਰਜੀਤ ਬਾਜਵਾ ਦਾ ਨਵਾਂ ਗੀਤ ਜਿਸ ਦੁ ਮੁਖੜੇ "ਆਹ ਕੀ ਭਾਣਾ ਵਰਤਾਇਆ ਨੀ, ਖਾ ਲਿਆ ਮੇਰੀ ਕੁੱਖ ਦਾ ਜਾਇਆ ਨੀ" ਅੱਜਕੱਲ੍ਹ ਲੋਕਾਂ ਵਿਚ ਕਾਫ਼ੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਦਾ ਕਾਰਨ ਇਸ ਦੇ ਬੋਲਾਂ ਦਾ ਸਮਾਜ ਵਿਚ ਚੱਲ ਰਹੀ ਅਜੋਕੀ ਸਮੱਸਿਆ ਨੂੰ ਤੀਬਰਤਾ ਨਾਲ ਛੋਹਣਾ ਹੈ। ਲੱਖਾਂ ਰੁਪਏ ਖ਼ਰਚ ਕਰਕੇ ਵਿਦੇਸ਼ਾਂ ਵਿਚ ਭੇਜੀਆਂ ਗਈਆਂ ਨੂੰਹਾਂ ਜਦੋਂ ਆਪਣੇ ਪਤੀਆਂ ਨੂੰ ਭੁੱਲ ਜਾਂਦੀਆਂ ਹਨ ਤਾਂ ਉਨ੍ਹਾਂ ਵਿਚਾਰਿਆਂ ਦੀ ਘੋਰ ਨਿਰਾਸ਼ਾ ਵਿਚ ਜਾ ਕੇ ਖ਼ੁਦਕਸ਼ੀਆਂ ਕਰਨ ਦੀ ਨੌਬਤ ਆ ਜਾਂਦੀ ਹੈ। ਅਜਿਹੀਆਂ ਮੰਦ-ਭਾਗੀਆਂ ਘਟਨਾਵਾਂ ਬੀਤੇ ਦਿਨਾਂ ਵਿਚ ਲਵਪ੍ਰੀਤ ਵਰਗੇ ਕਈਆਂ ਪਤੀਆਂ ਨਾਲ ਵਾਪਰੀਆਂ ਹਨ। ਇਹ ਇਕੱਲੇ ਲਵਪ੍ਰੀਤ ਦੀ ਹੋਣੀ ਨਹੀਂ ਹੈ, ਸਗੋਂ ਉਹਦੇ ਵਰਗੇ ਕਈ ਹੋਰ ਅਜਿਹੇ ਵਰਤਾਰੇ ਦਾ ਸ਼ਿਕਾਰ ਹੋਏ ਹਨ। ਇਸ ਸੰਵੇਦਨਸ਼ੀਲ ਮੁੱਦੇ 'ਤੇ ਲਿਖੇ ਗਏ ਹਰਜੀਤ ਬਾਜਵਾ ਦੇ ਇਸ ਖ਼ੂਬਸੂਰਤ ਗੀਤ ਦੀ ਹਰ ਪਾਸਿਉਂ ਸਰਾਹਨਾ ਹੋ ਰਹੀ ਹੈ।



ਹਰਜੀਤ ਬਾਜਵਾ




ਇਸ ਗੀਤ ਨੂੰ ਕੁਲਦੀਪ ਤੂਰ ਤੇ ਕਿਰਨ ਕੌਰ ਦੀ ਗਾਇਕ ਜੋੜੀ ਨੇ ਆਪਣੀਆਂ ਸੁਰੀਲੀਆਂ ਆਵਾਜ਼ਾਂ ਵਿਚ ਬੜੇ ਰੂਹ ਨਾਲ ਗਾਇਆ ਹੈ ਅ ਸੰਗੀਤ ਰਾਜਿੰਦਰ ਸਿੰਘ ਰਾਜ ਵੱਲੋਂ ਦਿੱਤਾ ਗਿਆ ਹੈ। ਗੀਤ ਦੇ ਪਹਿਲੇ ਬੰਦ ਵਿਚ ਵਦਿਸ਼ ਗਈ ਨੂੰਹ ਦੀ ਸੱਸ ਜਦੋਂ "ਇਕ ਮਾਂ ਦਾ ਦਿਲ ਤੜਪਾ ਕੇ ਦੱਸ ਸੁੱਖ ਕਿਹੜਾ ਪਾ ਲੈਂਗੀ" ਦਾ ਵਿਰਲਾਪ ਕਰਦੀ ਹੈ ਤਾਂ ਇਸ ਦੀ ਡੂੰਘੀ ਛਾਪ ਸਰੋਤਿਆਂ ਦੇ ਮਨ 'ਤੇ ਪੈਂਦੀ ਹੈ। ਏਸੇ ਤਰ੍ਹਾਂ ਦੂਸਰੇ ਬੰਦ ਵਿਚ ਉਸ ਦਾ ਸਹੁਰਾ ਇੰਜ ਹੀ ਆਪਣੇ ਸ਼ਬਦਾਂ ਵਿਚ ਉਸ ਨੂੰ ਸੰਬੋਧਿਤ ਹੁਦਾ ਹੈ।ਤੀਸਰੇ ਬੰਦ ਵਿਚ ਉਸ ਦੀ ਨਣਾਨ (ਮਰਹੂਮ ਦੀ ਭੈਣ) ਆਪਣੀ ਰੱਖੜੀ ਦੇ ਮਾਧਿਅਮ ਰਾਹੀਂ ਉਸ ਨੂੰ ਮੁਖ਼ਾਤਿਬ ਹੁੰਦੀ ਹੈ ਅਤੇ ਆਖ਼ਰੀ ਬੰਦ ਵਿਚ ਮੁੰਡੇ ਦੇ ਦੋਸਤ ਜਦੋਂ ਉਸ ਨੂੰ ਕਹਿੰਦੇ ਹਨ, "ਉਹਦੇ ਯਾਰਾਂ ਦਾ ਦਿਲ ਤੜਪਾ ਕੇ ਦੱਸ ਸੁੱਖ ਕਿਹੜਾ ਪਾ ਲੈਂਗੀ" ਤਾਂ ਇਸ ਨੂੰ ਇਸ ਗੀਤ ਦਾ ਕਲਾਮੈਕਸਕਿਹਾ ਜਾ ਸਕਦਾ ਹੈ।

ਹਰਜੀਤ ਬਾਜਵਾ ਪੇਸ਼ੇ ਵਜੋਂ ਟਰੱਕ ਡਰਾਈਵਰ ਹੈ ਅਤੇ ਇਸ ਵਿਚ ਉਹ ਚੰਗੀ ਰੋਟੀ ਕਮਾ ਕੇ ਆਪਣੇ ਪਰਿਵਾਰ ਦੀ ਵਧੀਆ ਪਾਲਣ-ਪੋਸਣ ਕਰ ਰਿਹਾ ਹੈ। ਇਸ ਦੇ ਨਾਲ ਹੀ ਉਸ ਨੂੰ ਸਮਾਜਿਕ ਸਰੋਕਾਰਾਂ ਨਾਲ ਜੁੜੇ ਗੀਤ ਅਤੇ ਕਵਿਤਾਵਾਂ ਲਿਖਣ ਦਾ ਸ਼ੌਕ ਹੈ ਅਤੇ ਸਾਹਿਤਕ ਮਹਿਫ਼ਲਾਂ ਵਿਚ ਉਹ ਇਨ੍ਹਾਂ ਨੂੰ ਆਪਣੇ ਮਿੱਤਰਾਂ ਨਾਲ ਸਾਂਝੇ ਵੀ ਕਰਦਾ ਹੈ। ਉਹ ਹੁਣ ਤੀਕ 200 ਦੇ ਕਰੀਬ ਗੀਤ ਲਿਖ ਚੁੱਕਾ ਹੈ ਅਤੇ ਉਸ ਦੇ ਗੀਤ ਸੁਰਿੰਦਰ ਛਿੰਦਾ ਅਤੇ ਨਿਰਮਲ ਨਿੰਮਾ ਵਰਗੇ ਗਾਇਕਾਂ ਨੇ ਆਪਣੀਆਂ ਕਲਾਤਮਿਕ ਆਵਾਜ਼ਾਂ ਵਿਚ ਗਾਏ ਹਨ। ਇਹ ਗੀਤ ਲੋਕਾਂ ਵਿਚ ਕਾਫ਼ੀ ਹਰਮਨ-ਪਿਆਰੇ ਹੋਏ ਹਨ। ਉਮੀਦ ਕੀਤੀ ਜਾਂਦੀ ਹੈ ਕਿ ਇਹ ਗੀਤ 'ਧੋਖਾ' ਵੀ ਲੋਕਾਂ ਵੱਲੋਂ ਉਸ ਦੇ ਪਹਿਲੇ ਗੀਤਾਂ ਵਾਂਗ ਪਸੰਦ ਕੀਤਾ ਜਾਏਗਾ।

ਹਰਜੀਤ ਬਾਜਵਾ ਦੀ ਕਲਮ ਨੂੰ ਸਲਾਮ ਹੈ ਜੋ ਏਨੇ ਵਧੀਆ ਗੀਤਾਂ ਦੀ ਰਚਨਾ ਕਰ ਰਹੀ ਹੈ। ਸਾਂਲਾ! ਇਹ ਕਲਮ ਸਲਾਮਤ ਰਹੇ ਤੇ ਇਹ ਇੰਜ ਹੀ ਚੱਲਦੀ ਰਹੇ।

*-ਡਾ. ਸੁਖਦੇਵ ਸਿੰਘ ਝੰਡ*
*ਫ਼ੋਨ: 647-567-9128*

## ਸਤੰਬਰ ਵਿੱਚ ਭਾਰਤ ਦੇ ਘਰੇਲੂ ਹਵਾਈ ਯਾਤਰੀਆਂ ਦੀ ਗਿਣਤੀ ਤਿੰਨ ਫੀਸਦੀ ਵਧੀ

ਨਵੀਂ ਦਿੱਲੀ, 7 ਅਕਤੂਬਰ (ਪੋਸਟ ਬਿਊਰੋ)- ਕੋਰੋਨਾ ਮਹਾਮਾਰੀ ਦਾ ਪ੍ਰਭਾਵ ਲੱਗਭਗ ਖਤਮ ਹੋਣ ਪਿੱਛੋਂ ਘਰੇਲੂ ਹਵਾਈ ਯਾਤਰੀਆਂ ਦੀ ਗਿਣਤੀ ਭਾਰਤ ਵਿੱਚ ਤੇਜ਼ੀ ਨਾਲ ਵਧੀ ਹੈ।

ਖੋਜ ਸਬੰਧੀ ਸਲਾਹ ਦੇਣ ਵਾਲੀ ਕੰਪਨੀ ਇਕਰਾ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਤੰਬਰ 2021 ਵਿੱਚ ਘਰੇਲੂ ਪੱਧਰ ਉੱਤੇ ਹਵਾਈ ਯਾਤਰੀਆਂ ਦੀ ਗਿਣਤੀ ਤਿੰਨ ਫੀਸਦੀ ਵਧ ਕੇ 69 ਲੱਖ ਹੋ ਗਈ, ਜਦ ਕਿ ਇਸ ਤੋਂ ਪਿਛਲੇ ਮਹੀਨੇ ਅਗਸਤ ਵਿੱਚ 67 ਲੱਖ ਯਾਤਰੀਆਂ ਨੇ ਹਵਾਈ ਯਾਤਰਾ ਕੀਤੀ ਸੀ। ਇਸ ਤਰ੍ਹਾਂ ਬੀਤੇ ਸਤੰਬਰ ਵਿੱਚ ਹਵਾਬਾਜ਼ੀ ਕੰਪਨੀਆਂ ਦੀ ਉਡਾਣ ਦੀ ਸਮਰੱਥਾ ਵਿੱਚ ਸਤੰਬਰ 2020 ਦੀ ਤੁਲਨਾ ਵਿੱਚ ਲੱਗਭਗ 54 ਫੀਸਦੀ ਵਾਧਾ ਦਰਜ ਕੀਤਾ ਗਿਆ ਹੈ ਤੇ ਇਹ 39,628 ਤੋਂ ਵਧ ਕੇ 61,100 ਹੋ ਗਈ ਹੈ।ਇਕਰਾ ਦੇ ਉਪ ਪ੍ਰਧਾਨ ਸੁਪ੍ਰੀਓ ਬੈਨਰਜੀ ਨੇ ਕਿਹਾ ਕਿ ਇਸ ਸਾਲ ਸਤੰਬਰ ਵਿੱਚ ਘਰੇਲੂ ਪੱਧਰ ਉੱਤੇ ਕਰੀਬ 2100 ਜਹਾਜ਼ਾਂ ਨੇ ਉਡਾਣ ਭਰੀ ਜਦ ਕਿ ਸਤੰਬਰ 2020 ਵਿੱਚ ਇਹ ਅੰਕੜਾ ਕਰੀਬ 1321 ਰਿਹਾ। ਉਥੇ ਹੀ ਅਗਸਤ 2021 ਵਿੱਚ ਗਿਣਤੀ 1900 ਤੋਂ ਵੱਧ ਸੀ। ਜਨਵਰੀ 2021 ਵਿੱਚ ਇਹ ਗਿਣਤੀ 2200 ਤੋਂ ਘੱਟ ਰਹੀ। ਸਤੰਬਰ 2021 ਦੌਰਾਨ ਪ੍ਰਤੀ ਉਡਾਣ ਯਾਤਰੀਆਂ ਦੀ ਔਸਤ ਗਿਣਤੀ 113 ਸੀ ਜਦ ਕਿ ਇਸ ਤੋਂ ਪਿਛਲੇ ਮਹੀਨੇ ਇਹ ਗਿਣਤੀ ਕਰੀਬ 117 ਸੀ। ਸਤੰਬਰ ਵਿੱਚ ਵੀ ਘਰੇਲੂ ਹਵਾਈ ਆਵਾਜਾਈ ਵਿੱਚ ਰਿਕਵਰੀ ਜਾਰੀ ਰਹੀ। ਇਸ ਦੌਰਾਨ ਕਾਰਪੋਰੇਟ ਯਾਤਰੀ ਵਰਗ ਦੀ ਮੰਗ ਘਟ ਰਹੀ ਹੈ। ਕੋਰੋਨਾ ਮਹਾਮਾਰੀ ਤੋਂ ਪਹਿਲਾਂ ਦੀ ਤੁਲਨਾ ਵਿੱਚ ਸਤੰਬਰ ਵਿੱਚ ਯਾਤਰੀ ਆਵਾਜਾਈ 38 ਫੀਸਦੀ ਘੱਟ ਰਹੀ ਹੈ।


### ਫਾਰਮ ਵਰਕਰ ਦੀ ਲੋੜ

ਨਰਸਰੀ ਅਤੇ ਫਾਰਮਾਂ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

**ਮੋਬਾਇਲ: ਪਰਮਿੰਦਰ ਗਰੇਵਾਲ 647-391-1000**
**ਬਲਵੀਰ ਸਰਪੰਚ 289-541-5384**

### ਲੇਡੀਜ਼ ਵਰਕਰ ਦੀ ਲੋੜ

ਵਸਾਗਾ ਬੀਚ ਦੇ ਏਰੀਆ ਵਿਚ ਘਰ ਅਤੇ ਮੋਟਲ ਵਿਚ ਕਲੀਨਿੰਗ ਦਾ ਅਤੇ ਹੋਰ ਛੋਟੇ ਮੋਟੇ ਕੰਮ ਕਰਨ ਲਈ ਲੇਡੀਜ਼ ਵਰਕਰ ਦੀ ਲੋੜ ਹੈ। ਰਹਿਣ ਸਹਿਣ ਅਤੇ ਖਾਣ ਪੀਣ ਦੀ ਸਹੂਲਤ ਉਥੇ ਹੀ ਦਿੱਤੀ ਜਾਵੇਗੀ। ਤਨਖਾਹ ਬਾਰੇ ਅਤੇ ਹੋਰ ਜਾਣਕਾਰੀ ਲੈਣ ਲਈ ਕਾਲ ਕਰੋ :

**705-443-2556**

### BEST CANADIAN TRUCK & FORKLIFT TRAINING CENTRE

Registered as a Private Career College Under the Private Career College Act. 2005

BEST CANADIAN TRUCK & FORKLIFT TRAINING CENTRE







- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-




Karnail Singh

416.670.3173 | 905.799.7333
27 Edvac Dr, Brampton, ON L6S 5X8

### ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM


Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
ਜਨ ਤੰਤ੍ਰ: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224

# ਦਿੱਲੀ ਦੀ ਚਾਟੀ ਵਿੱਚ ਮਧਾਣੀ ਦਾ ਨਤੀਜਾ ਜਾਪਦੀਆਂ ਹਨ ਪੰਜਾਬ ਵਿੱਚ ਵਾਪਰੀਆਂ ਘਟਨਾਵਾਂ



ਜਤਿੰਦਰ ਪੰਨੂ

ਪੰਜਾਬ ਦੇ ਮੁੱਖ ਮੰਤਰੀ ਵਾਲੇ ਅਹੁਦੇ ਤੋਂ ਅਸਤੀਫਾ ਦੇਣ ਪਿੱਛੋਂ ਕੈਪਟਨ ਅਮਰਿੰਦਰ ਸਿੰਘ ਇਸ ਵੇਲੇ ਆਮ ਲੋਕਾਂ ਦੀ ਵਿਚਾਰ ਦੇ ਮੁੱਖ ਮੁੱਦਿਆਂ ਵਾਲੇ ਏਜੰਡੇ ਤੋਂ ਬਾਹਰ ਹੋ ਚੁੱਕਾ ਹੈ। ਦੂਸਰੇ ਲੋਕ ਇਸ ਏਜੰਡੇ ਲਈ ਏਨੀ ਘੜਮੱਸ ਪਾਈ ਫਿਰਦੇ ਹਨ ਕਿ ਉਨ੍ਹਾਂ ਵਿੱਚੋਂ ਚੋਣਵੇਂ ਮੁੱਦੇ ਬਣਨ ਵਾਲਿਆਂ ਦੇ ਨਾਂਅ ਚੁਣਨੇ ਔਖੇ ਹਨ। ਲੰਮਾ ਸਮਾਂ ਚੁੱਪ ਵੱਟੀ ਰੱਖਣ ਪਿੱਛੋਂ ਮਸਾਂ-ਮਸਾਂ ਚੁੱਪ ਤੋੜਨ ਪਿੱਛੋਂ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਸੰਭਾਲਣ ਤੱਕ ਜਿਹੜਾ ਨਵਜੋਤ ਸਿੰਘ ਸਿੱਧੂ ਲੋਕਾਂ ਲਈ ਹੀਰੋ ਬਣ ਕੇ ਖਬਰਾਂ ਵਿੱਚ ਛਾਇਆ ਪਿਆ ਸੀ, ਉਹ ਆਪਣੀਆਂ ਦੋ-ਚਾਰ ਤਿਕੜਮੀ ਚਾਲਾਂ ਨਾਲ ਵਿਚਾਰਨ ਯੋਗ ਲੀਡਰਾਂ ਦੀ ਲਿਸਟ ਤੋਂ ਬਾਹਰ ਨਿਕਲਦਾ ਜਾਂਦਾ ਦਿਖਾਈ ਦੇਂਦਾ ਹੈ। ਉਸ ਦੀ ਕੁਝ ਕਾਹਲ-ਕਦਮੀ ਅਤੇ ਕੁਝ ਅਹੁਦਾ ਹੱਥੋਂ ਨਿਕਲ ਜਾਣ ਦੀ ਕੁੜੱਤਣ ਦਾ ਪ੍ਰਭਾਵ ਆਮ ਲੋਕਾਂ ਵਿੱਚ ਏਨੀ ਤੇਜ਼ੀ ਨਾਲ ਫੈਲਿਆ ਹੈ ਕਿ ਉਸ ਬਾਰੇ ਕੋਈ ਗੱਲ ਕਰਨ ਵੇਲੇ ਉਸ ਦੇ ਮਿੱਤਰ ਵੀ ਕੱਚਾ ਜਿਹਾ ਹਾਸਾ ਹੱਸ ਕੇ ਮੌਕਾ ਟਾਲਣ ਲਈ ਕਿਸੇ ਦੂਸਰੀ ਚਰਚਾ ਵੱਲ ਮੁੜ ਜਾਂਦੇ ਹਨ। ਨਵਾਂ ਬਣਾਇਆ ਮੁੱਖ ਮੰਤਰੀ ਅਜੇ ਕਿੰਨੀ ਦੇਰ ਤੱਕ ਹੋਰ ਨਵਾਂ ਰਹਿਣਾ ਹੈ ਅਤੇ ਉਸ ਨੂੰ ਅਹੁਦੇ ਦੇ ਹਾਣ ਦਾ ਹੋਣ ਵਿੱਚ ਕਿੰਨਾ ਚਿਰ ਹੋਰ ਲੱਗਣਾ ਹੈ, ਇਹ ਗੱਲ ਖੁਦ ਉਸ ਨੇ ਤੈਅ ਕਰਨੀ ਹੈ, ਪਰ ਉਹ ਚੁਫੇਰਿਓਂ ਦਬਾਅ ਹੇਠ ਘਿਰਿਆ ਪਿਆ ਹੈ। ਅਕਾਲੀ ਦਲ ਦੇ ਆਗੂ ਸੁਖਬੀਰ ਸਿੰਘ ਬਾਦਲ ਨੂੰ ਆਪਣੇ ਲਈ ਪਿੜ ਖਾਲੀ ਜਿਹਾ ਜਾਪ ਰਿਹਾ ਹੈ, ਪਰ ਉਹ ਰਾਜਸੀ ਪੱਖੋਂ ਗੰਭੀਰਤਾ ਵਿਖਾਉਣ ਤੋਂ ਵੱਧ ਜਨਤਕ ਰੈਲੀ ਦਾ ਠੁੱਕ ਬੰਨ੍ਹਣ ਵਾਲਾ ਬੁਲਾਰਾ ਬਣਨ ਨੂੰ ਪਹਿਲ ਦੇਂਦਾ ਅਤੇ ਏਦਾਂ ਦੀਆਂ ਗੱਲਾਂ ਕਰਦਾ ਹੈ ਕਿ ਬਣਿਆ ਪ੍ਰਭਾਵ ਵੀ ਨਹੀਂ ਸੰਭਾਲ ਸਕਦਾ। ਆਮ ਆਦਮੀ ਪਾਰਟੀ ਨੂੰ ਉਸ ਦਾ ਕਨਵੀਨਰ ਕੇਜਰੀਵਾਲ ਬੁਲੰਦੀਆਂ ਤੱਕ ਚੁੱਕਣ ਦੇ ਯਤਨ ਸਿਰਫ ਚੋਣਾਂ ਜਿੱਤਣ ਤੋਂ ਬਾਅਦ ਦੀਆਂ ਗਾਰੰਟੀਆਂ ਦੇਣ ਤੱਕ ਸੀਮਤ ਕਰੀ ਜਾਂਦਾ ਹੈ। ਜਿਸ ਟੀਮ ਨੂੰ ਅੱਗੇ ਲਾ ਕੇ ਚੋਣ ਲੜਨ ਲਈ ਲੋਕਾਂ ਦੇ ਅੱਗੇ ਪੇਸ਼ ਕਰਨਾ ਹੈ, ਉਸ ਦਾ ਨਕਸ਼ਾ ਡੌਲਣ ਦੀ ਬਜਾਏ ਹਰ ਵਾਰੀ ਪੰਜਾਬ ਵਿੱਚ ਆਣ ਕੇ 'ਮੈਂ ਹੀ ਮੈਂ' ਨਾਲ ਏਦਾਂ ਦਾ ਪ੍ਰਭਾਵ ਬਣਾਈ ਜਾਂਦਾ ਹੈ, ਜਿਹੜਾ ਇੱਕ ਹੱਦ ਤੋਂ ਵੱਧ ਚੱਲਣ ਵਾਲਾ ਨਹੀਂ।

ਇਹੋ ਜਿਹੇ ਰਾਜਸੀ ਮਾਹੌਲ ਵਿੱਚ ਉਲਝੇ ਜਾਪ ਰਹੇ ਪੰਜਾਬ ਉੱਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਸ ਨਾਲ ਜੁੜੀ ਟੀਮ ਦੇ ਧਨੰਤਰਾਂ ਦੀ ਬਾਜ ਅੱਖ ਪੂਰੀ ਤਰ੍ਹਾਂ ਟਿਕੀ ਹੋਈ ਹੈ। ਪੰਜਾਬ ਦੀਆਂ ਰਾਜਸੀ ਪਾਰਟੀਆਂ ਅਤੇ ਲੀਡਰਾਂ ਵਿੱਚ ਅਗਲੇ ਏਜੰਡੇ ਬਾਰੇ ਗੰਭੀਰਤਾ ਦੀ ਜਿੰਨੀ ਘਾਟ ਹੈ, ਉਸ ਤੋਂ ਉਲਟ ਦਿੱਲੀ ਦੇ ਅਵਾੜੇ ਦੱਸਦੇ ਹਨ ਕਿ ਓਥੋਂ ਪੰਜਾਬ ਵੱਲ ਝਾਕਣ ਵਾਲਿਆਂ ਦੇ ਏਜੰਡੇ ਉੱਤੇ ਇਹ ਅੱਜਕੱਲ੍ਹ ਆਈਟਮ ਨੰਬਰ ਵੰਨ ਬਣਿਆ ਪਿਆ ਹੈ। ਭਾਰਤ ਦੇ ਕੁਝ ਚੋਣਵੇਂ ਰਾਜ ਸਮੁੱਚੇ ਦੇਸ਼ ਦੀ ਰਾਜਨੀਤੀ ਵਿੱਚ ਖਾਸ ਥਾਂ ਰੱਖਦੇ ਹਨ ਅਤੇ ਇਨ੍ਹਾਂ ਖਾਸ ਰਾਜ ਵਿੱਚ ਉੱਤਰ ਪ੍ਰਦੇਸ਼ ਦਾ ਨਾਂਅ ਓਥੋਂ ਦੀਆਂ ਅੱਸੀ ਪਾਰਲੀਮੈਂਟ ਸੀਟਾਂ ਕਰ ਕੇ ਹੈ, ਉਸ ਦਾ ਰਾਜਸੀ ਮਹੱਤਵ ਓਨਾ ਨਹੀਂ, ਜਿੰਨਾ ਪੱਛਮੀ ਬੰਗਾਲ, ਪੰਜਾਬ, ਕੇਰਲਾ ਜਾਂ ਗੁਜਰਾਤ ਵਰਗੇ ਰੁਝਾਨ ਤੈਅ ਕਰਨ ਵਾਲੇ ਰਾਜਾਂ ਦਾ ਹੁੰਦਾ ਹੈ। ਗੁਜਰਾਤ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਸ ਨਾਲ ਜੁੜੀ ਟੀਮ ਪਹਿਲਾਂ ਆਪਣੀ ਜੇਬ ਵਿੱਚ ਪਾ ਕੇ ਤੁਰੀ ਸੀ, ਹਿੰਦੀ ਭਾਸ਼ੀ ਰਾਜਾਂ ਵਿੱਚ ਲਗਾਤਾਰ ਜਿੱਤਾਂ ਦਾ ਡੰਕਾ ਵਜਾਉਂਦੀ ਰਹੀ, ਪਰ ਵਡੇਰੇ ਰਾਜਸੀ ਮਹੱਤਵ ਵਾਲੇ ਰਾਜਾਂ ਪੱਛਮੀ ਬੰਗਾਲ, ਕੇਰਲਾ ਤੇ ਪੰਜਾਬ ਵਿੱਚ ਛੱਤੀ ਪਾਪੜ ਵੇਲ ਕੇ ਵੀ ਇਸ ਟੀਮ ਦੇ ਪੈਰ ਅਜੇ ਤੱਕ ਨਹੀਂ ਲੱਗ ਸਕੇ। ਜਿਹੜਾ ਪ੍ਰਧਾਨ ਮੰਤਰੀ ਕਹਿੰਦਾ ਹੈ ਕਿ ਇੰਦਰਾ ਗਾਂਧੀ ਦੀ ਚੜ੍ਹਤ ਵੇਲੇ ਜਿੰਨੇ ਰਾਜਾਂ ਵਿੱਚ ਕਾਂਗਰਸ ਪਾਰਟੀ ਦੀ ਪਕੜ ਸੀ, ਉਸ ਤੋਂ ਵੱਧ ਰਾਜਾਂ ਵਿੱਚ ਇਸ ਵਕਤ ਭਾਜਪਾ ਦੀ ਚੜ੍ਹਤ ਹੈ, ਇਨ੍ਹਾਂ ਤਿੰਨ ਅਹਿਮ ਰਾਜਾਂ ਵਿੱਚ ਜਦੋਂ ਪੈਰ ਨਹੀਂ ਲੱਗ ਰਹੇ ਤਾਂ ਉਸ ਦੀ ਰਾਤਾਂ ਦੀ ਨੀਂਦ ਖਰਾਬ ਹੋਣ ਦਾ ਇੱਕ ਵੱਡਾ ਕਾਰਨ ਪੈਦਾ ਹੋ ਜਾਂਦਾ ਹੈ। ਦੁਨੀਆ ਭਰ ਵਿੱਚ ਆਪਣੀ ਧੁੰਮ ਪੈਂਦੀ ਦਾ ਇੰਡੈਕਸ ਰੋਜ਼ ਤੜਕੇ ਉੱਠ ਕੇ ਵੇਖਣ ਦਾ ਸ਼ੌਕੀਨ ਆਗੂ ਅਮਰੀਕਾ ਵਿੱਚ 'ਹਾਉਡੀ ਮੋਦੀ' ਦੀ ਗੂੰਜ ਦੇ ਬਾਅਦ ਆਪਣੇ ਦੇਸ਼ ਵਿੱਚ ਇਸ ਤਰ੍ਹਾਂ ਪਛੜਨਾ ਪਸੰਦ ਨਹੀਂ ਕਰੇਗਾ।

ਪਿਛਲੇ ਕੁਝ ਹਫਤਿਆਂ ਦੇ ਪੰਜਾਬ ਦੇ ਘਟਨਾ-ਚੱਕਰ, ਜਿਸ ਵਿੱਚ ਪਹਿਲਾਂ ਕਾਂਗਰਸ ਦੀ ਪ੍ਰਧਾਨਗੀ ਨਵਜੋਤ ਸਿੰਘ ਸਿੱਧੂ ਨੂੰ ਸੌਂਪੇ ਜਾਣ ਦੇ ਨਾਲ ਕੈਪਟਨ ਅਮਰਿੰਦਰ ਸਿੰਘ ਦੀ ਹਾਰ ਹੋਈ ਤੇ ਫਿਰ ਉਸ ਕੋਲੋਂ ਮੁੱਖ ਮੰਤਰੀ ਦੀ ਕੁਰਸੀ ਛੁਡਾ ਲੈਣ ਦੇ ਹਾਲਾਤ ਬਣਾਏ ਗਏ ਸਨ, ਇਸ ਖੇਡ ਦੀ ਸਕਰਿਪਟ ਕਿਸੇ ਸਾਧਾਰਨ ਆਗੂ ਨੇ ਨਹੀਂ ਲਿਖੀ। ਕੇਂਦਰ ਸਰਕਾਰ ਦੇ ਕੋਲ ਏਦਾਂ ਦੇ ਧਨੰਤਰ ਬੈਠੇ ਹਨ, ਜਿਹੜੇ ਸੰਸਾਰ ਭਰ ਦੀ ਰਾਜਨੀਤੀ ਦੀਆਂ ਤਿਕੜਮਾਂ ਨੂੰ ਕਿਸੇ ਵੀ ਹੋਰ ਤੋਂ ਵੱਧ ਘੋਖਣ ਦੇ ਮਾਹਰ ਹਨ। ਕਿਸੇ ਸਿਆਸੀ ਧਿਰ ਵਿੱਚ ਬੈਠਾ ਕੌਣ ਆਗੂ ਕੀ ਖਾਹਿਸ਼ਾਂ ਰੱਖਦਾ ਹੈ ਅਤੇ ਡਿੱਗਣ ਲੱਗ ਪਵੇ ਤਾਂ ਕਿੰਨਾ ਕੁ ਡਿੱਗ ਸਕਦਾ ਹੈ, ਇਸ ਦੀ ਸਮਝ ਕਿਸੇ ਵੀ ਹੋਰ ਤੋਂ ਵੱਧ ਉਨ੍ਹਾਂ ਨੂੰ ਹੈ। ਪਿਛਲੇ ਹਫਤਿਆਂ ਦੌਰਾਨ ਕਾਂਗਰਸ ਦੀ ਕੇਂਦਰੀ ਕਮਾਨ ਦੀ ਕਮਜ਼ੋਰੀ ਕਾਰਨ ਪੰਜਾਬ ਵਿੱਚ ਹਰ ਨਵੇਂ ਦਿਨ ਨਵੀਂ ਉਲਝਣ ਪੈਂਦੀ ਵੇਲੇ ਉਹ ਚੁੱਪ ਬਹਿਣ ਤੇ ਘਟਨਾਵਾਂ ਦਾ ਵਹਿਣ ਵੇਖਣ ਤੱਕ ਸੀਮਤ ਨਹੀਂ ਸਨ। ਉਹ ਇਸ ਵਹਿਣ ਦੌਰਾਨ ਵੀ ਰਾਜਸੀ ਕਿਸ਼ਤੀ ਨੂੰ ਕਿਸੇ ਨਾ ਕਿਸੇ ਚੱਪੂ ਦੀ ਹੁੱਝ ਮਾਰ ਕੇ ਆਪਣੀ ਮਰਜ਼ੀ ਦੀ ਧਾਰਾ ਵੱਲ ਚਲਾਉਣ ਦਾ ਯਤਨ ਕਰਦੇ ਰਹੇ ਹੋਣਗੇ ਤੇ ਜਦੋਂ ਪੰਜਾਬ ਵਿੱਚ ਪਹਿਲੇ ਲੀਡਰ ਨੂੰ ਹਟਾ ਕੇ ਦੂਸਰੇ ਦੀ ਸਰਕਾਰ ਬਣੀ ਹੈ ਤਾਂ ਉਸ ਦੇ ਚੰਗੇ-ਮਾੜੇ ਦਾ ਲੇਖਾ ਵੀ ਅਗਾਊਂ ਲਾ ਚੁੱਕੇ ਹੋਣਗੇ।

ਜਦੋਂ ਸਾਡੇ ਵਰਗੇ ਪੱਤਰਕਾਰ ਇਨ੍ਹਾਂ ਬੀਤੀਆਂ ਘਟਨਾਵਾਂ ਦਾ ਕਚਰਾ ਫੋਲਣ ਰੁੱਝੇ ਸਨ, ਓਦੋਂ ਗੱਦੀ ਛੱਡ ਚੁੱਕੇ ਮੁੱਖ ਮੰਤਰੀ ਦਾ ਅਚਾਨਕ ਦਿੱਲੀ ਨੂੰ ਉਡਾਰੀ ਲਾਉਣਾ, ਓਥੇ ਦੇਸ਼ ਦੇ ਗ੍ਰਹਿ ਮੰਤਰੀ ਨੂੰ ਮਿਲਣਾ ਤੇ ਫਿਰ ਪੰਜਾਬ ਸਰਹੱਦੀ ਸੂਬਾ ਹੋਣ ਦਾ ਰਾਗ ਅਲਾਪਣਾ ਕੋਈ ਸਹਿਜ ਵਿਹਾਰ ਨਹੀਂ ਸੀ। ਦਿੱਲੀ ਦੀ ਚਾਟੀ ਕਦੀ ਵਿਹਲੀ ਨਹੀਂ ਰਹਿੰਦੀ, ਹਮੇਸ਼ਾ ਕੁਝ ਨਾ ਕੁਝ ਰਿੜਕਦੀ ਰਹਿੰਦੀ ਹੈ। ਕਦੀ ਉਹ ਮਹਾਰਾਸ਼ਟਰ ਦੀ ਰਾਜਨੀਤੀ ਨੂੰ ਮਧਾਣੀ ਨਾਲ ਹਿਲਾਉਂਦੀ ਤੇ ਸ਼ਿਵ ਸੈਨਾ ਦੇ ਮੁਖੀ ਉਧਵ ਠਾਕਰੇ ਦੇ ਕਣਾਂ ਨੂੰ ਟੋਂਹਦੀ ਹੈ, ਕਦੀ ਰਾਜਸਥਾਨ ਜਾਂ ਛੱਤੀਸਗੜ੍ਹ ਅਤੇ ਝਾਰਖੰਡ ਵਿਚਲੇ ਕੁਚੱਜਿਆਂ ਦੇ ਕੋੜਮੇ ਨੂੰ ਘੁਮਾਣੀ ਮਾਰਦੀ ਹੈ ਤੇ ਪਿਛਲੇ ਦਿਨੀਂ ਉਸ ਨੇ ਤਵਾ ਗਰਮ ਵੇਖ ਕੇ ਪੰਜਾਬ ਦੀ ਰਾਜਨੀਤੀ ਵਿੱਚੋਂ ਆਪਣੀ ਲੋੜ ਦੇ ਨਤੀਜੇ ਕੱਢਣ ਦਾ ਯਤਨ ਕੀਤਾ ਜਾਪਦਾ ਹੈ। ਕੈਪਟਨ ਅਮਰਿੰਦਰ ਸਿੰਘ ਦਾ ਨਵਾਂ ਰੌਂਅ ਉਸ ਦਿੱਲੀ ਵਾਲੀ ਚਾਟੀ ਵਿੱਚ ਫਿਰਦੀ ਮਧਾਣੀ ਦੀ ਖੇਚਲ ਜਾਪਦੀ ਹੈ। ਇਹ ਖੇਚਲ ਅਗਲੇ ਸਾਲ ਤੱਕ ਪੰਜਾਬ ਨੂੰ ਨਵਾਂ ਰੰਗ ਦੇ ਸਕਦੀ ਹੈ। ਦਿੱਲੀ ਬਹੁਤ ਤੇਜ਼ ਹੈ, ਏਨੀ ਤੇਜ਼ ਕਿ ਜਦੋਂ ਇਹ ਰਾਜਨੀਤੀ ਦੀ ਸ਼ਤਰੰਜ ਉੱਤੇ ਆਪਣੀਆਂ ਚਾਲਾਂ ਚੱਲਦੀ ਹੈ, ਜਿਹੜੇ ਸੱਜਣਾਂ ਨੂੰ ਜਿੱਤਣ ਦਾ ਭਰਮ ਹੁੰਦਾ ਹੈ, ਕਈ ਸਾਲ ਬਾਅਦ ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਉਹ ਜਿੱਤੇ ਨਹੀਂ ਸਨ, ਕਿਸੇ ਹੋਰ ਦੀ ਲੋੜ ਪੂਰਤੀ ਦਾ ਵਸੀਲਾ ਬਣਨ ਵਾਲੇ ਪਿਆਦੇ ਬਣੇ ਖੇਡਦੇ ਪਏ ਸਨ। ਇਹ ਕੁਝ ਪਹਿਲਾਂ ਵੀ ਬੜੀ ਵਾਰ ਹੋਇਆ ਹੈ ਅਤੇ ਇਤਹਾਸ ਇੱਕ ਵਾਰ ਫਿਰ ਆਪਣੇ ਆਪ ਨੂੰ ਦੁਹਰਾਉਂਦਾ ਜਾਪਦਾ ਹੈ। ਸਮਝਣ ਵਾਲੇ ਲੋਕ ਸਮਝ ਕੇ ਵੀ ਬੋਲਣ ਦੀ ਥਾਂ ਚੁੱਪ ਹਨ।

# ਮੇਰੇ ਬਚਪਨ ਵਾਲੀ ਸਾਂਝੀ ਮਾਈ ...

ਦੋਸਤੋਂ ਨਰਾਤਿਆਂ ਦੇ ਆਉਣ ਤੋਂ ਕੁੱਝ ਦਿਨ ਪਹਿਲਾ ਪਿੰਡਾਂ ਵਿੱਚ ਬੱਚਿਆਂ ਵਿੱਚ ਖ਼ਾਸ ਕਰ ਕਰਕੇ ਕੁੜੀਆਂ ਵਿੱਚ ਸਾਂਝੀ ਮਾਈ ਦੀ ਤਿਆ੍ਰੀ ਸ਼ੁਰੂ ਹੋ ਜਾਂਦੀ ਹੈ।ਇਹ ਰੌਣਕ ਕਿਸੇ ਇੱਕ ਦੇ ਘਰ ਜਾਂ ਸਾਂਝੀ ਥਾਂ ਵਿੱਚ ਲੱਗਦੀ ਹੈ।ਮੈਨੂੰ ਵੀ ਅਸੀਂ ਆਪਣੇ ਬਚਪਨ ਦੀ ਸਾਂਝੀ ਮਾਈ ਯਾਦ ਆ ਗਈ ਹੈ।ਜਦੋਂ ਅਕਤੂਬਰ ਮਹੀਨਾ ਆਉਣ ਵਾਲਾ ਹੁੰਦਾ ਸੀ ਜਾਂ ਦੁਸਹਿਰੇ ਦੇ ਤਿਉਹਾਰ ਬਾਰੇ ਪਤਾ ਲੱਗ ਜਾਂਦਾ ਸੀ ਤਾਂ ਮਹੀਨਾ ਪਹਿਲਾ ਹੀ ਅਸੀਂ ਸਾਰੇ ਰਲ ਕੇ ਘਰ ਦੇ ਕੋਲੋਂ ਟੋਭੇ ਵਿੱਚੋਂ ਚੀਕਣੀ ਮਿੱਟੀ ਪੁੱਟਣ ਚਲੇ ਜਾਂਦੇ ਸੀ ਉਸ ਸਮੇਂ ਮਿੱਟੀ ਘਰ ਦੇ ਨੇੜੇ ਟੋਭੇ ਦੀ ਪੱਤਣ 'ਤੇ ਹੀ ਮਿਲਦੀ ਸੀ।ਸਾਰੇ ਆਂਢ ਗੁਆਂਢ ਦੇ ਬੱਚੇ ਖ਼ਾਸਕਰ ਕੁੜੀਆਂ ਸਾਰੀਆਂ ਇਕੱਠੀਆਂ ਹੋਕੇ ਮਿੱਟੀ ਲੈਣ ਚਲੀਆਂ ਜਾਂਦੀਆਂ ।ਇਹ ਸਾਰਾ ਸਮਾਨ ਉਸ ਘਰ ਵਿੱਚ ਰੱਖਿਆਂ ਹੁੰਦਾ ਸੀ ਜਿੰਨਾਂ ਨੇ ਸਾਂਝੀ ਮਾਈ ਦੀ ਸੁੱਖ ਸੁੱਖੀ ਹੁੰਦੀ ਸੀ ।ਚੀਕਣੀ ਮਿੱਟੀ ਨੂੰ ਕੁੱਟ ਕੇ ਛਾਣ ਕੇ ਆਟੇ ਵਾਂਗ ਗੁੰਨ ਲੈਂਦੇ ਸੀ ਤੇ ਫਿਰ ਉਸਦੇ ਤਾਰੇ ਬਣਾਉਂਦੇ ਸੀ ਛੋਟਿਆਂ ਬੱਚਿਆਂ ਨੂੰ ਤਾਰੇ ਨਹੀਂ ਆਉਂਦੇ ਸਨ ਤਾਂ ਉਹਨਾਂ ਨੂੰ ਤਾਰੇ ਧੁੱਪੇ ਸੁੱਕਣੇ ਪਾਉਣ ਦਾ ਕੰਮ ਦਿੱਤਾ ਜਾਂਦਾ ਸੀ।ਸਕੂਲੋਂ ਆਉਣ ਸਾਰ ਸ਼ਾਮ ਦੇ ਚਾਰ ਵਜੇ ਹੀ ਤਾਰੇ ਬਣਾਉਣ ਲੱਗ ਜਾਂਦੇ ਸੀ।ਸਾਂਝੀ ਮਾਈ ਦੇ ਲਈ ਲੋੜੀਦੇ ਸਮਾਨ ਲਈ ਸਾਰਿਆਂ ਤੋਂ ਥੋੜ੍ਹੇ ਬਹੁਤੇ ਪੈਸੇ ਜਾਂ ਦਾਣੇ ਇਕੱਠੇ ਕੀਤੇ ਜਾਂਦੇ ਸੀ।ਸਾਰੇ ਜਾਣੇ ਰਲ ਕੇ ਹੀ ਸਾਂਝੀ ਮਾਈ ਤਿਆਰ ਕਰਦੇ ਸੀ।ਅੱਜ ਵੀ ਓਸੇ ਤਰ੍ਹਾਂ ਹੀ ਸਾਂਝੀ ਮਾਈ ਦੇ ਸਾਰੇ ਅੰਗ ਬਣਾਏ ਜਾਂਦੇ ਹਨ।ਮੂੰਹ ਉੱਪਰ ਕੋਡੀਆਂ ਜਾ ਕੱਚ ਦੀਆਂ ਗੋ.ਲੀਆਂ ਲਗਾਈਆਂ ਜਾਂਦੀਆਂ ਹਨ।ਸਾਰੇ ਗਹਿਣੇ ਵੀ ਬਣਾਏ ਜਾਂਦੇ ਹਨ।ਇਹ ਸਾਰੇ ਅੰਗ ਚੰਦ, ਸੂਰਜ, ਤਾਰੇ ਗਹਿਣੇ ਸੁੱਕ ਜਾਂਦੇ ਹਨ।ਤਾਂ ਇਹਨਾਂ ਨੂੰ ਕਲੀ ਕੀਤੀ ਜਾਦੀ ਹੈ।ਪਹਿਲਾ ਨਰਾਤੇ ਵਾਲੇ ਦਿਨ ਘਰ ਦੀ ਇੱਕ ਕੰਧ ਤੇ ਪਹਿਲਾ ਗੋਹਾ ਮਿਟੀ ਥੱਪਿਆ ਜਾਂਦਾ ਹੈ। ਫਿਰ ਉਸ ਉਪਰ ਸਾਂਝੀ ਮਾਈ ਤੇ ਤਾਰੇ ਵੀ ਚਿਪਕਾ ਦਿੱਤੇ ਜਾਂਦੇ ਹਨ।ਸਾਂਝੀ ਮਾਈ ਉੱਤੇ ਗੋਟੇ ਵਾਲੀ ਲਾਲ ਚੁੰਨੀ ਦਿੱਤੀ ਜਾਂਦੀ ਹੈ।ਸਾਂਝੀ ਮਾਈ ਦੀ ਪੂਜਾ ਦੁਸਹਿਰੇ ਤੋਂ ਪਹਿਲਾਂ ਨੌਂ ਰਾਤਾਂ (ਨਰਾਤਿਆਂ ) ਦੌਰਾਨ ਕੀਤੀ ਜਾਂਦੀ ਹੈ। ਪੰਜਾਬ ਵਿੱਚ ਸਾਂਝੀ ਮਾਈ ਦੀ ਮੂਰਤੀ



ਬਣਾ ਕੇ ਉਸ ਦੀ ਪੂਜਾ ਕੀਤੀ ਜਾਂਦੀ ਹੈ। ਨਾਲ ਤਾਰਿਆ ਦਾ ਬਰੋਟਾ ਵੀ ਲਾਇਆ ਜਾਂਦਾ ਹੈ।ਇਸ ਲੋਕ ਦੇਵੀ ਦਾ ਸਬੰਧ ਲੋਕ ਧਰਮ ਨਾਲ ਹੈ।ਪਹਿਲੇ ਨਰਾਤੇ ਮੂਰਤੀ ਹੇਠਾਂ ਕੋਰੇ ਕੁੱਜੇ ਵਿੱਚ ਜਾਂ ਭੁੰਜੇ ਹੀ ਕਿਆਰੀ ਬਣਾ ਕੇ ਜੌਂ ਬੀਜੇ ਜਾਂਦੇ ਹਨ। ਕੁੜੀਆਂ ਹਰ ਰੋਜ਼ ਸਵੇਰੇ ਪਾਣੀ ਪਾ ਇਸਨੂੰ ਮੱਥਾ ਟੇਕਦੀਆ ਹਨ। ਸਵੇਰੇ ਸਾਂਝੀ ਨੂੰ ਜਗਾਉਂਦੀਆਂ ਹਨ ।ਗੀਤ ਵੀ ਗਾਉਂਦੀਆਂ ਹਨ।

*ਜਾਗ ਸਾਂਝੀ ਜਾਗ,*
*ਤੇਰੇ ਮੱਥੇ ਲੱਗੇ ਭਾਗ,*
*ਤੇਰੇ ਪੱਟੀਆਂ ਸਿਰ ਸੁਹਾਗ।*

*ਉੱਠ ਮੇਰੀ ਸਾਂਝੀ ਉੱਠ ਕੇ ਕੂੰਡਾ ਖੋਲ*
*ਕੁੜੀਆਂ ਆਈਆਂ ਤੇਰੇ ਕੋਲ ।*
*ਹਰ ਸ਼ਾਮ ਕੁੜੀਆਂ ਮੂਰਤੀ ਅੱਗੇ*
*ਦੀਵੇ ਜਗਾਉਦੀਆਂ ਤੇ ਗੀਤ*
*ਗਾਉਦੀਆਂ ਹਨ।ਆਰਤੀ ਇਸ ਪ੍ਰਕਾਰ*
*ਸ਼ੁਰੂ ਕਰਦੀਆਂ ਹਨ।*

*ਪਹਿਲੀ ਆਰਤੀ ਕਰਾ ਕਰਾਰ।*
*ਜੀਵੇ ਮੰਗ ਵੀਰ ਪਿਆਰ।*
*ਵੀਰ ਪਿਆਰ ਦੀਆਂ ਅੜੀਆ।*
*ਸ਼ਿਵ ਦੁਆਲੇ ਖੜ੍ਹੀਆ।*
*ਅਸੀਂ ਹਰਿ ਦਾ ਦਰਸ਼ਨ ਪਾਇਆ।*

*ਸਾਂਝੀ ਮਾਈ ਦੀ ਗਹਿਣਿਆਂ ਦੀ ਮੰਗ*
*ਪੂਰੀ ਕਰਨ ਲਈ ਕੁੜੀਆਂ ਵੱਲੋਂ ਰਲ*
*ਕੇ ਇਹ ਗੀਤ ਗਾਇਆ ਜਾਂਦਾ ਹੈ*

*ਮੇਰੀ ਸਾਂਝੀ ਤਾਂ ਮੰਗਦੀ*
*ਛੱਜ ਭਰ ਗਹਿਣੇ?*
*ਕਿੱਥੋਂ ਲਿਆਵਾ ਮੇਰੀ ਸਾਂਝੀ*



*ਮੈਂ ਛੱਜ ਭਰ ਗਹਿਣੇ?*
*ਵੀਰ ਮੇਰਾ ਸੁਣਿਆਰੇ ਦਾ ਸਾਖੀ*
*ਉਥੇ ਲਿਆਵਾ ਮੈਂ ਛੱਜ ਭਰ ਗਹਿਣੇ।*
*ਤੂੰ ਲੈ ਮੇਰੀ ਸਾਂਝੀ*
*ਛੱਜ ਭਰ ਗਹਿਣੇ।*

ਸਾਂਝੀ ਮਾਈ ਦੀ ਪੂਜਾ ਹਰ ਰੋਜ਼ ਸ਼ਾਮ ਵਕਤ ਕੀਤੀ ਜਾਂਦੀ ਹੈ। ਦੇਵੀ ਦੀ ਆਰਤੀ ਉਤਾਰਨ ਉਪਰੰਤ ਦੇਵੀ ਨੂੰ ਭੇਟ ਕੀਤਾ ਪੰਜੀਰੀ ਦਾ ਪ੍ਰਸ਼ਾਦ ਜਾ ਖਿੱਲਾਂ ਦਾ ਭੋਗ ਸਾਰਿਆਂ ਵਿੱਚ ਵੰਡਿਆ ਜਾਂਦਾ ਹੈ। ਆਰਤੀ ਤੋਂ ਬਾਅਦ ਸਾਰੇ ਬੱਚੇ ਆਟੇ ਦੀ ਸੁੱਕੀ ਪੰਜੀਰੀ ਦੀਆਂ ਮੂੰਹ ਵਿੱਚ ਫੱਕਾ ਮਾਰਦੇ ਭੱਜੇ ਆਉਂਦੇ । ਦੁਸਹਿਰੇ ਵਾਲੇ ਦਿਨ, ਕੁੜੀਆਂ ਸਵੇਰੇ ਤਿੰਨ ਚਾਰ ਵਜੇ ਉੱਠ ਕੇ ਉਸੇ ਦਿਨ ਸਰਘੀ ਵੇਲੇ ਸਾਂਝੀ ਮਾਈ ਦੀ ਮੂਰਤੀ ਨੂੰ ਕੰਧ ਤੋਂ ਉਤਰ ਕੇ ਗੀਤ ਗਾਉਂਦੀਆਂ ਔਰਤਾਂ ਅਤੇ ਬਚਿਆਂ ਦੇ ਟੋਲਿਆਂ ਵਲੋਂ ਕਿਸੇ ਟੋਭੇ ਜਾਂ ਨਦੀ ਨਾਲੇ ਵਿੱਚ, ਜਲ-ਪ੍ਰਵਾਹ ਕਰ ਦਿੱਤਾ ਜਾਂਦਾ ਹੈ।ਚੰਨ ਤੇ ਸੂਰਜ ਨੂੰ ਰੱਖਿਆਂ ਜਾਂਦਾ ਸੀ ਦੀਵਾਲੀ ਤੱਕ।ਉਸ ਸਮੇਂ ਸਾਂਝੀ ਮਾਈ ਲਈ ਗੀਤ ਗਾਇਆ ਜਾਂਦਾ ਹੈ

*ਨਾ ਗੋਅ ਮੇਰੀਏ ਸਾਂਝੀਏ,*
*ਵਰੇ ਦਿਨਾਂ ਨੂੰ ਫੇਰ ਆਵਾਂਗੇ,*
*ਤੈਨੂੰ ਫੇਰ ਲਿਆਵਾਂਗੇ।*

ਇਸ ਤੋਂ ਬਾਅਦ ਗੁਰੂ ਘਰ ਮੱਥਾ ਟੇਕ ਕੇ ਫਿਰ ਸਾਰਿਆਂ ਨੂੰ ਭੋਗ ਵੰਡਿਆਂ ਜਾਂਦਾ ਹੈ।ਅਸੀਂ ਸਾਰੇ ਹੀ ਬੜੇ ਚਾਅ ਨਾਲ ਭੋਗ ਕੋਲੀਆਂ ਵਿੱਚ ਪਵਾ ਕੇ ਖਾਂਦੇ ਸੀ।ਓਸੇ ਦਿਨ ਹੀ ਕੁੜੀਆਂ ਜੌਂਆਂ ਦੀਆਂ ਹਰੀਆਂ ਲਿਟਾਂ ਭਰਾਵਾਂ ਦੀਆਂ ਪੱਗੜੀਆਂ ਜਾਂ ਕੰਨਾਂ ਉੱਤੇ ਟੰਗਦੀਆਂ ਹਨ।ਉਸ ਦਿਨ ਗੰਨਾ ਚੂਪਣਾ ਚੰਗਾ ਸਮਝਿਆਂ ਜਾਂਦਾ ਹੈ।ਦਿਨ ਚੜ੍ਹਨ 'ਤੇ ਸਾਰੇ ਅਸੀਂ ਫਿਰ ਗੰਨੇ ਚੂਪਦੇ ਤੇ ਦੁਸਹਿਰਾ ਦੇਖਣ ਜਾਂਦੇ ਸੀ।ਬਚਪਨ ਵਿੱਚ ਇਹ ਸਾਂਝੀ ਮਾਈ ਦੀ ਤਿਆਰੀ ਤੋਂ ਲੈਕੇ ਦੀਵਾਲੀ ਤੱਕ ਇਹ ਦਿਨ ਬੜੇ ਹੀ ਚਾਅ ਮਸਤੀ ਭਰਪੂਰ ਹੁੰਦੇ ਸੀ ।

*-ਗਗਨਦੀਪ ਧਾਲੀਵਾਲ*
*ਝਲੂਰ, ਬਰਨਾਲਾ।*

# ਆਉਣ ਵਾਲੇ ਸਮੇਂ ਵਿਚ ਬੱਚਿਆਂ ਦੀ ਚਿੰਤਾ

ਮਹਾਂਮਾਰੀ ਦੇ ਲੰਮੇ ਅਰਸੇ ਤੋਂ ਬਾਅਦ ਬਹੁਤੇ ਰਾਜਾਂ ਵਿੱਚ ਸਕੂਲ ਖੁੱਲ੍ਹ ਗਏ ਹਨ। ਹਾਲਾਂਕਿ ਅਜੇ ਵੀ ਬਹੁਤ ਸਾਰੇ ਰਾਜਾਂ ਵਿੱਚ ਛੋਟੀਆਂ ਕਲਾਸਾਂ ਸ਼ੁਰੂ ਨਹੀਂ ਹੋਈਆਂ ਹਨ। ਇਸ ਦੇ ਪਿੱਛੇ ਮੁੱਖ ਕਾਰਨ ਲਾਗ ਦੇ ਦੁਬਾਰਾ ਫੈਲਣ ਦੀ ਸੰਭਾਵਨਾ ਹੈ। ਇਹ ਮੰਨਿਆ ਜਾਂਦਾ ਹੈ ਕਿ ਭੀੜ ਵਿੱਚ ਅਚਾਨਕ ਵਾਧੇ ਦੇ ਕਾਰਨ ਬੱਚਿਆਂ ਨੂੰ ਲਾਗ ਨਹੀਂ ਲੱਗਣੀ ਚਾਹੀਦੀ। ਹਾਲਾਂਕਿ, ਸਮੇਂ ਸਮੇਂ ਤੇ ਮਹਾਂਮਾਰੀ ਵਿਗਿਆਨੀਆਂ ਨੇ ਇਸ ਖਦਸ਼ੇ ਨੂੰ ਖਾਰਜ ਕਰ ਦਿੱਤਾ ਹੈ। ਦੂਜੀ ਲਹਿਰ ਦੇ ਫੈਲਣ ਦੇ ਹੌਲੀ ਹੋਣ ਤੋਂ ਬਾਅਦ, ਮਾਹਰਾਂ ਦੇ ਸੁਝਾਅ ਆਏ ਕਿ ਜਿੱਥੇ ਲਾਗ ਦਾ ਫੈਲਣਾ ਕਮਜ਼ੋਰ ਹੋ ਗਿਆ ਹੈ, ਸਕੂਲ ਸਾਵਧਾਨੀ ਨਾਲ ਖੋਲ੍ਹੇ ਜਾ ਸਕਦੇ ਹਨ। ਇਸ ਤੋਂ ਬਾਅਦ, ਜੁਲਾਈ ਵਿੱਚ, ਰਾਜਸਥਾਨ, ਹਿਮਾਚਲ ਪ੍ਰਦੇਸ਼, ਗੁਜਰਾਤ, ਮੱਧ ਪ੍ਰਦੇਸ਼, ਤੇਲੰਗਾਨਾ, ਛੱਤੀਸਗੜ੍ਹ, ਬਿਹਾਰ, ਪੰਜਾਬ ਵਰਗੇ ਕਈ ਰਾਜਾਂ ਨੇ ਪੜਾਅਵਾਰ ਤਰੀਕੇ ਨਾਲ ਸਕੂਲ ਖੋਲ੍ਹਣ ਵੱਲ ਕਦਮ ਵਧਾਏ। ਪਹਿਲੇ ਪੜਾਅ ਵਿੱਚ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਸਕੂਲ ਆਉਣ ਦੀ ਇਜਾਜ਼ਤ ਦਿੱਤੀ ਗਈ ਸੀ। ਕੁਝ ਰਾਜਾਂ ਵਿੱਚ ਵੱਧ ਰਹੇ ਮਾਮਲਿਆਂ ਦੇ ਮੱਦੇਨਜ਼ਰ ਕਈ ਰਾਜਾਂ ਨੂੰ ਅੱਠਵੀਂ ਕਲਾਸ ਤੱਕ ਕਲਾਸਾਂ ਨਾ ਬੁਲਾਉਣ ਦਾ ਫੈਸਲਾ ਲੈਣਾ ਪਿਆ।

ਬਾਰਾਂ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਵੀ ਸੰਕਰਮਣ ਫੈਲਣ ਦਾ ਵਧੇਰੇ ਖਤਰਾ ਮੰਨਿਆ ਜਾਂਦਾ ਹੈ ਕਿਉਂਕਿ ਇਸ ਉਮਰ ਸਮੂਹ ਦੇ ਬੱਚਿਆਂ ਦਾ ਟੀਕਾਕਰਨ ਅਜੇ ਸ਼ੁਰੂ ਨਹੀਂ ਹੋਇਆ ਹੈ। ਫਿਰ ਬਾਰ ਬਾਰ ਤੀਜੀ ਲਹਿਰ ਦਾ ਡਰ ਵੀ ਉਠਿਆ। ਇਸ ਕਾਰਨ ਬੱਚਿਆਂ ਵਿੱਚ ਸਕੂਲ ਭੇਜਣ ਨੂੰ ਲੈ ਕੇ ਲੋਕਾਂ ਵਿੱਚ ਡਰ ਬਣਿਆ ਹੋਇਆ ਸੀ। ਹਾਲਾਂਕਿ, ਹੁਣ ਭਾਰਤ ਵਿੱਚ ਬੱਚਿਆਂ ਦੇ ਟੀਕੇ ਵੀ ਲਗਭਗ ਤਿਆਰ ਹਨ ਅਤੇ ਜਲਦੀ ਹੀ ਸ਼ੁਰੂ ਹੋ ਜਾਣਗੇ। ਪਰ ਦੇਸ਼ ਭਰ ਵਿੱਚ ਬੱਚਿਆਂ ਦਾ ਟੀਕਾਕਰਨ ਕਰਨ ਵਿੱਚ ਲੰਬਾ ਸਮਾਂ ਲੱਗੇਗਾ। ਅਜਿਹੇ ਵਿੱਚ ਸਵਾਲ ਇਹ ਹੈ ਕਿ ਕਦੋਂ ਤੱਕ ਬੱਚਿਆਂ ਨੂੰ ਸਕੂਲ ਨਹੀਂ ਭੇਜਣਾ ਚਾਹੀਦਾ? ਇਸ ਸਬੰਧ ਵਿੱਚ ਵਿਸ਼ਵ ਬੈਂਕ ਦੀ ਇੱਕ ਤਾਜ਼ਾ ਰਿਪੋਰਟ ਦਿਲਾਸਾ ਦਿੰਦੀ ਜਾਪਦੀ ਹੈ। ਇਹ ਰਿਪੋਰਟ ਕਹਿੰਦੀ ਹੈ ਕਿ ਜੇ ਬੱਚਿਆਂ ਨੂੰ ਵੱਡੇ ਪੱਧਰ 'ਤੇ ਟੀਕਾ ਨਹੀਂ ਲਗਾਇਆ ਜਾਂਦਾ, ਤਾਂ ਵੀ ਕੋਈ ਖ਼ਤਰਾ ਨਹੀਂ ਹੁੰਦਾ। ਰਿਪੋਰਟ ਵਿੱਚ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਹੈ ਕਿ ਬੱਚਿਆਂ ਨੂੰ ਘਰ ਵਿੱਚ ਆਨਲਾਈਨ ਪੜ੍ਹਾਈ ਦੇ ਦੁਸ਼ਟ ਚੱਕਰ ਵਿੱਚੋਂ ਬਾਹਰ ਕੱਢਣਾ ਜ਼ਰੂਰੀ ਹੈ, ਕਿਸੇ ਵੀ ਤਰੀਕੇ ਨਾਲ। ਇਸ ਕਾਰਨ ਬੱਚੇ ਸਰੀਰਕ ਅਤੇ ਮਾਨਸਿਕ ਰੂਪ ਤੋਂ ਬਿਮਾਰ ਹੋ ਰਹੇ ਹਨ। ਉਦਾਸੀ, ਚਿੰਤਾ, ਹਿੰਸਾ ਵਰਗੀਆਂ ਗੰਭੀਰ ਸਮੱਸਿਆਵਾਂ ਉਨ੍ਹਾਂ ਨੂੰ ਘੇਰ ਰਹੀਆਂ ਹਨ। ਖੁਦਕੁਸ਼ੀਆਂ ਦੀਆਂ ਘਟਨਾਵਾਂ ਵਧ ਰਹੀਆਂ ਹਨ। ਇਸ ਲਈ, ਲਾਗ ਨਾਲੋਂ ਵੱਡਾ ਖਤਰਾ ਹੁਣ ਮਹਾਂਮਾਰੀ ਦਾ ਖਤਰਾ ਬਣ ਗਿਆ ਹੈ।

ਇਹ ਸੱਚ ਹੈ ਕਿ ਮਹਾਂਮਾਰੀ ਦਾ ਖਤਰਾ ਪਹਿਲਾਂ ਨਾਲੋਂ ਵੀ ਜ਼ਿਆਦਾ ਗੰਭੀਰ ਸੀ ਕਿਉਂਕਿ ਕਿਸੇ ਨੂੰ ਵੀ ਇਸਦੇ ਮੂਲ, ਫੈਲਣ ਅਤੇ ਇਲਾਜ ਬਾਰੇ ਕੁਝ ਨਹੀਂ ਪਤਾ ਸੀ। ਪਰ ਹੁਣ ਇਸ ਬਾਰੇ ਬਹੁਤ ਕੁਝ ਸਾਹਮਣੇ ਆਇਆ ਹੈ। ਟੀਕਾਕਰਣ ਵੱਡੇ ਪੱਧਰ 'ਤੇ ਹੋ ਰਿਹਾ ਹੈ। ਲੋਕਾਂ ਨੇ ਡਰ ਤੋਂ ਬਚਾਅ ਦੇ ਉਪਾਅ ਵੀ ਅਪਣਾਉਣੇ ਸ਼ੁਰੂ ਕਰ ਦਿੱਤੇ ਹਨ। ਡੇ ਅਨਦ ਸਾਲ ਦੇ ਤਜ਼ਰਬੇ ਨੇ ਮੈਨੂੰ ਮਹਾਂਮਾਰੀ ਅਤੇ ਇਸ ਤੋਂ ਪੈਦਾ ਹੋਏ ਸੰਕਟਾਂ ਨਾਲ ਨਜਿੱਠਣ ਬਾਰੇ ਬਹੁਤ ਕੁਝ ਸਿੱਖਣ ਦਾ ਮੌਕਾ ਦਿੱਤਾ ਹੈ। ਹਾਲਾਂਕਿ ਛੋਟੇ ਬੱਚਿਆਂ ਦੇ ਨਾਲ ਵਿਹਾਰਕ ਮੁਸ਼ਕਲਾਂ ਹੋ ਸਕਦੀਆਂ ਹਨ, ਹੁਣ ਸਾਡੇ ਕੋਲ ਉਨ੍ਹਾਂ ਨੂੰ ਦੂਰ ਕਰਨ ਦੇ ਤਰੀਕੇ ਹਨ। ਜੇ ਸਕੂਲਾਂ ਵਿੱਚ ਸਾਵਧਾਨੀ ਵਰਤੀ ਜਾਂਦੀ ਹੈ ਅਤੇ ਬੱਚਿਆਂ ਵਿੱਚ ਕੋਰੋਨਾ ਰੋਕੂ ਵਿਵਹਾਰ ਦੀ ਪਾਲਣਾ ਕਰਨ ਦੀ ਆਦਤ ਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਤਾਂ ਉਨ੍ਹਾਂ ਨੂੰ ਸਕੂਲ ਭੇਜਣ ਤੋਂ ਡਰਨ ਦੀ ਕੋਈ ਗੱਲ ਨਹੀਂ ਹੈ। ਬੱਚਿਆਂ ਦੇ ਵਿਕਾਸ ਅਤੇ ਸ਼ਖਸੀਅਤ ਨਿਰਮਾਣ ਵਿੱਚ ਸਕੂਲ ਜੋ ਭੂਮਿਕਾ ਨਿਭਾਉਂਦੇ ਹਨ ਉਹ ਘਰ ਬੈਠੇ ਆਨਲਾਈਨ ਸਿੱਖਿਆ ਪ੍ਰਣਾਲੀ ਵਿੱਚ ਸੰਭਵ ਨਹੀਂ ਹੈ। ਇਸ ਲਈ, ਹੁਣ ਸਕੂਲ ਖੋਲ੍ਹਣ ਵਿੱਚ ਕੋਈ ਝਿਜਕ ਨਹੀਂ ਹੋਣੀ ਚਾਹੀਦੀ। ਨਿਯਮਾਂ ਦੀ ਮਿਆਰੀ ਪ੍ਰਕਿਰਿਆ ਦੀ ਪਾਲਣਾ ਕਰਨਾ ਨਿਸ਼ਚਤ ਕਰੋ, ਇਹ ਵੇਖਣਾ ਬਾਕੀ ਹੈ।

*-ਵਿਜੈ ਗਰਗ*
*ਸਾਬਕਾ ਪੀਈਐਸ -1*
*ਸਿੱਖਿਆ ਸ਼ਾਸਤਰੀ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ।*

# Trudeau's apology a case of "the boy who cried wolf"

It's a tale as old as time. A boy takes his flock of sheep up the hill to enjoy the sun and the fresh green grass. When he arrives at the top, he sits for the entire day, becoming bored at the lack of things to do.

One day, he had an idea. He shouted out, "Wolf!" at the top of his lungs to get over his boredom. A group of men from the nearby town ran up the hill, pitch-forks in hand, hearing a cry for help, but to their surprise, they saw no one but the boy.

The next day, the boy did it again. "Wolf! WOLF!" The boy threw stones down the hill towards the villagers, who once again ran up the hill to see what was happening. Again, the boy laughed at them, realizing he'd fooled them once again. The villagers became furious and told him to stop crying for help if there was no danger.

*Sound familiar?*

There's another "boy who cried wolf," and he sits in the top office of this country. Born with a silver spoon in his mouth, he thought he would play a joke on his friends one day. He covered himself in blackface and made a mockery of ethnic stereotypes. The townspeople were up in arms, but eventually excused the boy's behaviour.



Surjit Singh Flora

Then, the boy took the money of the people and used it on private vacations, grinning all the while as his family took photos on the people's dime. The people shouted and cried, but the boy kept grinning, and they eventually accepted it.

The third time, in the midst of a somber series of national remembrances for Indigenous children who died in residential schools, he was busy on vacation. When the people found him, he was busy soaking up the sun and taking selfies.

*Are the people going to forgive him again?*

Possibly not, if the response is any indication.

The Truth and Reconciliation Commission reported 94 calls for action to alleviate the suffering of residential schools and to alleviate past suffering through honest treatment of aborigines. A 1953 survey found that 10,112 children were enrolled in residential schools at the time. Of these, 4,313 children could be called orphans because they had lost touch with their parents, or their parents had lost their children. In the 120-year history of residential schools, a total of 1.5 million children have been forced to suffer, with 3,200 children dying on school premises. 32,970 children were sexually abused.

Sexual offense is a crime that lasts a lifetime. 70,000 people still live in Canada who have lived in residential schools.

They were hopeful that Prime Minister Justin Trudeau would do justice to the issue, but he instead spent Truth and Reconciliation Day on a beach in Tofino, B.C. with his family. Rather than heal the wounds, he put salt on them.

Yet again, Trudeau made a show of an "apology" to those who he offended, but that might not be enough this time around.

Assembly of First Nations National Chief RoseAnne Archibald says Trudeau's apology after he skipped reconciliation events in favour of vacationing in Tofino on the first National Day of Truth and Reconciliation is simply not good enough.

Remember the moral of the "boy who cried wolf" - that boy did see a wolf, and despite shouting out, "Wolf! WOLF!" the townspeople ignored his cries. The boy returned home with several of his sheep missing due to the wolf, while the rest of his flock fled. From that point on, the boy promised never to lie again.

So that's what we are looking for, for the next election - when Trudeau calls for help for "Votes" – who will be there to vote for him?

## ਹਲਕਾ ਫੁਲਕਾ

ਇੱਕ ਲੜਕਾ ਦੌੜਦਾ ਹੋਇਆ ਲੜਕੀ ਕੋਲ ਗਿਆ ਤੇ ਬੋਲਿਆ, "ਮੈਂ ਤੇਰੇ ਨਾਲ ਦੋਸਤੀ ਕਰਨਾ ਚਾਹੁੰਦਾ ਹਾਂ।"
ਲੜਕੀ ਨੇ ਬੜੇ ਠਰ੍ਹੰਮੇ ਨਾਲ ਜਵਾਬ ਦਿੱਤਾ, "ਸਾਡੀ ਦੁਸ਼ਮਣੀ ਕਦੋਂ ਸੀ ਭਾਅ ਜੀ?"

*******

ਟੀਚਰ, "ਬੱਚਿਓ, ਤੁਸੀਂ ਆਪਸ ਵਿੱਚ ਏਕਤਾ ਨਾਲ ਅਤੇ ਮਿਲ ਕੇ ਰਿਹਾ ਕਰੋ। ਹਰ ਕੰਮ ਮਿਲ-ਜੁਲ ਕੇ ਕਰਨ ਨਾਲ ਵੱਡਾ ਲਾਭ ਹੁੰਦਾ ਹੈ।"
ਵਿਦਿਆਰਥੀ, "ਸਰ, ਜਦ ਅਸੀਂ ਪੇਪਰਾਂ ਵਿੱਚ ਪਰਚੇ ਆਪਸ ਵਿੱਚ ਮਿਲ ਕੇ ਕੰਮ ਕਰਦੇ ਹਾਂ ਤਾਂ ਤੁਸੀਂ ਨਾਰਾਜ਼ ਕਿਉਂ ਹੋ ਜਾਂਦੇ ਹੋ?"

*********

ਇੱਕ ਬਜ਼ੁਰਗ ਨੇ ਦਫਤਰ ਵਿੱਚ ਜਾ ਕੇ ਮੈਨੇਜਰ ਨੂੰ ਕਿਹਾ, "ਤੁਹਾਡੇ ਦਫਤਰ ਵਿੱਚ ਮੇਰਾ ਲੜਕਾ ਕੰਮ ਕਰਦਾ ਹੈ, ਕੀ ਮੈਂ ਉਸ ਨੂੰ ਮਿਲ ਸਕਦਾ ਹਾਂ?"
ਮੈਨੇਜਰ ਨੇ ਗੌਰ ਨਾਲ ਦੇਖਿਆ ਅਤੇ ਕਿਹਾ, "ਮਾਫ ਕਰਨਾ ਤੁਸੀਂ ਦੇਰ ਨਾਲ ਆਏ ਹੋ। ਤੁਹਾਡਾ ਲੜਕਾ ਤੁਹਾਡਾ ਅੰਤਿਮ ਸਸਕਾਰ ਕਰਨ ਲਈ ਛੁੱਟੀ ਲੈ ਕੇ ਥੋੜ੍ਹੀ ਦੇਰ ਪਹਿਲਾਂ ਗਿਆ ਹੈ।"



**********


ਗੀਤਾ, "ਦੁਨੀਆ ਵਿੱਚ ਕਿਹੋ ਜਿਹੇ ਲੋਕ ਭਰੇ ਪਏ ਹਨ?"
ਰੀਟਾ, "ਕਿਉਂ ਕੀ ਹੋਇਆ?"
ਗੀਤਾ, "ਕੱਲ੍ਹ ਸਵੇਰੇ ਦੁੱਧ ਵਾਲੀ ਮੈਨੂੰ 10 ਰੁਪਏ ਦਾ ਖੋਟਾ ਸਿੱਕਾ ਦੇ ਗਈ।"
ਰੀਟਾ, "ਕਿੱਥੇ ਹੈ ਉਹ ਸਿੱਕਾ?"
ਗੀਤਾ, "ਉਹ ਮੈਂ ਸਬਜ਼ੀ ਵਾਲੇ ਨੂੰ ਦੇ ਕੇ ਸਬਜ਼ੀ ਖਰੀਦ ਲਈ ਸੀ।"

*********

ਪਤੀ, "ਤੂੰ ਮੈਨੂੰ ਗੱਲ-ਗੱਲ ਉੱਤੇ ਆਪਣੀ ਮਾਂ ਕੋਲ ਜਾਣ ਦੀ ਧਮਕੀ ਕਿਉਂ ਦਿੰਦੀ ਏਂ? ਇਹ ਚੰਗੀ ਗੱਲ ਨਹੀਂ"
ਪਤਨੀ, "ਠੀਕ ਹੈ, ਮੈਂ ਜਾਣ ਦਾ ਇਰਾਦਾ ਛੱਡ ਦਿੱਤਾ ਹੈ। ਮੈਂ ਮਾਂ ਨੂੰ ਇੱਥੇ ਹੀ ਬੁਲਾ ਲਵਾਂਗੀ?"

*********

ਪਤਨੀ, "ਜੇ ਫਿਰ ਤੋਂ ਲਾਕਡਾਊਨ ਲੱਗ ਜਾਵੇ ਤਾਂ ਮਜ਼ਾ ਆ ਜਾਵੇ।"
ਪਤੀ, "ਕਿਉਂ?"
ਪਤਨੀ, "ਮੈਨੂੰ ਕੰਮ ਵਾਲੀ ਨਾਲੋਂ ਤੁਹਾਡਾ ਕੀਤਾ ਕੰਮ ਜ਼ਿਆਦਾ ਚੰਗਾ ਲੱਗਦਾ ਹੈ।"





## ਬੇਅਦਬੀ ਕਾਂਡ ਕੇਸ ਵਿੱਚ ਡੇਰਾ ਪ੍ਰੇਮੀਆਂ ਦੇ ਖਿਲਾਫ ਦੋਸ਼ ਲਾਗੂ ਨਹੀਂ ਹੋ ਸਕੇ

ਫਰੀਦਕੋਟ, 7 ਅਕਤੂਬਰ (ਪੋਸਟ ਬਿਊਰੋ)- ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ਗਲੀਆਂ ਵਿੱਚ ਖਿਲਾਰਨ ਤੇ ਇਤਰਾਜ਼ਯੋਗ ਪੋਸਟਰ ਲਾਉਣ ਦੇ ਕੇਸ ਵਿੱਚ ਨਾਮਜ਼ਦ ਡੇਰਾ ਪ੍ਰੇਮੀਆਂ ਖਿਲਾਫ ਕੱਲ੍ਹ ਇੱਥੇ ਦੋਸ਼ ਲਾਗੂ ਨਹੀਂ ਹੋ ਸਕੇ।

ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਇਨ੍ਹਾਂ ਕੇਸਾਂ ਵਿੱਚ 6 ਡੇਰਾ ਪ੍ਰੇਮੀਆਂ ਦੇ ਖਿਲਾਫ ਚਾਲਾਨ ਪੇਸ਼ ਕਰ ਚੁੱਕੀ ਹੈ। ਡੇਰਾ ਪ੍ਰੇਮੀਆਂ ਨੇ ਜੁਡੀਸ਼ਲ ਮੈਜਿਸਟਰੇਟ ਤਰਜਨੀ ਦੀ ਅਦਾਲਤ ਵਿੱਚ ਅਰਜ਼ੀ ਦੇ ਕੇ ਮੰਗ ਕੀਤੀ ਹੈ ਕਿ ਦੋਸ਼ ਲਾਗੂ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਖਿਲਾਰੇ ਗਏ ਅੰਗਾਂ ਦੀਆਂ ਤਸਵੀਰਾਂ ਦਿੱਤੀਆਂ ਜਾਣ ਤੇ ਨਾਲ ਗੁਰੂ ਗ੍ਰੰਥ ਸਾਹਿਬ ਚੋਰੀ ਕਰਨ ਦੇ ਦੋਸ਼ਾਂ ਵਿੱਚ ਸਭ ਤੋਂ ਪਹਿਲਾਂ ਗ੍ਰਿਫਤਾਰ ਕੀਤੇ ਗਏ ਭੁਪਿੰਦਰ ਸਿੰਘ ਤੇ ਜਸਵਿੰਦਰ ਸਿੰਘ ਦੀ ਫੋਨ ਰਿਕ-'ਰਡਿੰਗ ਦਾ ਰਿਕਾਰਡ ਦਿੱਤਾ ਜਾਵੇ।ਡੇਰਾ ਪ੍ਰੇਮੀਆਂ ਨੇ ਅਦਾਲਤ ਵਿੱਚ ਮੰਗ ਕੀਤੀ ਹੈ ਕਿ ਵਿਵਾਦਤ ਪੋਸਟਰ ਦੀ ਪਰਖ ਰਿਪੋਰਟ ਦੀ ਨਕਲ ਵੀ ਉਨ੍ਹਾਂ ਨੂੰ ਦਿੱਤੀ ਜਾਵੇ ਅਤੇ ਇਨ੍ਹਾਂ ਕੇਸਾਂ ਦੀ ਜਾਂਚ ਦੌਰਾਨ ਸੀ ਬੀ ਆਈ ਨੇ ਜਿਹੜੇ ਗਵਾਹਾਂ ਦੇ ਬਿਆਨ ਲਿਖੇ ਸਨ, ਉਨ੍ਹਾਂ ਦੀਆਂ ਨਕਲਾਂ ਦਿੱਤੀਆਂ ਜਾਣ। ਅਦਾਲਤ ਨੇ ਇਸ ਬਾਰੇ ਵਿਸ਼ੇਸ਼ ਜਾਂਚ ਟੀਮ ਨੂੰ ਆਪਣਾ ਪੱਖ ਲਿਖਤੀ ਤੌਰ ਉੱਤੇ ਰੱਖਣ ਲਈ ਕਿਹਾ ਹੈ। ਇਸ ਅਰਜ਼ੀ ਦੇ ਨਿਪਟਾਰੇ ਤੋਂ ਬਾਅਦ ਮੁਲਜ਼ਮਾਂ ਖਿਲਾਫ ਚਾਰਜ ਲਾਉਣ ਦੇ ਮੁੱਦੇ ਉੱਤੇ ਬਹਿਸ ਹੋਵੇਗੀ। ਅਦਾਲਤ ਨੇ ਇਸ ਦੀ ਸੁਣਵਾਈ 27 ਅਕਤੂਬਰ ਤਕ ਮੁਲਤਵੀ ਕਰ ਦਿੱਤੀ ਹੈ।

## ਮੁੱਖ ਮੰਤਰੀ ਚੰਨੀ ਨੇ ਰਾਤ ਡੇਢ ਵਜੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ


ਮੋਰਿੰਡਾ, 7 ਅਕਤੂਬਰ (ਪੋਸਟ ਬਿਊਰੋ)- ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਰਾਤ ਡੇਢ ਵਜੇ ਮੋਰਿੰਡਾ ਸ਼ਹਿਰ ਵਿੱਚ ਆਪਣੀ ਰਿਹਾਇਸ਼ ਉੱਤੇ ਪਹੁੰਚ ਕੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਹਾਜ਼ਰ ਅਧਿਕਾਰੀਆਂ ਨੂੰ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਉਣ ਦੇ ਨਿਰੇਦਸ਼ ਦਿੱਤੇ, ਜਿਸ ਤੋਂ ਹਰ ਕੋਈ ਹੈਰਾਨ ਹੈ।



ਇਸ ਸੰਬੰਧ ਵਿੱਚ ਮੁੱਖ ਮੰਤਰੀ ਚੰਨੀ ਦੇ ਸਥਾਨਕ ਦਫ਼ਤਰ ਦੇ ਇੰਚਾਰਜ ਹਰਜੋਤ ਸਿੰਘ ਢੰਗਰਾਲੀ ਨੇ ਦੱਸਿਆ ਕਿ ਮੁੱਖ ਮੰਤਰੀ ਜਿੱਥੇ ਪੰਜਾਬ ਦੇ ਮਸਲਿਆਂ ਨੂੰ ਹੱਲ ਕਰਨ ਲਈ ਦਿਨ-ਰਾਤ ਕੰਮ ਕਰ ਰਹੇ ਹਨ, ਉਥੇ ਉਹ ਹਲਕਾ ਸ੍ਰੀ ਚਮਕੌਰ ਸਾਹਿਬ ਦੇ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਵੀ ਸਰਗਰਮ ਹਨ, ਜਿਸ ਕਾਰਨ ਉਨ੍ਹਾਂ ਰਾਤ ਡੇਢ ਵਜੇ ਆਪਣੀ ਮੋਰਿੰਡਾ ਰਿਹਾਇਸ਼ ਉੱਤੇਆ ਕੇ ਸਥਾਨਕ ਕੌਂਸਲਰਾਂ ਤੇ ਕਾਂਗਰਸੀ ਵਰਕਰਾਂ ਸਮੇਤ ਆਮ ਲੋਕਾਂ ਦੀਆਂ ਮੁਸ਼ਕਲਾਂ ਸੁਣ ਕੇ ਉਨ੍ਹਾਂ ਦੇ ਹੱਲ ਲਈ ਸਬੰਧਤ ਅਫਸਰਾਂ ਨੂੰ ਨਿਰਦੇਸ਼ ਦਿੱਤੇ ਹਨ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਲੋਕਲ ਰਾਣਾ ਪ੍ਰਤਾਪ ਚੌਕ ਤੋਂ ਅੰਡਰਬ੍ਰਿਜ ਤਕ ਸੜਕ ਨਵੇਂ ਸਿਰ ਤੋਂ ਬਣਾਉਣ ਅਤੇ ਸ਼ਹਿਰ ਵਿੱਚ ਸੀਵਰੇਜ ਪਾਉਣ ਦੇ ਕੰਮ ਨੂੰ ਜਲਦੀ ਸ਼ੁਰੂ ਕਰਨ ਦੇ ਨਾਲ ਹੋਰ ਵਿਕਾਸ ਕਾਰਜਾਂ ਵਿੱਚ ਵੀ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ।

## ਪਹਿਲੀ ਪਤਨੀ ਦੀ ਮੌਤ ਪਿੱਛੋਂ ਦੂਸਰੀ ਪਤਨੀ 100 ਫੀਸਦੀ ਫੈਮਿਲੀ ਪੈਨਸ਼ਨ ਦੀ ਹੱਕਦਾਰ: ਹਾਈ ਕੋਰਟ

ਚੰਡੀਗੜ੍ਹ, 7 ਅਕਤੂਬਰ (ਪੋਸਟ ਬਿਊਰੋ)- ਫੈਮਿਲੀ ਪੈਨਸ਼ਨ ਦੇ ਇੱਕ ਕੇਸ ਵਿੱਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਅਹਿਮ ਫੈਸਲਾ ਦਿੰਦੇ ਹੋਏ ਕਿਹਾ ਕਿ ਸੇਵਾ-ਮੁਕਤ ਮੁਲਾਜ਼ਮ ਦੀ ਪਹਿਲੀ ਪਤਨੀ ਦੀ ਮੌਤ ਪਿੱਛੋਂ ਦੂਸਰੀ ਪਤਨੀ ਨੂੰ 100 ਫੀਸਦੀ ਫੈਮਿਲੀ ਪੈਨਸ਼ਨ ਦੀ ਹੱਕਦਾਰ ਕਰਾਰ ਦਿੱਤਾ ਹੈ। ਜਸਟਿਸ ਫਤੇਹਦੀਪ ਸਿੰਘ ਨੇ ਕਰਮਚਾਰੀ ਦੀ ਵਿਧਵਾ ਤੋਂ ਰਿਕਵਰੀ ਕਰਨ ਦੇ ਹੁਕਮ ਨੂੰ ਰੱਦ ਕਰ ਕੇ ਫੈਸਲੇ ਵਿੱਚ ਕਿਹਾ ਕਿ ਸੇਵਾਮੁਕਤ ਕਰਮਚਾਰੀ ਦੇ ਦੋ ਵਿਆਹਾਂ ਦੀ ਸਥਿਤੀ ਵਿੱਚ ਪਹਿਲੀ ਪਤਨੀ ਦੀ ਮੌਤ ਮ੍ਰਿਤਕ ਮੁਲਾਜ਼ਮ ਦੀ ਮੌਤ ਤੋਂ ਪਹਿਲਾਂ ਹੋ ਜਾਵੇ ਤਾਂ ਦੂਸਰੀ ਪਤਨੀ 100 ਫੀਸਦੀ ਫੈਮਿਲੀ ਪੈਨਸ਼ਨ ਦੀ ਹੱਕਦਾਰ ਹੈ, ਉਸ ਤੋਂ ਰਿਕਵਰੀ ਨਹੀਂ ਹੋ ਸਕਦੀ।



ਅੰਮ੍ਰਿਤਸਰ ਦੀ ਰਾਧਾ ਰਾਣੀ ਨੇ ਸਟੇਟ ਬੈਂਕ ਆਫ ਇੰਡੀਆ (ਐਸ ਬੀ ਆਈ) ਵੱਲੋਂ ਉਨ੍ਹਾਂ ਨੂੰ ਭੇਜੇ 3,64,451 ਰੁਪਏਦੇ ਰਿਕਵਰੀ ਨੋਟਿਸ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ।ਪਟੀਸ਼ਨਰ ਨੇ ਦੱਸਿਆ ਕਿ ਉਸ ਦੇ ਪਤੀ ਪੰਜਾਬ ਪੁਲਸ ਵਿੱਚ ਏ ਐਸ ਆਈ ਸਨ। ਉਨ੍ਹਾਂ ਦੀਆਂ ਦੋ ਪਤਨੀਆਂ ਸਨ। ਉਹ 24 ਅਪ੍ਰੈਲ 1983 ਨੂੰ ਰਿਟਾਇਰ ਹੋ ਗਏ ਸਨ। ਉਨ੍ਹਾਂ ਦੀ ਪਹਿਲੀ ਪਤਨੀ ਮਨਜੀਤ ਦੀ ਮੌਤ 2008 ਵਿੱਚ ਹੋਈ ਸੀ ਅਤੇ ਪਤੀ ਦੀ ਮੌਤ 9 ਸਤੰਬਰ 2012 ਨੂੰ ਹੋਈ। ਇਸ ਦੇ ਬਾਅਦ ਪਟੀਸ਼ਨਰਨੂੰ ਫੈਮਿਲੀ ਪੈਨਸ਼ਨ ਵਜੋਂ 3250 ਰੁਪਏ ਮਿਲਣ ਲੱਗੇ। ਅਚਾਨਕ ਦੋ ਅਗਸਤ 2019 ਨੂੰ ਐਸ ਬੀ ਆਈ ਨੇ ਰਾਧਾ ਰਾਣੀ ਨੂੰ ਨੋਟਿਸ ਭੇਜਿਆ ਕਿ ਉਹ ਕੇਵਲ 1760 ਰੁਪਏ ਪੈਨਸ਼ਨ ਦੀ ਹੱਕਦਾਰ ਹੈ ਅਤੇ ਕਿਹਾ ਕਿ 10 ਸਤੰਬਰ 2012 ਤੋਂ 31 ਜੁਲਾਈ 2019 ਦੌਰਾਨ ਉਨ੍ਹਾਂ ਨੂੰ 3,64,451 ਰੁਪਏ ਵਾਧੂ ਭੁਗਤਾਨ ਹੋਇਆ ਹੈ। ਇਸ ਰਾਸ਼ੀ ਦੀ ਰਿਕਵਰੀ ਕੀਤੀ ਜਾਏਗੀ। ਸਾਰੇ ਪੱਖਾਂ ਨੂੰ ਸੁਣਨ ਦੇ ਬਾਅਦ ਹਾਈ ਕੋਰਟ ਨੇ ਕਿਹਾ ਕਿ ਮ੍ਰਿਤਕ ਕਰਮਚਾਰੀ ਦੀਆਂ ਦੋ ਪਤਨੀਆਂ ਦੀ ਸਥਿਤੀ ਵਿੱਚ ਫੈਮਿਲੀ ਪੈਨਸ਼ਨ ਦੋਵਾਂ ਵਿੱਚ ਬਰਾਬਰ ਵੰਡੀ ਜਾਂਦੀ ਹੈ, ਪਰ ਮੌਜੂਦਾ ਮਾਮਲੇ ਵਿੱਚ ਇੱਕ ਪਤਨੀ ਦੀ ਮੌਤ ਕਰਮਚਾਰੀ ਦੀ ਮੌਤ ਤੋਂ ਪਹਿਲਾਂ ਹੋ ਚੁੱਕੀ ਹੈ ਅਤੇ ਉਸ ਦੇ ਕੋਈ ਨਾਬਾਲਗ ਸੰਤਾਨ ਵੀ ਨਹੀਂ, ਜੋ ਫੈਮਿਲੀ ਪੈਨਸ਼ਨ ਦੀ ਪਾਤਰ ਹੋਵੇ। ਕਰਮਚਾਰੀ ਦੀ ਮੌਤ ਦੇ ਸਮੇਂ ਉਸ ਦੀ ਕੇਵਲ ਇੱਕ ਪਤਨੀ ਜੀਉਂਦੀ ਹੈ, ਲਿਹਾਜ਼ਾ ਉਹ 100 ਫੀਸਦੀ ਫੈਮਿਲੀ ਪੈਨਸ਼ਨ ਦੀ ਹੱਕਦਾਰ ਹੈ।

### ਵਕਫ ਬੋਰਡ ਉੱਤੇ ਨੌਕਰਸ਼ਾਹੀ ਹਾਵੀ

## ਜਲੰਧਰ, ਖੰਨਾ, ਅੰਮ੍ਰਿਤਸਰ ਤੇ ਲੁਧਿਆਣਾ ਵਿੱਚ ਇਸਲਾਮੀਆ ਸਕੂਲ ਨਹੀਂ ਖੁੱਲ੍ਹ ਸਕੇ

ਜਲੰਧਰ, 7 ਅਕਤੂਬਰ (ਪੋਸਟ ਬਿਊਰੋ)- ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੱਲੋਂ ਬਣਾਏ ਪੰਜਾਬ ਵਕਫ ਬੋਰਡ ਨੂੰ ਬਣੇ ਚਾਰ ਸਾਲ ਹੋ ਗਏ ਹਨ, ਜਿਸ ਵੱਲੋਂ ਦਾਅਵੇ ਕੀਤੇ ਜਾਂਦੇ ਸਨ ਕਿ ਜਲੰਧਰ, ਅੰਮ੍ਰਿਤਸਰ, ਲੁਧਿਆਣਾ, ਖੰਨਾ ਵਿੱਚ 10 ਕਰੋੜ ਨਾਲ ਇਸਲਾਮੀਆ ਸਕੂਲ ਖੋਲ੍ਹਣੇ ਹਨ ਹੈ। ਜਲੰਧਰ ਦੀਈਦਗਾਹ ਗੁਲਾਬ ਦੇਵੀ, ਮੁਸਲਿਮ ਕਾਲੋਨੀ, ਬਸਤੀ ਸ਼ੇਖ, ਲਾਂਬੜਾ ਸਮੇਤ ਕਈ ਥਾਵਾ ਉੱਤੇ ਪੰਜਾਬ ਵਰਫ ਬੋਰਡ ਦੇ ਚੇਅਰਮੈਨ ਅਤੇ ਉਸ ਸਮੇਂ ਦੇ ਚੀਫ ਐਗਜ਼ੈਕਟਿਵ ਅਫਸਰ (ਸੀ ਈ ਓ) ਸ਼ੌਕਤ ਅਹਿਮਦ ਪਾਰੇ ਨੇ ਵੀ ਉਕਤ ਜਗ੍ਹਾ ਦਾ ਨਿਰੀਖਣ ਕੀਤਾ ਸੀ, ਪਰ ਅੱਜ ਤਕ ਨਾ ਸਕੂਲ ਦੀ ਜਗ੍ਹਾ ਫਾਈਨਲ ਹੋਈ ਤੇ ਨਾ ਨੀਂਹ ਪੱਥਰ ਰੱਖਿਆ ਹੈ। ਇਹੋ ਹਾਲ ਖੰਨਾ, ਅੰਮ੍ਰਿਤਸਰ ਤੇ ਲੁਧਿਆਣਾ ਦਾ ਹੈ।

ਪੰਜਾਬ ਵਕਫ ਬੋਰਡ ਦੇ ਮੈਂਬਰਾਂ ਮੁਤਾਬਕ ਇਸ ਸੰਸਥਾ ਵਿੱਚ ਕੈਪਟਨ ਅਮਰਿੰਦਰ ਸਿੰਘ ਦੇ ਰਾਜ ਦੇ ਅਫਸਰ ਹਾਵੀ ਰਹੇ, ਜੋ ਮੈਂਬਰਾਂ ਦੀਆਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਸਕੂਲ ਪ੍ਰੋਜੈਕਟਾਂ ਨੂੰ ਪੂਰਾ ਕਰਨ ਤੋਂ ਅਸਫਲ ਰਹੇ ਸਨ। ਵਕਫ ਬੋਰਡ ਦੇ ਕੁਝ ਮੈਂਬਰਾਂ ਦਾ ਕਹਿਣਾ ਹੈ ਕਿ ਜਾਣ ਬੁਝ ਕੇ ਲਿਟੀਗੇਸ਼ਨ ਵਿੱਚ ਸੀ ਈ ਓ ਨੇ ਸਕੂਲ ਦਾ ਕੇਸ ਪਾ ਕੇ ਪ੍ਰੋਜੈਕਟ ਨੂੰ ਫੇਲ ਕੀਤਾ ਗਿਆ ਸੀ। ਵਕਫ ਬੋਰਡ ਦਾ ਦਾਅਵਾ ਹੈ ਕਿ ਅਕਾਲੀ ਦਲ ਦੇ ਸਮੇਂ ਤੋਂ ਇਸ ਬੋਰਡ ਵਿੱਚ ਆਮਦਨੀ ਕਈ ਗੁਣਾ ਵੱਧੀ ਹੈ, ਪਰ ਜਦੋਂ ਖ਼ਰਚੇ ਅਤੇ ਕੋਈ ਚੰਗਾ ਪ੍ਰੋਜੈਕਟ ਤਿਆਰ ਕਰਨ ਦੀ ਮੰਗ ਹੁੰਦੀ ਹੈ ਤਾਂ ਯੋਜਨਾ ਕਾਗਜਾਂ ਤਕ ਸੀਮਿਤ ਰਹਿੰਦੀ ਹੈ।ਵਕਫ ਬੋਰਡ ਦੇ ਅਫਸਰਾਂ, ਮੈਂਬਰਾਂਤੇ ਚੇਅਰਮੈਨ ਦੇ ਝੂਠੇ ਦਾਅਵਿਆਂ ਨਾਲ ਲੋਕ ਪਰੇਸ਼ਾਨ ਆ ਚੁੱਕੇ ਹਨ। ਸਕੂਲ ਨਾ ਖੋਲ੍ਹੇ ਜਾਣ ਨੂੰ ਲੈ ਕੇ ਪੰਜਾਬ ਭਰ ਦੇ ਮੁਸਲਮਾਨਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਦੂਜੇ ਪਾਸੇ ਪੰਜਾਬ ਵਕਫ ਬੋਰਡ ਦੇ ਮੈਂਬਰ ਅਬਾਸ ਰਜਾ ਨੇ ਕਿਹਾ ਕਿ ਜੋ ਜ਼ਮੀਨ ਐਕਵਾਇਰ ਕੀਤੀ ਸੀ, ਉਸ ਦਾ ਲੀਜ ਹੋਲਡਰ ਡਿਫਾਲਟਰ ਸੀ, ਉਸ ਨੂੰ ਰੱਦ ਕਰਵਾ ਕੇ ਉਥੇ ਨੀਂਹ ਪੱਥਰ ਲਾਇਆ ਸੀ, ਪਰ ਕਬਜ਼ਾ ਧਾਰੀਆਂ ਦੇ ਵਿਵਾਦ ਕਾਰਨ ਪ੍ਰਪੋਜਲ ਰੁਕ ਗਿਆ। ਖੰਨੇ ਤੋਂ ਬੋਰਡ ਮੈਂਬਰ ਸਤਾਰ ਮੁਹੰਮਦ ਲਿਬਰਾ ਨੇ ਬੇਬਸੀ ਜ਼ਾਹਿਰ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਮਤਾ ਪਾਸ ਕਰਵਾ ਲਿਆ ਸੀ, ਪਰ ਵਕਫ ਬੋਰਡ ਵਿੱਚ ਨੌਕਰਸ਼ਾਹੀ ਦੇ ਬੋਲਬਾਲੇ ਕਾਰਨ ਅਜੇ ਤਕ ਜ਼ਮੀਨ ਨਹੀਂ ਖਰੀਦੀ ਜਾ ਸਕੀ। ਜਲੰਧਰ ਦੇ ਮੈਂਬਰ ਕਲੀਮ ਆਜ਼ਾਦ ਨੇ ਚੇਅਰਮੈਨ ਅਤੇ ਸਾਬਕਾ ਸੀ ਈ ਓ ਉੱਤੇ ਸਿੱਧਾ ਦੋਸ਼ ਲਾਇਆ ਕਿ ਸਕੂਲ ਦਾ ਪ੍ਰਪੋਜਲ ਮੈਂਬਰਾਂ ਦੀ ਮੰਗ ਉੱਤੇ ਰੱਖਿਆ ਸੀ, ਪਰ ਵਕਫ ਬੋਰਡ ਵਿੱਚ ਵੀ ਬਿਊਰੋਕ੍ਰੇਸੀ ਹਾਵੀ ਰਹੀ। ਸੀ ਈ ਓ ਅਤੇ ਚੇਅਰਮੈਨ ਕੈਪਟਨ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਉੱਤੇ ਹੀ ਕੰਮ ਕਰਦੇ ਰਹੇ ਸੀ।

## ਹੋਟਲ ਵਿੱਚ ਜੂਆ ਖੇਡਦੇ 4 ਜਣੇ ਗ੍ਰਿਫ਼ਤਾਰ, ਸਾਢੇ ਦਸ ਲੱਖ ਬਰਾਮਦ

ਜਲੰਧਰ, 7 ਅਕਤੂਬਰ (ਪੋਸਟ ਬਿਊਰੋ)- ਥਾਣਾ ਨਵੀਂ ਬਾਰਾਂਦਰੀ ਦੀ ਪੁਲਸ ਨੇ ਦੇਰ ਰਾਤ ਬੀ ਐਸ ਐਫ ਚੌਂਕ ਵਿਚਲੇਬੈੱਸ ਵੈਸਟਰਨ ਹੋਟਲ ਦੇ ਕਮਰੇ ਤੋਂ ਸ਼ਹਿਰ ਦੇ ਚਾਰ ਨਾਮਵਰ ਲੋਕਾਂ ਨੂੰ ਜੂਆ ਖੇਡਦੇ ਹੋਏ ਫੜਿਆ ਹੈ। ਗ੍ਰਿਫ਼ਤਾਰ ਕੀਤੇ ਜੁਆਰੀਆਂ ਤੋਂ 10.05 ਲੱਖ ਰੁਪਏ ਬਰਾਮਦ ਹੋਏ ਹਨ। ਗ੍ਰਿਫ਼ਤਾਰ ਮੁਲਜ਼ਮਾਂ ਦੀ ਪਛਾਣ ਸੰਦੀਪ ਪੁੱਤਰ ਭਾਰਤ ਭੂਸ਼ਣ ਸੰਤਰਾ ਮੁਹੱਲਾ, ਅੰਮ੍ਰਿਤਪਾਲ ਸਿੰਘ ਪੁੱਤਰ ਸਤਨਾਮ ਸਿੰਘ ਵਾਸੀ ਅਨੰਦ ਨਗਰ, ਗਗਨਜੀਤ ਸਿੰਘ ਪੁੱਤਰ ਬਲਜੀਤ ਸਿੰਘ ਵਾਸੀ ਪੱਕਾ ਬਾਗ, ਰਾਜੇਸ਼ ਕੁਮਾਰ ਪੁੱਤਰ ਕਿਸ਼ੋਰੀ ਲਾਲ ਵਾਸੀ ਭਾਰਤ ਨਗਰ ਹੁਸ਼ਿਆਰਪੁਰ ਵਜੋਂ ਹੋਈ ਹੈ। ਪੁਲਸ ਨੇ ਇਨ੍ਹਾਂ ਨੂੰ ਮੌਕੇ ਉੱਤੇ ਗ੍ਰਿਫ਼ਤਾਰ ਕਰ ਲਿਆ ਹੈ, ਫਰਾਰ ਦੋਸ਼ੀਆਂ ਦੀ ਪਛਾਣ ਗਗਨਦੀਪ ਪੁੱਤਰ ਰੂਪ ਲਾਲ ਵਾਸੀ ਸੋਢਲ ਪ੍ਰੀਤ ਨਗਰ ਅਤੇ ਅਵਿਨਾਸ਼ ਸਿੰਘ ਪੁੱਤਰ ਮੋਹਣ ਸਿੰਘ ਕਿਸ਼ਨ ਨਗਰ ਬੰਗਾ ਵਜੋਂ ਹੋਈ ਹੈ।



ਥਾਣਾ ਇੰਚਾਰਜ ਰਵਿੰਦਰ ਕੁਮਾਰ ਨੇ ਦੱਸਿਆ ਕਿ ਨਵੀਂ ਬਾਰਾਂਦਰੀ ਥਾਣੇ ਦੀ ਪੁਲਸ ਨੂੰ ਦੇਰ ਰਾਤ ਲੱਗਭਗ 12 ਵਜੇ ਜਾਣਕਾਰੀ ਮਿਲੀ ਕਿ ਬੀ ਐਸ ਐਫ ਚੌਕ ਵਿੱਚ ਸਥਿਤ ਵੈਸਟਰਨ ਹੋਟਲ ਦੇ ਇੱਕ ਕਮਰੇ ਵਿੱਚ ਜੂਆ ਚਲ ਰਿਹਾ ਹੈ, ਜਿਸ ਪਿੱਛੋਂ ਪੁਲਸ ਨੇ ਮੌਕੇ ਉੱਤੇ ਛਾਪੇਮਾਰੀ ਕਰ ਕੇ ਚਾਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਪਰ ਦੋ ਫ਼ਰਾਰ ਹੋ ਗਏ। ਉਨ੍ਹਾਂ ਦੱਸਿਆ ਕਿ ਫਰਾਰ ਮੁਲਜ਼ਮਾਂ ਨੂੰ ਜਲਦੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਸ਼ਹਿਰ ਦੇ ਇੱਕ ਕਾਂਗਰਸੀ ਵਿਧਾਇਕ ਨਾਲ ਜੁੜੇ ਹੋਏ ਹਨ, ਇਨ੍ਹਾਂ ਨੂੰ ਲੋਕ ਛਡਵਾਉਣ ਲਈ ਦੇਰ ਰਾਤ ਤਕ ਥਾਣੇ ਦੇ ਬਾਹਰ ਖੜੇ ਰਹੇ।

## ਰਾਣਾ ਰੰਧਾਵਾ ਨਗਰ ਸੁਧਾਰ ਟਰੱਸਟ ਚੇਅਰਮੈਨ ਦੇ ਅਹੁਦੇ ਤੋਂ ਹਟਾਏ

ਜਲੰਧਰ, 7 ਅਕਤੂਬਰ (ਪੋਸਟ ਬਿਊਰੋ)- ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਧੜੇ ਨੂੰ ਇੱਕ ਹੋਰ ਝਟਕਾ ਦਿੰਦਿਆਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਸਰਕਾਰ ਨੇ ਜਲੰਧਰ ਛਾਉਣੀ ਤੋਂ ਟਿਕਟ ਦੇ ਦਾਅਵੇਦਾਰਾਂ ਵਿੱਚ ਗਿਣੇ ਜਾਂਦੇ ਰਾਣਾ ਰੰਧਾਵਾ ਨੂੰ ਨਗਰ ਸੁਧਾਰ ਟਰੱਸਟ ਕਰਤਾਰਪੁਰ ਦੇ ਅਹੁਦੇ ਤੋਂ ਹਟਾ ਦਿੱਤਾ ਅਤੇਓਥੇ ਨਿਤਿਨ ਅਗਰਵਾਲ ਨੂੰ ਨਵਾਂ ਚੇਅਰਮੈਨ ਥਾਪਿਆ ਹੈ। ਉਨ੍ਹਾਂ ਨੇ ਆਪਣਾ ਅਹੁਦਾ ਵੀ ਸੰਭਾਲ ਲਿਆ ਹੈ।

ਵਰਨਣ ਯੋਗ ਹੈ ਕਿ ਰਾਣਾ ਰੰਧਾਵਾ ਕਰਤਾਰਪੁਰ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਸਨ, ਪਰ ਉਨ੍ਹਾਂ ਦੀ ਖਾਸ ਸਰਗਰਮੀ ਜਲੰਧਰ ਛਾਉਣੀ ਵਿਧਾਨ ਸਭਾ ਹਲਕੇ ਵਿੱਚ ਚੱਲਦੀ ਸਨ। ਜਦੋਂ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਸਨ ਤਾਂ ਰਾਣਾ ਰੰਧਾਵਾ ਨੇ ਸਭ ਤੋਂ ਪਹਿਲਾਂ ਜਲੰਧਰ ਛਾਉਣੀ ਵਿੱਚ ਹੋਰਡਿੰਗ ਲਾਉਣ ਦੀ ਮੁਹਿਮ ਚਲਾਈ ਸੀ, ਜਿਸਉੱਪਰ ਲਿਖਿਆ ਸੀ: 'ਕੈਪਟਨ ਤਾਂ ਇੱਕ ਹੀ ਹੁੰਦਾ ਹੈ'। ਇਸ ਦੇ ਨਾਲ '2022 ਦੀਆਂ ਚੋਣਾਂ ਦੇ ਲਈ ਕੈਪਟਨ ਹੀ ਦੁਬਾਰਾ' ਦੇ ਹੋਰਡਿੰਗ ਲਾਏ ਸਨ। ਇਨ੍ਹਾਂ ਹੋਰਡਿੰਗਜ਼ ਦੀ ਭਰਮਾਰ ਨਾਲ ਇਹ ਗੱਲ ਉਭਰੀ ਸੀ ਕਿ ਜਲੰਧਰ ਛਾਉਣੀ ਵਿੱਚ 2022 ਦੀਆਂ ਚੋਣਾਂ ਲਈ ਟਿਕਟ ਦੀ ਦਾਅਵੇਦਾਰੀ ਵਿੱਚ ਰਾਣਾ ਰੰਧਾਵਾ ਸ਼ਾਮਲ ਹਨ ਤੇ ਉਨ੍ਹਾਂ ਨੂੰ ਕੈਪਟਨ ਅਮਰਿੰਦਰ ਸਿੰਘ ਦਾ ਥਾਪੜਾ ਦੱਸਿਆ ਜਾ ਰਿਹਾ ਸੀ।ਤੇਜ਼ੀ ਨਾਲ ਬਦਲੇ ਰਾਜਨੀਤਕ ਸਮੀਕਰਣਾਂ ਨੇ ਬਾਜ਼ੀ ਪਲਟ ਦਿੱਤੀ ਹੈ। ਪੰਜਾਬ ਵਿੱਚ ਮੁੱਖ ਮੰਤਰੀ ਦੀ ਕੁਰਸੀ ਉੱਤੇ ਚਰਨਜੀਤ ਸਿੰਘ ਚੰਨੀ ਦੇ ਬੈਠਣ ਨਾਲ ਨਗਰ ਸੁਧਾਰ ਟਰੱਸਟਾਂ ਦੇ ਉਨ੍ਹਾਂ ਚੇਅਰਮੈਨਾਂ ਨੂੰ ਪਹਿਲਾਂ ਨਿਸ਼ਾਨਾ ਬਣਾਇਆ ਗਿਆ ਹੈ, ਜਿਨ੍ਹਾਂ ਨੂੰ ਕੈਪਟਨ ਅਮਰਿੰਦਰ ਸਿੰਘ ਨੇ ਆਪਣਾ ਅਹੁਦਾ ਛੱਡਣ ਤੋਂ ਕੁਝ ਸਮਾਂ ਪਹਿਲਾਂ ਹੀ ਬਦਲਿਆ ਸੀ। ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਹੁੰਦਿਆਂ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਅਤੇ ਨਵਜੋਤ ਸਿੰਘ ਸਿੱਧੂ ਦੇ ਵਿਰੋਧੀਆਂ ਨੂੰ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਬਣਾਇਆ ਸੀ। ਚੰਨੀ ਦੇ ਮੁੱਖ ਮੰਤਰੀ ਬਣਦਿਆਂ ਸਾਰ ਹੀ ਸਭ ਤੋਂ ਪਹਿਲਾਂ ਇਨ੍ਹਾਂ ਚੇਅਰਮੈਨਾਂ ਨੂੰ ਚਲਦਾ ਕੀਤਾ ਗਿਆ ਹੈ।

## ਅਮਰਿੰਦਰ ਸਿੰਘ ਦੇ ਧੜੇ ਵੱਲੋਂ ਚੰਨੀ ਦੀਆਂ ਮੋਦੀ ਤੇ ਕੇਂਦਰੀ ਮੰਤਰੀਆਂ ਨਾਲ ਮੁਲਾਕਾਤਾਂ ਉੱਤੇ ਕਿੰਤੂ

ਚੰਡੀਗੜ੍ਹ, 7 ਅਕਤੂਬਰ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਧੜੇ ਵਾਲੇ ਨੇਤਾਵਾਂ ਨੇ ਮੌਜੂਦਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਦੇ ਹੋਰ ਕੇਂਦਰੀ ਮੰਤਰੀਆਂ ਨਾਲ ਮੁਲਾਕਾਤਾਂ ਉੱਤੇਕਈ ਤਰ੍ਹਾਂ ਦੇ ਸਵਾਲ ਚੁੱਕੇ ਹਨ।

ਵਰਨਣ ਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾਉਣ ਵੇਲੇ ਵਿਰੋਧੀ ਧੜ੍ਹੇ ਨੇ ਵੱਡਾ ਦੋਸ਼ ਇਹ ਲਾਇਆ ਸੀ ਕਿ ਕੈਪਟਨ ਦੀਆਂ ਭਾਜਪਾ ਨੇਤਾਵਾਂ ਨਾਲ ਨਜ਼ਦੀਕੀਆਂ ਹਨ। ਉਹ ਕੈਪਟਨ ਦੀਆਂ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਤੇ ਹੋਰ ਕੇਂਦਰੀ ਮੰਤਰੀਆਂ ਨਾਲ ਮੁਲਾਕਾਤਾਂ ਉੱਤੇ ਸਵਾਲ ਚੁੱਕਦੇ ਸਨ। ਕੈਪਟਨ ਧੜੇ ਦਾ ਕਹਿਣਾ ਸੀ ਕਿ ਮੁੱਖ ਮੰਤਰੀ ਹੋਣ ਦੇ ਨਾਤੇ ਪੰਜਾਬ ਨਾਲ ਸਬੰਧਤ ਮੁੱਦਿਆਂ ਨੂੰ ਚੁੱਕਣ ਲਈ ਉਨ੍ਹਾਂ ਨੂੰ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਅਤੇ ਹੋਰ ਕੇਂਦਰੀ ਮੰਤਰੀਆਂ ਨੂੰ ਮਿਲਣਾ ਪੈਂਦਾ ਹੈ। ਜੇ ਉਹ ਕੇਂਦਰੀ ਮੰਤਰੀਆਂ ਨਾਲ ਮੁਲਾਕਾਤ ਨਾ ਕਰਨ ਤਾਂ ਇਸ ਨਾਲ ਪੰਜਾਬ ਨੂੰ ਕੇਂਦਰ ਤੋਂ ਮਿਲਣ ਵਾਲੀਆਂ ਗ੍ਰਾਂਟਾਂ ਉੱਤੇ ਅਸਰ ਪੈ ਸਕਦਾ ਹੈ। ਅੱਜਕੱਲ੍ਹ ਅਮਰਿੰਦਰ ਸਿੰਘ ਦਾ ਧੜਾ ਕਹਿੰਦਾ ਹੈ ਕਿ ਚਰਨਜੀਤ ਸਿੰਘ ਚੰਨੀ ਵੀ ਮੁੱਖ ਮੰਤਰੀ ਵਜੋਂ ਪ੍ਰਧਾਨ ਮੰਤਰੀ ਨੂੰ ਮਿਲੇ ਤੇ ਕਿਸਾਨਾਂ ਦਾ ਮਾਮਲਾ ਚੁੱਕਿਆ ਹੈ।

## ਸੰਯੁਕਤ ਕਿਸਾਨ ਮੋਰਚੇ ਨੇ ਸੁਪਰੀਮ ਕੋਰਟ ਦੀਆਂ ਤਿੱਖੀਆਂ ਟਿੱਪਣੀਆਂ ਦਾ ਨੋਟਿਸ ਲਿਆ

ਚੰਡੀਗੜ੍ਹ, 7 ਅਕਤੂਬਰ (ਪੋਸਟ ਬਿਊਰੋ)- ਸੰਯੁਕਤ ਕਿਸਾਨ ਮੋਰਚੇ ਦੇ ਲੀਗਲ ਪੈਨਲ ਨੇ ਜੰਤਰ-ਮੰਤਰ ਦਿੱਲੀ ਵਿੱਚ ਸਤਿਆਗ੍ਰਹਿ ਕਰਨ ਦੀ ਇਜਾਜ਼ਤ ਲੈਣ ਲਈ ਕਿਸਾਨ ਮਹਾਪੰਚਾਇਤ ਵੱਲੋਂ ਦਾਇਰ ਅਰਜ਼ੀ ਦੀ ਸੁਣਵਾਈ ਮੌਕੇ ਸੁਪਰੀਮ ਕੋਰਟ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਦਾ ਗੰਭੀਰ ਨੋਟਿਸ ਲਿਆ ਹੈ।



ਇਸ ਕਾਨੂੰਨੀ ਪੈਨਲ ਦੇ ਕਨਵੀਨਰ ਪ੍ਰੇਮ ਸਿੰਘ ਭੰਗੂ ਤੇ ਮੈਂਬਰ ਰਾਮਿੰਦਰ ਸਿੰਘ ਪਟਿਆਲਾ ਨੇ ਸਪੱਸ਼ਟ ਕੀਤਾ ਕਿ ਕਿਸਾਨ ਅੰਦੋਲਨ ਦੇ ਸ਼ੁਰੂਆਤ ਤੋਂ ਅੱਜ ਤੱਕ ਕਿਸਾਨ ਮੋਰਚੇ ਨੇ ਅਦਾਲਤ ਤਕ ਕਦੇ ਪਹੁੰਚ ਨਹੀਂ ਕੀਤੀ।ਉਨ੍ਹਾਂ ਕਿਹਾ ਕਿ ਇਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਨ ਲਈ ਕਿਸਾਨਾਂ ਤੇ ਸਰਕਾਰ ਵਿਚਾਲੇ ਲੜਾਈ ਹੈ। ਉਨ੍ਹਾਂ ਅਪੀਲ ਕੀਤੀ ਕਿ ਅਦਾਲਤ ਵੱਲੋਂ ਸੁਣਵਾਈ ਦਾ ਮੌਕਾ ਨਾ ਦੇ ਕੇ ਕਿਸਾਨਾਂ ਵਿਰੁੱਧ ਸਖਤ ਟਿੱਪਣੀਆਂ ਕਰ ਕੇ ਕੁਦਰਤੀ ਨਿਆਂ ਦੇ ਸਿਧਾਂਤ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਕਿਸਾਨ ਵਿਰੋਧੀ ਕਾਨੂੰਨਾਂ ਨੂੰ ਰੱਦ ਕਰਨ ਅਤੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਹਾਸਲ ਕਰਨ ਲਈ ਲੜ ਰਿਹਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੇ ਸੁਪਰੀਮ ਕੋਰਟ ਸਮਝਦੀ ਹੈ ਕਿ ਕਾਨੂੰਨ ਗੈਰ ਸੰਵਿਧਾਨਕ ਹਨ ਤਾਂ ਅਦਾਲਤ ਆਪੇ ਨੋਟਿਸ ਲੈ ਕੇ ਕਾਨੂੰਨ ਰੱਦ ਕਰ ਸਕਦੀ ਹੈ ਜਿਸ ਨਾਲ ਕਿਸਾਨਾਂ ਨੂੰ ਨਿਆਂ ਮਿਲੇਗਾ, ਜਿਨ੍ਹਾਂ ਨੂੰ ਸਰਕਾਰ ਨੇ ਧਰਨਾ ਲਾਉਣ ਅਤੇ ਸੜਕਾਂ ਉਤੇ ਬੈਠਣ ਲਈ ਮਜਬੂਰ ਕੀਤਾ ਹੈ।

## ਬੰਬ ਧਮਾਕੇ ਦੇ ਕੇਸ ਵਿੱਚ ਫੜੇ ਨੌਜਵਾਨ ਦੀ ਹਸਪਤਾਲ ਵਿੱਚ ਮੌਤ

ਅੰਮ੍ਰਿਤਸਰ, 7 ਅਕਤੂਬਰ (ਪੋਸਟ ਬਿਊਰੋ)- ਤਰਨਤਾਰਨ ਦੇ ਪਿੰਡ ਪੰਡੋਰੀ ਗੋਲਾ ਵਿਖੇ ਹੋਏ ਬੰਬ ਧਮਾਕੇ ਦੇ ਕੇਸ ਵਿੱਚ ਗ੍ਰਿਫ਼ਤਾਰ ਕੀਤੇ ਨੌਜਵਾਨ ਦੀ ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਹਸਪਤਾਲ ਵਿੱਚ ਮੌਤ ਹੋ ਗਈ ਹੈ। ਮ੍ਰਿਤਕ ਦੇ ਪਰਵਾਰਕ ਮੈਂਬਰਾਂ ਨੇ ਦੋਸ਼ ਲਾਇਆ ਕਿ ਨੌਜਵਾਨ ਦੀ ਮੌਤ ਅੰਮ੍ਰਿਤਸਰ ਜੇਲ੍ਹ ਪ੍ਰਸ਼ਾਸਨ ਦੀ ਲਾਪਰਵਾਹੀ ਨਾਲ ਹੋਈ ਹੈ। ਮ੍ਰਿਤਕ ਦੀ ਪਛਾਣ ਮਲਕੀਤ ਸਿੰਘ ਉਰਫ ਸ਼ੇਰ ਸਿੰਘ ਵਾਸੀ ਪਿੰਡ ਕੋਟਲਾ ਗੁੱਜਰਾਂ ਮਜੀਠਾ ਵਜੋਂ ਹੋਈ ਹੈ।

ਸਾਲ 2019 ਵਿੱਚ ਤਰਨ-ਤਾਰਨ ਦੇ ਪਿੰਡ ਪੰਡੋਰੀ ਗੋਲਾ ਵਿਖੇ ਬੰਬ ਧਮਾਕਾ ਹੋਇਆ ਸੀ ਤੇ ਆਈ ਐਨ ਏ ਵੱਲੋਂ ਇਸ ਦੀ ਜਾਂਚ ਦੌਰਾਨ ਪੁਲਸ ਨੇ ਹੋਰ ਨੌਜਵਾਨਾਂ ਦੇ ਨਾਲ ਇਸ ਕੇਸ ਵਿੱਚ ਮਲਕੀਤ ਸਿੰਘ ਨੂੰ ਵੀ ਗ੍ਰਿਫ਼ਤਾਰ ਕੀਤਾ ਸੀ ਜੋ ਇੱਥੇ ਕੇਂਦਰੀ ਜੇਲ੍ਹ ਫਤਾਹਪੁਰ ਵਿਖੇ ਬੰਦ ਸੀ। ਮ੍ਰਿਤਕ ਦੇ ਭਰਾ ਰਵਿੰਦਰ ਸਿੰਘ ਨੇ ਦੱਸਿਆ ਕਿ ਉਸਦੇ ਭਰਾ ਉਤੇ ਪੁਲਸ ਨੇ ਅਣਮਨੁੱਖੀ ਤਸ਼ੱਦਦ ਕੀਤਾ ਸੀ, ਜਿਸ ਕਾਰਨ ਉਹ ਸ਼ੂਗਰ ਆਦਿ ਬਿਮਾਰੀਆਂ ਤੋਂ ਪੀੜਤ ਸੀ, ਪਰ ਜੇਲ੍ਹ ਪ੍ਰਸ਼ਾਸਨ ਨੇ ਉਸ ਦਾ ਸਹੀ ਇਲਾਜ ਨਹੀਂ ਕਰਵਾਇਆ।

## ਨਵਜੋਤ ਸਿੱਧੂ ਦੀ ਗੈਰ ਹਾਜ਼ਰੀ ਵਿੱਚ ਧੀ ਨੇ ਹਲਕੇ ਦੀ ਕਮਾਨ ਸੰਭਾਲੀ

ਅੰਮ੍ਰਿਤਸਰ, 7 ਅਕਤੂਬਰ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਗੈਰ ਹਾਜ਼ਰੀ ਵਿੱਚ ਉਨ੍ਹਾਂ ਦੀ ਧੀ ਰਾਬੀਆ ਸਿੱਧੂ ਨੇ ਵਿਧਾਨ ਸਭਾ ਹਲਕਾ ਅੰਮ੍ਰਿਤਸਰ ਪੂਰਬੀ ਦੀ ਕਮਾਨ ਸੰਭਾਲ ਲਈ ਹੈ। ਕੱਲ੍ਹ ਉਨ੍ਹਾਂ ਨੇ ਆਪਣੇ ਪਿਤਾ ਨਵਜੋਤ ਸਿੰਘ ਸਿੱਧੂ ਦੇ ਹਲਕੇ ਦੇ ਵਾਰਡ ਨੰਬਰ 21 ਵਿੱਚ ਵਿਕਾਸ ਕਾਰਜਾਂ ਦਾ ਰਸਮੀ ਉਦਘਾਟਨ ਕੀਤਾ ਅਤੇ ਇਸ ਮੌਕੇ ਕਿਹਾ ਕਿ ਉਹ ਆਪਣੇ ਪਿਤਾ ਦੇ ਵਿਕਾਸ ਦੇ ਏਜੰਡੇ ਨੂੰ ਪ੍ਰਵਾਨ ਚੜ੍ਹਾਉਣ ਲਈ ਮੈਦਾਨ ਵਿੱਚ ਉਤਰੀ ਹੈ, ਜਦੋਂ ਕਿ ਉਸ ਦਾ ਸਿਆਸਤ ਵਿੱਚ ਆਉਣ ਦਾ ਕੋਈ ਇਰਾਦਾ ਨਹੀਂ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਜਦੋਂ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਕਿਸਾਨ ਯੂਨੀਅਨਾਂ ਨੇ 26 ਮਈ ਨੂੰ ਕਾਲਾ ਦਿਵਸ ਮਨਾਉਣ ਦਾ ਐਲਾਨ ਕੀਤਾ ਸੀ ਤਾਂ ਉਸ ਤੋਂ ਇੱਕ ਦਿਨ ਪਹਿਲਾਂ 25 ਮਈ ਨੂੰ ਉਨ੍ਹਾਂ ਦੇ ਪਿਤਾ ਨਵਜੋਤ ਸਿੰਘ ਸਿੱਧੂ ਅਤੇ ਮਾਤਾ ਡਾਕਟਰ ਨਵਜੋਤ ਕੌਰ ਸਿੱਧੂ ਨੇ ਪਟਿਆਲਾ ਵਿਖੇ ਆਪਣੀ ਰਿਹਾਇਸ਼ ਉਤੇ ਅਤੇ ਅੰਮ੍ਰਿਤਸਰ ਦੀ ਰਿਹਾਇਸ਼ ਉੱਤੇ ਸਿੱਧੂ ਜੋੜੀ ਦੀ ਧੀ ਰਾਬੀਆ ਨੇ ਕਾਲਾ ਝੰਡਾ ਲਹਿਰਾਇਆ ਸੀ। ਇਸ ਨਾਲ ਰਾਬੀਆ ਸਿੱਧੂ ਦੇ ਸਿਆ-ਸਤ ਵਿੱਚ ਪੈਰ ਧਰਨ ਦੀ ਚਰਚਾ ਚੱਲ ਪਈ ਸੀ। ਰਾਬੀਆ ਨੇ ਉਦਘਾਟਨ ਕਰਨ ਮੌਕੇ ਕੱਲ੍ਹ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦੇਣ ਤੋਂ ਗੁਰੇਜ਼ ਕੀਤਾ।ਨਵਜੋਤ ਸਿੰਘ ਸਿੱਧੂ ਦੇ ਨਜ਼ਦੀਕੀ ਤੇ ਕਾਂਗਰਸ ਦੇ ਸਾਬਕਾ ਸੂਬਾ ਸੈਕਟਰੀ ਮਾਸਟਰ ਹਰਪਾਲ ਸਿੰਘ ਵੇਰਕਾ ਨੇ ਕਿਹਾ ਕਿ ਸਾਬਕਾ ਵਿਧਾਇਕ ਡਾਕਟਰ ਨਵਜੋਤ ਕੌਰ ਨੇ ਉਦਘਾਟਨ ਕਰਨ ਆਉਣਾ ਸੀ, ਪਰ ਅਚਾਨਕ ਤਬੀਅਤ ਖਰਾਬ ਹੋਣ ਕਾਰਨ ਉਨ੍ਹਾਂ ਨੇ ਰਾਬੀਆ ਨੂੰ ਭੇਜਿਆ ਹੈ।



ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਿਛਲੇ ਦਿਨੀਂ ਚੁਣੌਤੀ ਦਿੱਤੀ ਸੀ ਕਿ ਨਵਜੋਤ ਸਿੰਘ ਸਿੱਧੂ ਜਿਸ ਵੀ ਹਲਕੇ ਤੋਂ ਖੜ੍ਹੇ ਹੋਣਗੇ, ਉਹ ਉਸ ਦੇ ਮੁਕਾਬਲੇ ਮਜ਼ਬੂਤ ਉਮੀਦਵਾਰ ਖੜ੍ਹਾ ਕਰ ਕੇ ਉਸ ਨੂੰ ਹਰਾਉਣਗੇ। ਸਿੱਧੂ ਜੋੜੀ ਨੇ ਆਪਣੀ ਕਰਮ ਭੂਮੀ ਅੰਮ੍ਰਿਤਸਰ ਤੋਂ ਇਲਾਵਾ ਲੰਬੇ ਸਮੇਂ ਤੋਂ ਜੱਦੀ ਸ਼ਹਿਰ ਪਟਿਆਲਾ ਵਿੱਚ ਵੀ ਸਰਗਰਮੀ ਤੇਜ਼ ਕੀਤੀ ਹੋਈ ਹੈ ਅਤੇ ਡਾਕਟਰ ਨਵਜੋਤ ਕੌਰ ਅੱਜਕੱਲ੍ਹ ਜ਼ਿਆਦਾਤਰ ਪਟਿਆਲੇ ਹੀ ਰਹਿੰਦੇ ਹਨ। ਇਸ ਤੋਂ ਅੰਦਾਜ਼ਾ ਲੱਗਰਿਹਾ ਹੈ ਕਿ ਹਾਈ ਕਮਾਂਡ ਵੱਲੋਂ ਇਜਾਜ਼ਤ ਮਿਲਣ ਉੱਤੇ ਸਿੱਧੂ ਪਰਵਾਰ ਦੋਵਾਂ ਥਾਵਾਂ ਤੋਂ ਚੋਣ ਲੜ ਸਕਦਾ ਹੈ। ਰਾਬੀਆ ਵੱਲੋਂ ਕਦੇ-ਕਦਾਈਂ ਸਿਆਸੀ ਸਰਗਰਮੀ ਵਿੱਚ ਹਿਸਾ ਲੈਣਾ ਸਿੱਧੂ ਜੋੜੀ ਦੀ ਰਣਨੀਤੀ ਦਾ ਹਿਸਾ ਹੋ ਸਕਦਾ ਹੈ। ਲੰਡਨ ਤੋਂ ਪੜ੍ਹੀ ਰਾਬੀਆ ਨੇ ਮਾਸਟਰ ਆਫ ਫੈਸ਼ਨ ਡਿਜ਼ਾਈਨਿੰਗ ਕੀਤੀ ਹੋਈ ਅਤੇ ਅਦਾਕਾਰੀ ਖੇਤਰ ਵਿੱਚ ਰੁਚੀ ਰੱਖਦੀ ਹੈ।

ਸਾਲ 2012 ਦੀਆਂ ਵਿਧਾਨ ਸਭਾ ਚੋਣਾਂ ਸਮੇਂ ਨਵਜੋਤ ਸਿੰਘ ਸਿੱਧੂ ਮੈਂਬਰ ਪਾਰਲੀਮੈਂਟ ਸਨ, ਜਿਸ ਕਾਰਨ ਉਨ੍ਹਾਂ ਅਕਾਲੀ-ਭਾਜਪਾ ਗੱਠਜੋੜ ਵੱਲੋਂ ਆਪਣੀ ਪਤਨੀ ਡਾਕਟਰ ਨਵਜੋਤ ਕੌਰ ਸਿੱਧੂ ਨੂੰ ਹਲਕਾ ਪੂਰਬੀ ਤੋਂ ਉਮੀਦਵਾਰ ਖੜ੍ਹੇ ਕੀਤਾ ਤੇ ਉਹ ਵਿਧਾਇਕ ਬਣ ਗਏ। ਅਕਾਲੀ-ਭਾਜਪਾ ਗੱਠਜੋੜ ਤੋਂ ਵੱਖ ਹੋਏ ਨਵਜੋਤ ਸਿੰਘ ਸਿੱਧੂ ਨੇ ਕਾਂਗਰਸ ਵਿੱਚ ਜਾਣ ਪਿੱਛੋਂ 2017 ਵਿੱਚ ਹਲਕਾ ਪੂਰਬੀ ਤੋਂ ਵਿਧਾਨ ਸਭਾ ਚੋਣ ਲੜੀਅਤੇ ਜੇਤੂ ਰਹੇ। ਇਸ ਪਿੱਛੋਂ ਉਨ੍ਹਾਂ ਨੂੰ ਕੈਬਨਿਟ ਵਿੱਚ ਸ਼ਾਮਲ ਕੀਤਾ ਗਿਆ ਸੀ, ਪਰ ਮਹਿਕਮਾ ਬਦਲਣ ਉੱਤੇ ਨਾਰਾਜ਼ ਹੋ ਕੇ ਕੈਬਨਿਟ ਤੋਂ ਲਾਂਭੇ ਹੋ ਗਏ ਸਨ।

## ਪੰਜਾਬ ਵਿਚਲੇ ਤਿੰਨ ਵੱਡੇ ਦੂਰਦਰਸ਼ਨ ਟਾਵਰ ਜਲਦੀ ਬੰਦ ਹੋ ਜਾਣਗੇ

* ਸਭ ਤੋਂ ਪਹਿਲਾਂ ਬਠਿੰਡਾ ਟਾਵਰ 31 ਅਕਤੂਬਰ ਨੂੰ ਬੰਦ ਹੋਵੇਗਾ

ਬਠਿੰਡਾ, 7 ਅਕਤੂਬਰ (ਪੋਸਟ ਬਿਊਰੋ)- ਪੰਜਾਬ ਵਿਚਲੇ ਤਿੰਨ ਵੱਡੇ ਦੂਰਦਰਸ਼ਨ ਟਾਵਰ ਅਗਲੀ 31 ਮਾਰਚ ਤਕ ਬੰਦ ਹੋ ਜਾਣਗੇ। ਏਸ਼ੀਆ ਦੇ ਸਭ ਤੋਂ ਵੱਡੇ ਰੇਲਵੇ ਜੰਕਸ਼ਨ, ਫ਼ੌਜੀ ਛਾਉਣੀ ਤੇ ਖਾਦ ਕਾਰਖ਼ਾਨੇ ਵਾਲੇ ਸ਼ਹਿਰ ਬਠਿੰਡਾ ਵਿਚਲਾ ਦੂਰਦਰਸ਼ਨ ਕੇਂਦਰ ਸਾਲ 1985 ਵਿੱਚ ਚਾਲੂ ਕਰਨ ਲਈ 135 ਮੀਟਰ ਉਚਾ ਟੀ ਵੀ ਟਾਵਰ ਲਾਇਆ ਗਿਆ ਤਾਂ ਲੋਕਾਂ ਦੀਆਂ ਛੱਤਾਂ ਉੱਤੇ ਲੱਗੇ 20-20, 30-30 ਫੁੱਟ ਉਚੇ ਅੰਟੀਨੇ ਉਤਾਰ ਦਿੱਤੇ ਸਨ। ਇਸ ਦੇ ਬਾਅਦ ਸਾਫ਼ ਸੁਥਰੇ ਟੀ ਵੀ ਪ੍ਰੋਗਰਾਮ ਦੇਖਣੇ ਨਸੀਬ ਹੋਏ ਸਨ, ਪਰ ਮੌਜੂਦਾ ਕੇਂਦਰ ਸਰਕਾਰ ਨੇ ਬਠਿੰਡਾ ਟੀ ਵੀ ਟਾਵਰ ਨੂੰ 31 ਅਕਤੂਬਰ ਨੂੰ ਬੰਦ ਕਰਨ ਦੇ ਹੁਕਮ ਦੇ ਦਿੱਤੇ ਹਨ। ਇਸ ਦੇ ਬਾਅਦ ਤਿੰਨ ਹੋਰ ਟਾਵਰ ਬੰਦ ਕਰ ਦਿੱਤੇ ਜਾਣਗੇ।

ਵੰਨ-ਸੁਵੰਨੇ ਅਤੇ ਕਾਰੋਬਾਰੀ ਸੋਚ ਵਾਲੇ ਚੈਨਲਾਂ ਦੀ ਘੜਮੱਸ ਤੋਂ ਅੱਕੇ ਹੋਏ ਜਿਹੜੇ ਲੋਕ ਅਜੇ ਤੱਕ ਦੂਰਦਰਸ਼ਨ ਦੇ ਸਾਫ਼-ਸੁਥਰੇ ਪ੍ਰੋਗਰਾਮ ਦੇਖਣ ਲਈ ਬਠਿੰਡਾ ਟੀ ਵੀ ਟਾਵਰ ਉੱਤੇ ਨਿਰਭਰ ਹਨ, ਉਨ੍ਹਾਂ ਨੂੰ ਇਸ ਨਾਲ ਵੱਡਾ ਝਟਕਾ ਲੱਗੇਗਾ। ਭਾਰਤ ਸਰਕਾਰ ਦੇ ਹੁਕਮਾਂ ਮੁਤਾਬਕ ਸੰਸਾਰ ਭਰ ਵਿੱਚ ਡਿਜ਼ੀਟਾਈਜ਼ੇਸ਼ਨ ਕਰਨ ਲਈ ਐਨਾਲਾਗ ਸਿਸਟਮ ਬੰਦ ਕੀਤਾ ਜਾ ਰਿਹਾ ਹੈ, ਜਿਸ ਕਾਰਨ ਭਾਰਤ ਦੇ ਸਾਰੇ ਐਨਾਲਾਗ ਟ੍ਰਾਂਸਮੀਟਰ ਬੰਦ ਕੀਤੇ ਜਾਣੇ ਹਨ। ਇਸ ਸਕੀਮਹੇਠ ਡੀ ਡੀ ਪੰਜਾਬੀ ਦੇ ਤਿੰਨ ਵੱਡੇ ਟਾਵਰ ਬਠਿੰਡਾ 31 ਅਕਤੂਬਰ ਨੂੰ, ਅੰਮ੍ਰਿਤਸਰ 31 ਦਸੰਬਰ ਨੂੰ ਅਤੇ ਫਾਜ਼ਿਲਕਾ 31 ਮਾਰਚ ਨੂੰ ਬੰਦ ਕੀਤੇ ਜਾ ਰਹੇ ਹਨ। ਸਰਕਾਰ ਦਾ ਕਹਿਣਾ ਹੈ ਕਿ ਲੋਕਾਂ ਕੋਲ ਵੱਖ-ਵੱਖ ਚੈਨਲ ਦੇਖਣ ਲਈ ਕੇਬਲ, ਡਿਸ਼, ਡੀ ਟੀ ਐਚ ਅਤੇ ਮੋਬਾਈਲ ਐਪ ਵਰਗੀਆਂ ਸਹੂਲਤਾਂ ਹੋਣ ਕਾਰਨ ਇਨ੍ਹਾਂ ਟਾਵਰਾਂ ਦੀ ਲੋੜ ਨਹੀਂ।

ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਬਾਸਰਕੇ ਗਿੱਲਾਂ ਵਿੱਚ ਪਿਛਲੇ ਕਈ ਸਾਲਾਂ ਤੋਂ ਦੂਰਦਰਸ਼ਨ ਪੰਜਾਬ ਅਤੇ ਦੂਰਦਰਸ਼ਨ ਨੈਸ਼ਨਲ ਦੇ ਦੋ ਉਚ ਸ਼ਕਤੀ ਵਾਲੇ ਟੈਰੇਸਟ੍ਰੀਅਲ ਟ੍ਰਾਂਸਮੀਟਰਵੀ ਐਚ ਐਫ ਚੈਨਲ-7 ਅਤੇ ਯੂ ਐਚ ਐਫ ਚੈਨਲ-29 ਸੇਵਾ ਦੇ ਰਹੇ ਹਨ, ਪਰ ਇਨ੍ਹਾਂ ਨੂੰ ਵੀ ਬੰਦ ਕਰਨ ਦੀਆਂ ਤਿਆਰੀਆਂ ਹੋਣ ਲੱਗੀਆਂ ਹਨ। ਸਿਵਲ ਇੰਜੀਨੀਅਰ ਹਰਜਾਪ ਸਿੰਘ ਔਜਲਾ ਨੇ ਇਸ ਬਾਰੇ ਦੱਸਿਆ ਕਿ ਇਨ੍ਹਾਂ ਦੂਰਦਰਸ਼ਨ ਟ੍ਰਾਂਸਮੀਟਰਾਂ ਦਾ ਬੰਦ ਹੋਣਾ ਮੰਦਭਾਗੀ ਘਟਨਾ ਹੈ ਅਤੇ ਇਸ ਨੂੰ ਕਿਸੇ ਵੀ ਕੀਮਤ ਉੱਤੇ ਰੋਕਣਾ ਚਾਹੀਦਾ ਹੈ। ਅੰਮ੍ਰਿਤਸਰ ਵਿਕਾਸ ਮੰਚ ਨੇ ਕੇਂਦਰੀ ਸੂਚਨਾ ਪ੍ਰਸਾਰਨ ਮੰਤਰੀ ਅਨੁਰਾਗ ਠਾਕੁਰ ਨੂੰ ਇਸ ਬਾਰੇ ਪੱਤਰ ਲਿਖਿਆ ਹੈ ਕਿ ਦੂਰਦਰਸ਼ਨ ਅੰਮ੍ਰਿਤਸਰ ਭਾਰਤ ਦਾ ਤੀਜਾ ਸਭ ਤੋਂ ਪੁਰਾਣਾ ਟੀ ਵੀ ਸਟੇਸ਼ਨ ਹੈ, ਜੋ 1973 ਤੋਂ ਸੇਵਾਵਾਂ ਦੇ ਰਿਹਾ ਹੈ ਤੇ ਇਸ ਨੂੰ ਬੰਦ ਹੋਣ ਤੋਂ ਰੋਕਣ ਦੀ ਮੰਗ ਕੀਤੀ ਹੈ। ਵਰਨਣ ਯੋਗ ਹੈ ਕਿ ਭਾਰਤ ਦਾ ਪਹਿਲਾ ਟੀ ਵੀ ਸਟੇਸ਼ਨ ਸਾਲ 1959 ਵਿੱਚ ਦਿੱਲੀ ਵਿਖੇ ਖੁੱਲ੍ਹਿਆ ਅਤੇ ਫਿਰ 1965 ਵਿੱਚ ਪਾਕਿਸਤਾਨ ਟੈਲੀਵਿਜ਼ਨ ਦਾ ਲਾਹੌਰ ਕੇਂਦਰ ਖੁੱਲ੍ਹਾ ਤਾਂ ਮੁੰਬਈ ਤੋਂ ਕੁਝ ਮਹੀਨੇ ਬਾਅਦ ਭਾਰਤ ਦਾ ਤੀਜਾ ਸਭ ਤੋਂ ਪੁਰਾਣਾ ਕੇਂਦਰ ਅੰਮ੍ਰਿਤਸਰ ਵਿੱਚ ਖੋਲ੍ਹਿਆ ਗਿਆ ਸੀ। ਇਸ ਦੂਰਦਰਸ਼ਨ ਕੇਂਦਰ ਨੂੰ 31 ਦਸੰਬਰ ਨੂੰ ਬੰਦ ਕੀਤੇ ਜਾਣ ਦਾ ਫ਼ੈਸਲਾ ਲਿਆ ਗਿਆ ਹੈ।



## ਡੀ ਆਰ ਡੀ ਓ ਜਾਸੂਸੀ ਕੇਸ: ਸ਼ੱਕੀ ਮਹਿਲਾ ਕਾਰਕੁੰਨ ਦੇ ਚਾਰ ਫੇਸਬੁਕ ਅਕਾਊਂਟ ਪਾਕਿ ਤੋਂ ਚੱਲਦੇ ਪਤਾ ਲੱਗੇ



ਭੁਵਨੇਸ਼ਵਰ, 7 ਅਕਤੂਬਰ (ਪੋਸਟ ਬਿਊਰੋ)- ਡੀ ਆਰ ਡੀ ਓ ਜਾਸੂਸੀ ਮਾਮਲੇ ਵਿੱਚ ਪਾਕਿਸਤਾਨ ਨਾਲ ਜੁੜੇ ਹੋਣ ਦਾ ਖੁਲਾਸਾ ਕਰਦੇ ਹੋਏ ਉੜੀਸਾ ਪੁਲਸ ਨੇ ਕਿਹਾ ਹੈ ਕਿ ਸ਼ੱਕੀ ਮਹਿਲਾ ਕਾਰਕੁੰਨ ਦੇ ਚਾਰ ਫੇਸਬੁਕ ਅਕਾਊਂਟ ਪਾਕਿ-ਸਤਾਨ ਤੋਂ ਚੱਲਦੇ ਸਨ, ਜਿਨ੍ਹਾਂ ਬਾਰੇ ਅਗਲੀ ਜਾਂਚ ਕੀਤੀ ਜਾ ਰਹੀ ਹੈ।

ਉੜੀਸਾ ਪੁਲਸ (ਅਪਰਾਧ ਸੈਲ) ਦੇ ਐਡੀਸ਼ਨਲ ਡੀ ਜੀ ਸੰਜੀਵ ਪਾਂਡਾ ਨੇ ਕਿਹਾ ਕਿ ਮਹਿਲਾ ਜਾਸੂਸ ਦੇ 7 ਵਿੱਚੋਂ 4 ਫੇਸਬੁੱਕ ਅਕਾਊਂਟ ਪਾਕਿਸਤਾਨ ਤੋਂ ਚੱਲਦੇ ਹਨ, ਜਿਸ ਉੱਤੇ ਆਈ ਟੀ ਆਰ ਚਾਂਦੀਪੁਰ ਤੋਂ ਸੰਵੇਦਨਸ਼ੀਲ ਜਾਣਕਾਰੀ ਲੀਕ ਕਰਨ ਵਿੱਚ ਸ਼ਾਮਲ ਜਾਸੂਸੀ ਗਿਰੋਹ ਦੀ 'ਹੈਂਡਲਰ' ਹੋਣ ਦਾ ਸ਼ੱਕ ਹੈ। ਇਹ ਅਕਾਊਂਟ ਪਾਕਿ-ਸਤਾਨ ਤੋਂ ਚਾਲੂ ਕੀਤੇ ਗਏ ਸਨ। ਪਾਂਡਾ ਨੇ ਦਸਿਆ ਕਿਥਾਂ ਗੁਪਤ ਰੱਖਣ ਲਈ ਪ੍ਰਾਕਸੀ ਆਈ ਪੀ ਐਡਰੈਸ ਰਾਹੀਂ ਅਕਾਊਂਟ ਚਲਾਏ ਗਏ ਸਨ ਅਤੇ ਚਾਰ ਖਾਤਿਆਂ ਵਿੱਚੋਂ ਤਿੰਨ ਇਸਲਾਮਾਬਾਦ ਤੋਂ ਚੱਲਦੇ ਸਨ, ਜਦ ਕਿ ਇੱਕ ਰਾਵਲਪਿੰਡੀ ਤੋਂ ਸੀ। ਅਜੇ ਇਸ ਗੱਲ ਦੀ ਪੁਸ਼ਟੀ ਨਹੀਂ ਹੋਈ ਹੈ ਕਿ ਭੇਦਭਰੀ ਮਹਿਲਾ ਪਾਕਿਸਤਾਨ ਦੀ ਹੈ ਜਾਂ ਨਹੀਂ।ਕੁੱਝ ਫੇਸਬੁਕ ਅਕਾਊਂਟ ਅਜੇ ਵੀ ਚਲਦੇ ਹਨ ਅਤੇ ਅਪਰਾਧ ਸੈਲ ਵੱਲੋਂ ਅੱਗੇ ਦੀ ਚੈਟ ਦੇਖੀ ਜਾ ਰਹੀ ਹੈ, ਜਿਨ੍ਹਾਂ ਦੀ ਜਾਣਕਾਰੀ ਦੇਣ ਤੋਂ ਐਡੀਸ਼ਨਲ ਡੀ ਜੀ ਨੇ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਅਪਰਾਧ ਸੈਲ ਨੇ ਦੋਸ਼ੀ ਅਤੇ ਸ਼ੱਕੀ ਮਹਿਲਾ ਸੰਚਾਲਕ ਦੀ ਕੁਝ ਚੈਟ ਇਕੱਠੀ ਕੀਤੀ ਹੈ, ਜਦ ਕਿ ਕੁਝ ਚੈਟ ਹਟਾ ਦਿੱਤੀ ਗਈ ਹੈ।ਗ੍ਰਿਫਤਾਰ ਪੰਜ ਦੋਸ਼ੀਆਂ ਤੋਂ ਪਹਿਲੇ ਪੜਾਅ ਵਿੱਚ ਪੁੱਛਗਿੱਛ ਕੀਤੀ ਜਾ ਚੁੱਕੀ ਹੈ ਅਤੇ ਅਸੀਂ ਸਬੰਧਤ ਏਜੰਸੀਆਂ ਤੋਂ ਹੋਰ ਤਕਨੀਕੀ ਅੰਕੜੇ ਮੰਗ ਰਹੇ ਹਾਂ। ਜੇ ਜ਼ਰੂਰਤ ਪਈ ਤਾਂ ਅਸੀਂ ਅੱਗੇ ਦੀ ਪੁੱਛਗਿੱਛ ਲਈ ਪੰਜਾਂ ਦੋਸ਼ੀਆਂ ਨੂੰ ਰਿਮਾਂਡ ਉੱਤੇ ਲੈ ਸਕਦੇ ਹਾਂ।

# ਐਨ ਸੀ ਪੀ ਵੱਲੋਂ ਦੋਸ਼, ਕਰੂਜ਼ ਉਤੇ ਛਾਪਾ ਫਰਜ਼ੀ ਸੀ, ਕੋਈ ਡਰੱਗਜ਼ ਮਿਲੇ ਹੀ ਨਹੀਂ

ਮੁੰਬਈ, 7 ਅਕਤੂਬਰ (ਪੋਸਟ ਬਿਊਰੋ)- ਰਾਸ਼ਟਰਵਾਦੀ ਕਾਂਗਰਸ ਪਾਰਟੀ (ਐਨ ਸੀ ਪੀ) ਨੇ ਦਾਅਵਾ ਕੀਤਾਹੈ ਕਿ ਦੋ ਅਕਤੂਬਰ ਨੂੰ ਮੁੰਬਈ ਦੇ ਸਮੁੰਦਰੀ ਕੰਢੇ ਉੱਤੇ ਨਾਰਕੋਟਿਕਸ ਕੰਟਰੋਲ ਬਿਊਰੋ(ਐਨ ਸੀ ਬੀ) ਦੀ ਟੀਮ ਨੇ ਇੱਕ ਕਰੂਜ਼ ਉੱਤੇਜਿਹੜਾ ਛਾਪਾ ਮਾਰਿਆ ਦੱਸਿਆ ਸੀ, ਉਹ ਅਸਲ ਵਿੱਚ ਫਰਜ਼ੀ ਸੀ ਅਤੇ ਇਸ ਦੌਰਾਨ ਉਥੋਂ ਕੋਈ ਡਰੱਗਜ਼ ਨਹੀਂ ਮਿਲੀਆਂ ਸਨ। ਐੱਨ ਸੀ ਪੀ ਨੇ ਇਸ ਛਾਪੇ ਦੌਰਾਨ ਐਨ ਸੀ ਬੀ ਟੀਮ ਨਾਲ ਦੋ ਖਾਸ ਵਿਅਕਤੀਆਂ ਦੀ ਮੌਜੂਦਗੀ ਉੱਤੇ ਵੀ ਇਤਰਾਜ਼ਕੀਤਾ ਅਤੇ ਦਾਅਵਾ ਕੀਤਾ ਹੈ ਕਿ ਇਨਾਂ ਵਿੱਚੋਂ ਇੱਕ ਜਣਾ ਭਾਜਪਾ ਦਾਵਰਕਰ ਸੀ।

ਮਹਾਰਾਸ਼ਟਰ ਸਰਕਾਰ ਵਿੱਚ ਘੱਟ-ਗਿਣਤੀਆਂ ਦੇ ਮਾਮਲਿਆਂ ਬਾਰੇ ਮੰਤਰੀ ਨਵਾਬ ਮਲਿਕ ਨੇ ਦਾਅਵਾ ਕੀਤਾ ਹੈ ਕਿ'ਛਾਪੇ ਦਾ ਸਿਰਫ ਡਰਾਮਾ ਸੀ। ਐਨ ਸੀ ਬੀ ਟੀਮ ਨੂੰ ਕਰੂਜ਼ ਤੋਂ ਕੋਈ ਡਰੱਗਜ਼ ਨਹੀਂ ਮਿਲੇ।' ਮਲਿਕ ਨੇ ਇਸ ਸੰਬੰਧ ਵਿੱਚ ਕੁਝ ਵੀਡੀਓ ਵੀ ਜਾਰੀ ਕੀਤੇ ਹਨ, ਜਿਹੜੇ ਐਨ ਸੀ ਬੀ ਵੱਲੋਂ ਮਾਰੇ ਗਏ ਛਾਪੇ ਦੇ ਜਾਪਦੇ ਹਨ। ਮਲਿਕ ਨੇ ਕਿਹਾ ਕਿ ਇੱਕ ਵੀਡੀਓ ਵਿੱਚ ਸ਼ਾਹਰੁਖ ਖਾਂਨ ਦੇ ਬੇਟੇ



ਆਰੀਅਨ ਖਾਨ ਦੇ ਨਾਲ ਤੁਰਿਆ ਜਾਂਦਾ ਸ਼ਖਸ ਐਨ ਸੀ ਬੀ ਅਧਿਕਾਰੀ ਨਹੀਂ ਸੀ ਅਤੇ ਇਸ ਵਿਅਕਤੀ ਦੇ ਸੋਸ਼ਲ ਮੀਡੀਆ ਪ੍ਰੋਫਾਈਲ ਤੋਂ ਪਤਾ ਲੱਗਾ ਹੈ ਕਿ ਉਹ ਕੁਆਲਾਲੰਪੁਰ ਦਾ ਪ੍ਰਾਈਵੇਟ ਜਾਸੂਸ ਹੈ। ਇੱਕ ਹੋਰ ਵੀਡੀਓ ਵਿੱਚ ਇਸੇ ਕੇਸ ਵਿੱਚ ਗ੍ਰਿਫਤਾਰ ਅਰਬਾਜ਼ ਮਰਚੈਂਟ ਨਾਲ ਤੁਰੇ ਜਾਂਦੇ ਦੋ ਵਿਅਕਤੀਆਂ ਵਿੱਚੋਂ ਇੱਕ ਜਣਾ ਭਾਜਪਾ ਦਾ ਮੈਂਬਰ ਹੈ। ਨਵਾਬ ਮਲਿਕ ਨੇ ਕਿਹਾ, ''ਜੇ ਉਹ ਦੋਵੇਂ ਵਿਅਕਤੀ ਐਨ ਸੀ ਬੀ ਅਧਿਕਾਰੀ ਨਹੀਂ ਹਨ ਤਾਂ ਉਹ ਦੋ ਹਾਈ ਪ੍ਰੋਫਾਈਲ ਲੋਕਾਂ (ਖਾਨ ਅਤੇ ਮਰਚੈਂਟ) ਦੇ ਨਾਲ ਕਿਉਂ ਤੁਰੇ ਜਾਂਦੇ ਸਨ।''

ਇਸ ਮੌਕੇ ਨਵਾਬ ਮਲਿਕ ਨੇ ਦਾਅਵਾ ਕੀਤਾ ਕਿ ਮਰਚੈਂਟ ਨਾਲ ਨਜ਼ਰ ਆ ਰਹੇ ਵਿਅਕਤੀ ਨੂੰ 21-22 ਸਤੰਬਰ ਨੂੰ ਗੁਜਰਾਤ ਵਿੱਚ ਵੇਖਿਆ ਗਿਆ ਸੀ ਤੇ ਉਸ ਨੂੰ ਮੁੰਦਰਾ ਬੰਦਰਗਾਹ ਤੋਂ ਫੜੀ ਗਈ 3000 ਕਿਲੋ ਹੈਰੋਇਨ ਦੀ ਖੇਪ ਨਾਲ ਜੋੜਿਆ ਜਾ ਸਕਦਾ ਹੈ। ਐਨ ਸੀ ਪੀ ਦੇ ਆਗੂ ਨਵਾਬ ਮਲਿਕ ਨੇ ਕਿਹਾ, ''ਐਨ ਸੀ ਬੀ ਦੇ ਕੁਝ ਵਿਅਕਤੀਆਂ ਨਾਲ ਮਿਲ ਕੇਭਾਜਪਾ ਮਹਾਰਾਸ਼ਟਰ ਸਰਕਾਰ ਤੇ ਬਾਲੀਵੁੱਡ ਨੂੰ ਬਦਨਾਮ ਕਰਨ ਲਈ ਮੌਕਾ ਵਰਤ ਰਹੀ ਹੈ।''

ਵਰਨਣ ਯੋਗ ਹੈ ਕਿ ਐਨ ਸੀ ਬੀ ਨੇ ਇਸ ਤੋਂ ਪਹਿਲਾਂ ਨਵਾਬ ਮਲਿਕ ਦੇ ਜਵਾਈ ਸਮੀਰ ਖਾਨ ਨੂੰ ਇਸ ਸਾਲ 13 ਜਨਵਰੀ ਨੂੰ ਡਰੱਗਜ਼ ਕੇਸ ਵਿੱਚ ਗ੍ਰਿਫਤਾਰ ਕੀਤਾ ਸੀ ਅਤੇ ਸਤੰਬਰ ਵਿੱਚ ਉਸ ਨੂੰ ਜ਼ਮਾਨਤ ਮਿਲੀ ਸੀ। ਲੋਕਲ ਕੋਰਟ ਨੇ ਮੁੰਬਈ ਦੇ ਸਮੁੰਦਰੀ ਕੰਢੇ ਨੇੜੇ ਇੱਕ ਕਰੂਜ਼ ਜਹਾਜ਼ ਵਿੱਚੋਂ ਬਰਾਮਦ ਵੱਖ-ਵੱਖ ਨਸ਼ੀਲੇ ਪਦਾਰਥਾਂ ਦੇ ਮਾਮਲੇ ਵਿੱਚ ਚਾਰ ਜਣਿਆਂ ਨੂੰ 14 ਅਕਤੂਬਰ ਤਕ ਐਨ ਸੀ ਬੀ ਦੀ ਹਿਰਾਸਤ ਵਿੱਚ ਭੇਜ ਦਿੱਤਾ ਹੈ। ਐਨ ਸੀ ਬੀ ਨੇ ਕੋਰਟ ਨੂੰ ਦੱਸਿਆ ਕਿ ਗੋਪਾਲ ਆਨੰਦ, ਸਮੀਰ ਸਹਿਗਲ, ਮਾਨਵ ਸਿੰਘਲ ਅਤੇ ਭਾਸਕਰ ਅਰੋੜਾ ਕਰੂਜ਼ ਜਹਾਜ਼ ਉੱਤੇ ਚੱਲ ਰਹੇ ਇਸ ਈਵੈਂਟ ਦੇ ਆਰਗੇਨਾਈਜ਼ਰ ਸਨ ਅਤੇ ਇਸੇ ਈਵੈਂਟ ਦੌਰਾਨ ਕਰੂਜ਼ ਉੱਤੇ ਮੌਜੂਦ ਕੁਝ ਲੋਕ ਡਰੱਗਜ਼ ਲੈ ਰਹੇ ਸਨ। ਐਨ ਸੀ ਬੀ ਇਸ ਮਾਮਲੇ ਵਿੱਚ ਬਾਲੀਵੁੱਡ ਸੁਪਰਸਟਾਰ ਸ਼ਾਹਰੁਖ ਖਾਨ ਦੇ ਪੁੱਤਰ ਸਮੇਤ 17 ਜਣਿਆਂ ਨੂੰ ਗ੍ਰਿਫਤਾਰ ਕਰ ਚੁੱਕੀ ਹੈ।

## ਕੇਜਰੀਵਾਲ ਸਰਕਾਰ ਵੱਲੋਂ 40 ਲੱਖ ਗ਼ੈਰ ਰਾਸ਼ਨ ਕਾਰਡ ਹੋਲਡਰਾਂ ਨੂੰ ਮੁਫ਼ਤ ਰਾਸ਼ਨ ਦੇਣ ਦਾ ਮਤਾ ਪਾਸ

ਨਵੀਂ ਦਿੱਲੀ, 7 ਅਕਤੂਬਰ (ਪੋਸਟ ਬਿਊਰੋ)- ਦਿੱਲੀ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਅਹਿਮ ਫ਼ੈਸਲਾ ਲਿਆ ਤੇ ਦਿੱਲੀ ਵਿਚ 40 ਲੱਖ ਗ਼ੈਰ ਰਾਸ਼ਨ ਕਾਰਡ ਧਾਰਕਾਂ ਨੂੰ ਮੁਫ਼ਤ ਰਾਸ਼ਨ ਦੇਣ ਦਾ ਮਤਾ ਪਾਸ ਕੀਤਾ ਹੈ।

ਕੱਲ੍ਹ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪ੍ਰਧਾਨਗੀ ਹੇਠ ਕੈਬਨਿਟ ਦੀ ਮੀਟਿੰਗ ਵਿਚ ਇਸ ਬਾਰੇ ਕਣਕ, ਚੌਲ ਆਦਿ ਦੀ ਖ਼ਰੀਦ, ਸਪਲਾਈ ਅਤੇ ਢੋਆ ਢੁਆਈ ਲਈ 48.12448 ਕਰੋੜ ਦੀ ਰਕਮ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ। ਇਸ ਦੇ ਲਈ ਸਰਕਾਰ ਨੂੰ 16 ਹਜ਼ਾਰ ਮੀਟ੍ਰਿਕ ਟਨ ਕਣਕ ਅਤੇ ਚਾਰ ਹਜ਼ਾਰ ਮੀਟ੍ਰਿਕ ਟਨ ਚੌਲਾਂ ਦੀ ਲੋੜ ਪਵੇਗੀ। ਇਸ ਸਕੀਮ ਰਾਹੀਂ ਦਿੱਲੀ ਵਿਚਲੇ ਪ੍ਰਵਾਸੀ ਮਜ਼ਦੂਰਾਂ, ਗੈਰ ਜੱਥੇਬੰਦਕ ਮਜ਼ਦੂਰਾਂ, ਉਸਾਰੀ ਵਾਲੇ ਕਾਮਿਆਂ, ਕਿਰਤੀਆਂ, ਘਰੇਲੂ ਨੌਕਰਾਂ ਆਦਿ ਨੂੰ ਮੁਫ਼ਤ ਰਾਸ਼ਨ ਮਿਲ ਸਕੇਗਾ।ਕੈਬਨਿਟ ਮੀਟਿੰਗ ਨੇ ਇਸ ਫੈਸਲੇ ਨੂੰ ਵੀ ਪ੍ਰਵਾਨਗੀ ਦਿੱਤੀ ਹੈ ਕਿ ਕੋਰੋਨਾ ਮਹਾਂਮਾਰੀ ਦੌਰਾਨ ਕੇਜਰੀਵਾਲ ਸਰਕਾਰ ਨੇ ਜਿੰਦਾਂ ਗੈਰ ਰਾਸ਼ਨ ਕਾਰਡ ਧਾਰਕਾਂ ਅਤੇ ਆਰਥਕ



ਤੌਰ ਉੱਤੇ ਕਮਜ਼ੋਰ ਲੋਕਾਂ ਨੂੰ ਮੁਫ਼ਤ ਰਾਸ਼ਨ ਆਦਿ ਦੀ ਵੰਡ ਕੀਤੀ ਸੀ, ਉਸੇ ਤਰ੍ਹਾਂ ਅੱਗੇ ਵੀ ਇਹ ਸਕੀਮ ਲੋੜਵੰਦਾਂ ਲਈ ਜਾਰੀ ਰਹੇਗੀ। 25 ਮਈ 2021 ਨੂੰ ਕੈਬਨਿਟ ਨੇ ਲੋੜਵੰਦ ਲੋਕਾਂ ਨੂੰ ਮੁਫ਼ਤ ਸੁੱਕਾ ਰਾਸ਼ਨ ਦੇਣ ਦੇ ਫ਼ੈਸਲੇ ਨੂੰ ਪ੍ਰਵਾਨਗੀ ਦਿੱਤੀ ਸੀ। ਕੌਮੀ ਖੁਰਾਕ ਸੁਰੱਖਿਆ ਕਾਨੂੰਨ-2013 (ਐਨ ਐਫ ਐਸ ਕਾਨੂੰਨ) ਹੇਠ ਪ੍ਰਵਾਸੀ ਮਜ਼ਦੂਰਾਂ, ਗੈਰ ਜੱਥੇਬੰਦਕ ਮਜ਼ਦੂਰਾਂ ਅਤੇ ਉਸਾਰੀ ਮਜ਼ਦੂਰਾਂ, ਘਰੇਲੂ ਸਹਾਇਕਾਂ ਸਣੇ ਹੋਰ ਲੋੜਵੰਦਾਂ, ਜਿਨ੍ਹਾਂ ਕੋਲ ਰਾਸ਼ਨ ਕਾਰਡ ਨਹੀਂ ਹਨ, ਨੂੰ ਪੰਜ ਕਿਲੋ ਕਣਕ ਮੁਫ਼ਤ ਦਿੱਤੀ ਗਈ ਸੀ ਅਤੇ ਇਸ ਵਿਚ ਹਰ ਬੰਦੇ ਨੂੰ ਚਾਰ ਕਿਲੋ ਕਣਕ ਤੇ ਇੱਕ ਕਿਲੋ ਚੌਲ ਦੇਣ ਦਾ ਪ੍ਰਬੰਧ ਹੈ। ਉਦੋਂ ਕੈਬਨਿਟ ਦੇ ਫ਼ੈਸਲੇ ਨਾਲ 20 ਲੱਖ ਲੋਕਾਂ ਨੂੰ ਲਾਭ ਹੋਇਆ ਸੀ।

### ਸੁਪਰੀਮ ਕੋਰਟ ਦੀ ਦੋ-ਟੁੱਕ :

## ਕਿਸੇ ਦੀ ਜਾਨ ਦੀ ਕੀਮਤ ਉੱਤੇ ਪਟਾਕੇ ਨਾਲ ਜਸ਼ਨ ਨਹੀਂ ਮਨਾਇਆ ਜਾ ਸਕਦਾ



ਨਵੀਂ ਦਿੱਲੀ, 7 ਅਕਤੂਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕਿਹਾ ਹੈ ਕਿ ਪਟਾਕਿਆਂ ਦੇ ਜਸ਼ਨ ਮਨਾਉਣ ਦੇ ਓਹਲੇ ਵਿੱਚ ਪਟਾਕੇ ਬਣਾਉਣਵਾਲਿਆਂ ਵੱਲੋਂ ਪਾਬੰਦੀਸ਼ੁਦਾ ਪਦਾਰਥਾਂ ਦੀ ਵਰਤੋਂ ਕੀਤੀ ਜਾ ਰਹੀ ਹੈ।

ਜਸਟਿਸ ਐਮ ਆਰ ਸ਼ਾਹ ਅਤੇ ਜਸਟਿਸ ਏ ਐਸ ਬੋਪੰਨਾ ਦੇ ਬੈਂਚ ਨੇ ਇਹ ਗੱਲ ਦੁਹਰਾਈ ਕਿ ਪਟਾਕਿਆਂ ਉੱਤੇ ਪਾਬੰਦੀ ਲਾਉਣ ਦੇ ਉਸਦੇ ਪਹਿਲੇ ਹੁਕਮ ਦੀ ਪਾਲਣਾ ਹਰ ਸੂਬੇ ਨੂੰ ਕਰਨੀ ਚਾਹੀਦੀ ਹੈ। ਉਤਸਵ ਵਿੱਚ ਜਸ਼ਨ ਮਨਾਉਣ ਦੇ ਅਸੀਂ ਵਿਰੁੱਧ ਨਹੀਂ, ਪਰ ਇਹ ਦੂਜੇ ਨਾਗਰਿਕਾਂ ਦੀ ਜਾਨ ਦੀ ਕੀਮਤ ਉੱਤੇ ਨਹੀਂ ਮਨਾਏ ਜਾ ਸਕਦੇ। ਜਸ਼ਨ ਦਾ ਭਾਵ ਤੇਜ਼ ਪਟਾਕਿਆਂ ਦੀ ਵਰਤੋਂ ਨਹੀਂ, ਜਸ਼ਨ ਮਨਾਉਣ ਲਈ ਫੁਲਝੜੀਆਂ ਚਲਾਈਆਂ ਜਾ ਸਕਦੀਆਂ ਹਨ। ਅਦਾਲਤ ਨੇ ਕਿਹਾ ਕਿ ਸਵਾਲ ਇੱਕ ਸਮੱਗਰੀ ਦੀ ਥਾਂ ਦੂਜੀ ਸਮੱਗਰੀ ਦੀ ਵਰਤੋਂ ਦਾ ਨਹੀਂ, ਇਸ ਨੂੰ ਬਾਜ਼ਾਰ ਵਿੱਚ ਸ਼ਰੇਆਮ ਵੇਚਿਆ ਜਾ ਰਿਹਾ ਹੈ। ਲੋਕ ਇਸ ਦੀ ਵਰਤੋਂ ਕਰ ਰਹੇ ਹਨ। ਅਸੀਂ ਜਾਣਨਾ ਚਾਹੁੰਦੇ ਹਾਂ ਕਿ ਜੇ ਪਾਬੰਦੀ ਹੈ ਤਾਂ ਬਾਜ਼ਾਰਾਂ ਵਿੱਚ ਕਿਵੇਂ ਮਿਲਦੇ ਹਨ? ਪਟਾਕੇ ਬਣਾਉਣ ਵਾਲਿਆਂ ਦੀ ਐਸੋਸੀਏਸ਼ਨ ਵੱਲੋਂ ਸੀਨੀਅਰ ਵਕੀਲ ਦੁਸ਼ਯੰਤ ਦਵੇ ਨੇ ਦਲੀਲ ਦਿੱਤੀ ਕਿ ਇਹ ਉਦਯੋਗ ਸਰਕਾਰ ਵੱਲੋਂ ਜਾਰੀ ਪ੍ਰੋਟੋਕੋਲ ਮੁਤਾ-ਬਕ ਕੰਮ ਕਰ ਰਿਹਾ ਹੈ, ਇਹ ਇੱਕ ਸੰਗਠਿਤ ਉਦਯੋਗ ਹੈ, ਲੱਗਭਗ ਪੰਜ ਲੱਖ ਪਰਵਾਰ ਇਸ ਉਦਯੋਗ ਉੱਤੇ ਨਿਰਭਰ ਹਨ, ਅਸੀਂ ਸਭ ਸਾਵਧਾਨੀਆਂ ਵਰਤ ਰਹੇ ਹਾਂ।ਸੁਪਰੀਮ ਕੋਰਟ ਨੇ ਕਿਹਾ ਕਿ ਮੁੱਖ ਮੁਸ਼ਕਲ ਉਸਦੇ ਹੁਕਮਾਂ ਉੱਤੇ ਅਮਲ ਕਰਨ ਬਾਰੇ ਹੈ। ਸੀਨੀਅਰ ਵਕੀਲ ਰਾਜੀਵ ਦੱਤਾ ਨੇ ਕਿਹਾ ਕਿ ਜੇ ਇੱਕ ਜਾਂ ਦੋ ਨਿਰਮਾਤਾ ਹੁਕਮਾਂ ਦੀ ਉਲੰਘਣਾ ਕਰਦੇ ਹਨ ਤਾਂ ਪੂਰੇ ਉਦਯੋਗ ਨੂੰ ਇਸ ਦਾ ਨੁਕਸਾਨ ਨਹੀਂ ਹੋਣਾ ਚਾਹੀਦਾ।

# ਪੁਲਸ ਵੱਲੋਂ ਸਿੱਖ ਪਰਿਵਾਰ ਨੂੰ ਪਰੇਸ਼ਾਨ ਕਰਨ 'ਤੇ ਹਾਈ ਕੋਰਟ ਸਖਤ

ਪ੍ਰਯਾਗਰਾਜ, 7 ਅਕਤੂਬਰ (ਪੋਸਟ ਬਿਊਰੋ)- ਇਲਾਹਾਬਾਦ ਹਾਈ ਕੋਰਟ ਨੇ ਉਤਰ ਪ੍ਰਦੇਸ਼ ਦੇ ਪੀਲੀਭੀਤ ਦੀ ਪੁਲਸ ਵੱਲੋਂ ਥਾਣੇਲਿਜਾ ਕੇ ਸਿੱਖ ਪਰਵਾਰ ਦੇ ਥਰਡ ਡਿਗਰੀ ਟਾਰਚਰ ਦੇਣ ਅਤੇ ਅਪਰਾਧਕ ਕੇਸ ਵਿੱਚ ਸ਼ਾਮਲ ਦੱਸਣ ਸਬੰਧੀ ਦਰਜ ਕੇਸ ਦੀ ਨਿਰਪੱਖ ਜਾਂਚ ਦਾ ਨਿਰਦੇਸ਼ ਦਿੱਤਾ ਹੈ। ਕੋਰਟ ਨੇ ਕਿਹਾ ਕਿ ਦੋਸ਼ੀ ਪੁਲਸ ਅਧਿਕਾਰੀਆਂ ਖਿਲਾਫ ਵਿਭਾਗੀ ਕਾਰਵਾਈ ਕੀਤੀ ਜਾਵੇ। ਕੋਰਟ ਨੇ ਦੋਵੇਂ ਕਾਰਵਾਈਆਂ ਤਿੰਨ ਮਹੀਨੇ ਵਿੱਚ ਪੂਰੀਆਂ ਕਰਨ ਦਾ ਹੁਕਮ ਦਿੱਤਾ ਹੈ। ਕੋਰਟ ਨੇ ਕਿਹਾ ਕਿ ਸ਼ੋਸ਼ਣ ਦੇ ਮੁਲਜ਼ਮ ਪੁਲਸ ਅਧਿਕਾਰੀਆਂ ਦੀ ਮੁਅੱਤਲੀ ਜਾਂ ਤਬਾਦਲਾ ਅੱਖਾਂ ਵਿੱਚ ਮਿੱਟੀ ਪਾਉਣ ਵਰਗਾ ਹੈ। ਉਨ੍ਹਾਂ ਖਿਲਾਫ ਠੋਸ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

ਇਹ ਹੁਕਮ ਜਸਟਿਸ ਐਸ ਪੀ ਕੇਸਰਵਾਨੀ ਅਤੇ ਜਸਟਿਸ ਪਿਊਸ਼



ਅਗਰਵਾਲ ਦੇ ਬੈਂਚ ਨੇ ਰੇਸ਼ਮ ਸਿੰਘ ਦੀ ਪਟੀਸ਼ਨ ਉੱਤੇ ਦਿੱਤਾ ਹੈ। ਇਸ ਵਿੱਚ ਘਟਨਾ ਦੀ ਨਿਰਪੱਖ ਜਾਂਚ ਕਰਾਉਣ, ਦੋਸ਼ੀ ਪੁਲਸ ਅਧਿਕਾਰੀਆਂ ਦੀ ਗ੍ਰਿਫਤਾਰੀ ਤੇ ਕੋਰਟ ਦੀ ਮਾਨੀਟਰਿੰਗ ਦੀ ਮੰਗ ਕੀਤੀ ਗਈ ਸੀ। ਪਟੀਸ਼ਨਰ ਆਪਣੀਆਂ ਦੋ ਭੈਣਾਂ ਨਾਲ ਦੋ ਮਈ 2021 ਨੂੰ ਸੋਗ ਵਿੱਚ ਸ਼ਾਮਲ ਹੋਣ ਲਈ ਕਾਰ ਰਾਹੀਂ ਪੀਲੀਭੀਤ ਤੋਂ ਲਖੀਮਪੁਰ ਖੀਰੀ ਜਾ ਰਹੇ ਸਨ। ਸਵੇਰੇ ਨੌਂ ਵਜੇ ਅਨਾਜ ਮੰਡੀ ਉੱਤੇ ਪੁਲਸ ਵਾਲਿਆਂ ਨੇ ਰੋਕ ਕੇ ਗੱਡੀ ਦੇ ਕਾਗਜ਼ ਮੰਗੇ। ਕਾਗਜ਼ ਦਿਖਾਉਣ ਵਿੱਚ ਦੇਰੀ ਹੋਣ ਉੱਤੇਪੁਲਸ ਵਾਲੇ ਗਾਲੀ-ਗਲੋਚ ਕਰਨ ਲੱਗੇ। ਵਿਰੋਧ ਕਰਨ ਉੱਤੇ ਪਟੀਸ਼ਨਰ ਨੂੰ ਥਾਣੇ ਲਿਆ ਕੇ ਮਾਰਿਆ-ਕੁੱਟਿਆ। ਦੂਜੇ ਦਿਨ ਕੇਸ ਦਰਜ ਕਰ ਦਿੱਤਾ ਗਿਆ। ਇਸ ਘਟਨਾ ਦਾ ਵੀਡੀਓ ਇੰਟਰਨੈਟ ਮੀਡੀਆ ਉੱਤੇ ਵਾਇਰਲ ਹੋਣ ਨਾਲ ਸਿੱਖ ਭਾਈਚਾਰੇ ਵਿੱਚ ਗੁੱਸਾ ਫੈਲ ਗਿਆ ਤੇ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਨੇ ਗ੍ਰਹਿ ਮੰਤਰਾਲੇ ਨੂੰ ਸ਼ਿਕਾਇਤ ਕੀਤੀ। ਇਸ ਉੱਤੇ ਪਟੀਸ਼ਨਰ ਵੱਲੋਂ ਵੀ ਸ਼ਿਕਾਇਤ ਦਰਜ ਕੀਤੀ ਗਈ, ਪਰ ਐਸ ਪੀ ਨੇ ਮੁੱਢਲੀ ਜਾਂਚ ਕੀਤੇ ਬਿਨਾਂ ਪੁਲਸ ਵਾਲਿਆਂ ਦਾ ਤਬਾਦਲਾ ਅਤੇ ਸਸਪੈਂਸ਼ਨ ਕਰ ਦਿੱਤੀ। ਜ਼ਿੰਮੇਵਾਰ ਪੁਲਸ ਵਾਲਿਆਂ ਉੱਤੇ ਕੋਈ ਹੋਰ ਵਿਭਾਗੀ ਕਾਰਵਾਈ ਨਹੀਂ ਹੋਈ ਤਾਂ ਕੋਰਟ ਵਿੱਚਅਰਜ਼ੀ ਪੇਸ਼ ਕੀਤੀ ਗਈ। ਕੋਰਟ ਨੇ ਜਵਾਬ ਮੰਗਿਆ ਤਾਂ ਸੀ ਓ (ਕਰਾਈਮ) ਬਰੇਲੀ ਸ਼ਵੇਤਾ ਕੁਮਾਰੀ ਨੇ ਐਫੀਡੇਵਿਟ ਪੇਸ਼ ਕਰ ਕੇ ਕਿਹਾ ਕਿ ਪਟੀਸ਼ਨਰ ਦੇ ਖਿਲਾਫ ਕਈ ਧਾਰਾਵਾਂ ਹਟਾ ਲਈਆਂ ਅਤੇ ਪਰਵਾਰ ਖਿਲਾਫ ਕਾਰਵਾਈ ਖਤਮ ਕਰ ਦਿੱਤੀ ਹੈ।

## ਐਨ ਆਈ ਏ ਵੱਲੋਂ ਤਿੰਨ ਹਜ਼ਾਰ ਕਿਲੋ-ਗਰਾਮ ਹੈਰੋਇਨ ਕੇਸ ਦੀ ਜਾਂਚ ਵੀ ਸ਼ੁਰੂ

ਨਵੀਂ ਦਿੱਲੀ, 7 ਅਕਤੂਬਰ (ਪੋਸਟ ਬਿਊਰੋ)- ਗੁਜਰਾਤ ਦੇ ਮੁੰਦਰਾ ਪੋਰਟ ਤੋਂ ਪਿਛਲੇ ਮਹੀਨੇ ਲਗਭਗ ਤਿੰਨ ਹਜ਼ਾਰ ਕਿਲੋਗਰਾਮ ਹੈਰੋਇਨ ਦੀ ਬਰਾਮਦਗੀ ਦੇ ਕੇਸ ਦੀ ਜਾਂਚ ਐਨ ਆਈ ਏ ਕਰੇਗੀ। ਗ੍ਰਹਿ ਮੰਤਰਾਲੇ ਦੇ ਨਿਰਦੇਸ਼ ਦੇ ਬਾਅਦ ਐਨ ਆਈ ਏ ਨੇ ਬਾਕਾਇਦਾ ਰਿਪੋਰਟ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਰਿਪੋਰਟ ਵਿੱਚ ਐਨ ਡੀ ਪੀ ਐਸ ਐਕਟ ਦੇ ਨਾਲ-ਨਾਲ ਗੈਰ ਕਾਨੂੰਨੀ ਗਤੀਵਿਧੀ ਕਾਨੂੰਨ ਤੇ ਅੱਤਵਾਦ ਨਾਲ ਜੁੜੀਆਂ ਧਾਰਾਵਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਸ ਦੇ ਪਹਿਲਾਂ ਇਸ ਮਾਮਲੇ ਦੀ ਜਾਂਚ ਡੀ ਆਰ ਆਈ ਕਰ ਰਿਹਾ ਸੀ।

ਇਸ ਸੰਬੰਧ ਵਿੱਚ ਗ੍ਰਹਿ ਮੰਤਰ-ਾਲੇ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਮੁੰਦਰਾ ਪੋਰਟ ਉੱਤੇ ਇੰਨੀ ਵੱਡੀ ਮਾਤਰਾ ਵਿੱਚ ਫੜੀ ਗਈ ਹੈਰੋਇਨ ਸਿਰਫ ਡਰੱਗ ਤਸਕਰੀ ਨਾਲ ਜੁੜਿਆ ਕੇਸ ਨਹੀਂ, ਇਸ ਦੇ ਭਾਰਤ ਵਿੱਚ ਅੱਤਵਾਦੀ ਗਤੀਵਿਧੀਆਂ



ਦੇ ਨਾਲ ਅਫਗਾਨਿਸਤਾਨ ਅਤੇ ਪਾਕਿਸਤਾਨ ਵਿੱਚ ਸਰਗਰਮ ਭਾਰਤ ਵਿਰੋਧੀ ਅੱਤਵਾਦੀ ਸੰਗਠਨਾਂ ਦੀ ਫੰਡਿੰਗ ਲਈ ਇਸਤੇਮਾਲ ਕੀਤੇ ਜਾਣ ਦਾ ਵੀਸ਼ੱਕ ਹੈ। ਡਾਇਰੈਕਟੋਰੇਟ ਆਫ ਰੈਵੇਨਿਊ ਇੰਟੈਲੀਜੈਂਸ (ਡੀ ਆਰ ਆਈ) ਸਿਰਫ ਡਰੱਗ ਤਸਕਰੀ ਦੇ ਨੁਕਤੇਤੋਂ ਜਾਂਚ ਕਰ ਰਹੀ ਸੀ। ਅੱਤਵਾਦੀ ਫੰਡਿੰਗ ਦੇ ਸ਼ੱਕ ਕਾਰਨ ਜਾਂਚ ਐਨ ਆਈ ਏ ਤੋਂ ਕਰਾਉਣ ਦਾ ਫੈਸਲਾ ਹੋਇਆ ਹੈ। ਸੁਰੱਖਿਆ ਏਜੰਸੀਆਂ ਨੂੰ ਇੰਨੀ ਵੱਡੀ ਡਰੱਗ ਤਸਕਰੀ ਪਿੱਛੇ ਪਾਕਿਸਤਾਨੀ ਖੁਫੀਆ ਏਜੰਸੀ ਆਈ ਐਸ ਆਈ ਤੇ ਅਫਗਾਨਿਸਤਾਨ ਉੱਤੇ ਕਾਬਜ਼ਤਾਲਿਬਾਨ ਦਾ ਹੱਥ ਹੋਣ ਦਾ ਸ਼ੱਕ ਸੀ।

## ਦਿੱਲੀ ਬਨਾਮ ਕੇਂਦਰ ਦੇ ਮੁੱਦੇ ਉੱਤੇ ਸੁਪਰੀਮ ਕੋਰਟ ਤਿੰਨ ਮੈਂਬਰੀ ਬੈਂਚ ਬਣਾਏਗੀ

ਨਵੀਂ ਦਿੱਲੀ, 7 ਅਕਤੂਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕਿਹਾ ਹੈ ਕਿ ਉਹ ਕੌਮੀ ਰਾਜਧਾਨੀ ਵਿੱਚ ਪ੍ਰਸ਼ਾਸਨਿਕ ਸੇਵਾਵਾਂ ਦੇ ਕੰਟਰੋਲ ਵਾਲੇ ਵਿਵਾਦਤ ਮੁੱਦੇ ਬਾਰੇ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਅਰਜ਼ੀਦੀ ਛੇਤੀ ਸੁਣਵਾਈ ਦੇ ਲਈ ਜਲਦੀ ਹੀ ਤਿੰਨ ਜੱਜਾਂ ਦਾ ਬੈਂਚ ਬਣਾਏਗੀ, ਜੋ ਦੀਵਾਲੀ ਮਗਰੋਂ ਇਸ ਦੀ ਸੁਣਵਾਈ ਕਰੇਗਾ।

ਇਹ ਮਾਮਲਾ ਦਿੱਲੀ ਵਿੱਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਸਰਕਾਰ ਵੱਲੋਂ ਦਾਇਰ ਕੀਤੀ ਅਰਜ਼ੀ ਦੇ 2019 ਵਿੱਚ ਵੰਡਣੇ ਫੈਸਲੇ ਨਾਲ ਸਬੰਧਤ ਹੈ। ਜਸਟਿਸ ਏ ਕੇ ਸੀਕਰੀਅਤੇ ਜਸਟਿਸ ਅਸ਼ੋਕ ਭੂਸ਼ਣ ਦੇ ਬੈਂਚ ਨੇ ਦਿੱਲੀ ਬਨਾਮ ਕੇਂਦਰ ਸਰਕਾਰ ਨਾਲ ਜੁੜੇ ਇਸ ਮੁੱਦੇ ਉੱਤੇ ਆਪਣੇ ਵੰਡੇ ਹੋਏ ਫੈਸਲੇ ਕਾਰਨ 14 ਫਰਵਰੀ 2019 ਨੂੰ ਭਾਰਤ ਦੇ ਚੀਫ ਜਸਟਿਸ ਨੂੰ ਇਸ ਦਾ ਆਖਰੀ ਫੈਸਲਾ ਲੈਣ ਲਈ ਤਿੰਨ ਜੱਜਾਂ ਦਾ ਬੈਂਚ ਬਣਾਉਣ ਦੀ ਸਿਫਾਰਸ਼ ਕੀਤੀ ਸੀ। ਇਹ ਦੋਵੇਂ ਜੱਜ ਇਸ ਵੇਲੇ ਸੇਵਾਮੁਕਤ ਹੋ ਚੁੱਕੇ ਹਨ। ਜਸਟਿਸ ਅਸ਼ੋਕ ਭੂਸ਼ਣ ਨੇ ਆਪਣੇ ਫੈਸਲੇ ਵਿੱਚ ਕਿਹਾ ਸੀ ਕਿ ਦਿੱਲੀ ਸਰਕਾਰ ਕੋਲ ਪ੍ਰਸ਼ਾਸਨਿਕ ਸੇਵਾਵਾਂ ਬਾਰੇ ਕੋਈ ਅਧਿਕਾਰ ਨਹੀਂ, ਜਦੋਂ ਕਿ ਜਸਟਿਸ ਸੀਕਰੀ ਨੇ ਵੱਖਰੀ ਰਾਇ ਵਿੱਚ ਕਿਹਾ ਸੀ ਕਿ ਅਫਸਰਾਂ ਦੇ ਸਿਖਰਲੇ ਅਹੁਦਿਆਂ (ਜੁਆਇੰਟ ਡਾਇਰੈਕਟਰ ਅਤੇ ਇਸ ਤੋਂ ਉਤੇ)ਦੇ ਤਬਾਦਲੇ ਜਾਂ ਪੋਸਟਿੰਗ ਕੇਂਦਰ ਸਰਕਾਰ ਵੱਲੋਂ ਕੀਤੀ ਜਾ ਸਕਦੀ ਹੈ ਅਤੇ ਜੇ ਹੋਰਨਾਂ ਨੌਕਰਸ਼ਾਹਾਂ ਨਾਲ ਸਬੰਧਤ ਮੁੱਦੇ ਉੱਤੇ ਕੋਈ ਵਖਰੇਵੇਂ ਵਾਲੀ ਸਥਿਤੀ ਬਣਦੀ ਹੈ ਤਾਂ ਉਥੇ ਲੈਫਟੀਨੈਂਟ ਜਨਰਲ ਦੀ ਰਾਏ ਅਸਰ ਕਰੇਗੀ। ਚੀਫ ਜਸਟਿਸ ਐਨ ਵੀ ਰਾਮੰਨਾ, ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਹਿਮਾ ਕੋਹਲੀ ਦੇ ਬੈਂਚ ਨੇ ਕਿਹਾ ਕਿ ਉਹ ਦੁਸਹਿਰੇ ਦੀਆਂ ਛੁੱਟੀਆਂ ਮਗਰੋਂ ਬੈਂਚ ਕਾਇਮ ਕਰਨਗੇ, ਜਦੋਂ ਕਿ ਪਟੀਸ਼ਨ ਨੂੰ ਦੀਵਾਲੀ ਦੀਆਂ ਛੁੱਟੀਆਂ ਮਗਰੋਂ ਕੇਸ ਸੂਚੀਬੱਧ ਕੀਤਾ ਜਾਵੇਗਾ।

## ਮੁੰਬਈ ਦੇ ਸਾਬਕਾ ਪੁਲਸ ਮੁਖੀ ਪਰਮਬੀਰ ਸਿੰਘ ਫਰਜ਼ੀ ਪਾਸਪੋਰਟ ਦੇ ਨਾਲ ਦੇਸ਼ ਤੋਂ ਨਿਕਲ ਗਏ!

ਨਵੀਂ ਦਿੱਲੀ, 7 ਅਕਤੂਬਰ (ਪੋਸਟ ਬਿਊਰੋ)- ਜਾਂਚ ਏਜੰਸੀਆਂ ਦਾ ਕਹਿਣਾ ਹੈ ਕਿ ਮੁੰਬਈ ਪੁਲਸ ਦੇ ਸਾਬਕਾ ਕਮਿਸ਼ਨਰ ਪਰਮਬੀਰ ਸਿੰਘ, ਮਹਾਰਾਸ਼ਟਰ ਪੁਲਸ ਵੱਲੋਂ ਲੁੱਕਆਊਟ ਸਰਕੂਲਰ (ਐਲ ਓ ਸੀ) ਜਾਰੀ ਕਰਨ ਤੋਂ ਪਹਿਲਾਂ ਜਾਂ ਫਰਜ਼ੀ ਪਾਸਪੋਰਟ ਨਾਲ ਦੇਸ਼ ਛੱਡ ਕੇ ਚਲੇ ਗਏ ਹੋਣਗੇ। ਅਧਿਕਾਰੀਆਂ ਦੇ ਮੁਤਾਬਕ ਪਰਮਬੀਰ ਸਿੰਘ ਦੇ ਛੁੱਟੀ ਉੱਤੇ ਜਾਣ ਤੋਂ ਦੋ ਮਹੀਨੇ ਬਾਅਦ ਮਹਾਰਾਸ਼ਟਰ ਪੁਲਸ ਨੇ ਐਲ ਓ ਸੀ ਜਾਰੀ ਕੀਤਾ ਸੀ।

ਵਰਨਣ ਯੋਗ ਹੈ ਕਿ ਪਰਮਬੀਰ ਸਿੰਘ ਨੇ ਸੱਤ ਮਈ ਨੂੰ ਆਪਣੀ ਖਰਾਬ ਸਿਹਤ ਦਾ ਹਵਾਲਾ ਦਿੰਦੇ ਹੋਏ ਛੁੱਟੀ ਦੀ ਅਰਜ਼ੀ ਦਿੱਤੀ ਸੀ। ਛੁੱਟੀ ਲੈ ਕੇ ਉਹ ਚੰਡੀਗੜ੍ਹ ਚਲੇ ਗਏ। ਉਥੋਂ ਉਨ੍ਹਾਂ ਆਪਣੀਆਂ ਛੁੱਟੀਆਂ ਵਧਾ ਦਿੱਤੀਆਂ, ਪਰ ਉਸ ਤੋਂ ਬਾਅਦ ਉਨ੍ਹਾਂ ਦਾ ਪਤਾ ਨਹੀਂ ਲੱਗਾ। ਉਨ੍ਹਾਂ ਖਿਲਾਫ ਪਹਿਲੀ ਐਲ ਓ ਸੀ ਜੁਲਾਈ ਦੇ ਅੱਧ ਵਿੱਚ ਜਾਰੀ ਹੋਈ ਸੀ।

# ਉਡਦੇ ਜਹਾਜ਼ ਵਿੱਚ ਔਰਤ ਵੱਲੋਂ ਬੱਚੇ ਨੂੰ ਜਨਮ



ਨਵੀਂ ਦਿੱਲੀ, 7 ਅਕਤੂਬਰ (ਪੋਸਟ ਬਿਊਰੋ)- ਲੰਡਨ ਤੋਂ ਕੋਚੀ ਲਈ ਆ ਰਹੇ ਏਅਰ ਇੰਡੀਆ ਦੇ ਜਹਾਜ਼ ਵਿੱਚ ਓਦੋਂ ਕਿਲਕਾਰੀਆਂ ਗੂੰਜੀਆਂ, ਜਦ ਇੱਕ ਗਰਭਵਤੀ ਔਰਤ ਨੇ ਬੱਚੇ ਨੂੰ ਜਨਮ ਦਿੱਤਾ। ਚਾਲਕ ਦਲ ਦੇ ਮੈਂਬਰਾਂ ਨੇ ਮਾਂ ਤੇ ਬੱਚੇ ਨੂੰ ਤੁਰੰਤ ਮੈਡੀਕਲ ਸਹੂਲਤ ਦੇਣ ਲਈ ਜਹਾਜ਼ ਨੂੰ ਫ੍ਰੈਂਕਫਰਟ ਵੱਲ ਮੋੜਨ ਦਾ ਫੈਸਲਾ ਕਰ ਲਿਆ।

ਏਅਰ ਇੰਡੀਆ ਦੇ ਇੱਕ ਅਧਿਕਾਰੀ ਨੇ ਆਪਣਾ ਨਾਂਅ ਨਾ ਛਾਪਣ ਦੀ ਸ਼ਰਤ ਉੱਤੇ ਦੱਸਿਆ ਕਿ ਬੱਚੇ ਦਾ ਜਨਮ ਪੰਜ ਅਕਤੂਬਰ ਨੂੰ ਹੋਇਆ। ਉਨ੍ਹਾਂ ਦੱਸਿਆ ਕਿ ਏਅਰ ਇੰਡੀਆ ਦੀ ਨੀਤੀ ਅਨੁਸਾਰ 32 ਹਫਤੇ ਦੀ ਗਰਭਵਤੀ ਯਾਤਰੀ ਕਿਸੇ ਡਾਕਟਰ ਦੇ 'ਫਿੱਟ ਟੂ ਫਲਾਈ ਸਰਟੀਫਿਕੇਟ' ਤੋਂ ਬਿਨਾਂ ਯਾਤਰਾ ਕਰ ਸਕਦੀ ਹੈ, ਜਦ ਕਿ 32-35 ਹਫਤੇ ਦੌਰਾਨ ਗਰਭਵਤੀ ਯਾਤਰੀਆਂ ਲਈ ਉਡਾਣ ਲਈ ਡਾਕਟਰ ਦੀ ਮਨਜ਼ੂਰੀ ਜ਼ਰੂਰੀ ਹੈ। ਇਸ ਕੇਸ ਵਿੱਚ ਲਗਭਗ 29 ਹਫਤੇ ਦੀ ਗਰਭਵਤੀ ਔਰਤ ਨੇ ਚੈਕ ਇਨ ਕਾਊਂਟਰ ਉੱਤੇ ਆਪਣੇ ਡਾਕਟਰ ਦਾ ਸਰਟੀਫਿਕੇਟ ਦਿਖਾਇਆ ਸੀ ਤੇ ਉਸ ਨੂੰ ਹਵਾਈ ਯਾਤਰਾ ਲਈ ਫਿੱਟ ਕਰਾਰ ਦਿੱਤਾ ਗਿਆ ਸੀ। ਉਨ੍ਹਾਂ ਕਿਹਾ, ''ਸਾਡੇ ਲਈ ਯਾਤਰੀ ਸਹੂਲਤ ਤੇ ਉਨ੍ਹਾਂ ਦੀ ਭਲਾਈ ਸਭ ਤੋਂ ਵਧ ਕੇ ਹੈ। ਸਾਨੂੰ ਖੁਸ਼ੀ ਹੈ ਕਿ ਮਾਂ ਅਤੇ ਨਵਜਾਤ ਬੱਚਾ ਸੁਰੱਖਿਅਤ ਹਨ।''

# ਬੈਂਕ ਮੁਲਾਜ਼ਮ ਬਣ ਕੇ ਪੁੱਜੇ ਬਦਮਾਸ਼ਾਂ ਨੇ ਫਾਇਨੈਂਸ ਕੰਪਨੀ ਤੋਂ 7.40 ਲੱਖ ਲੁੱਟੇ

ਧਾਰੂਹੇੜਾ (ਰੇਵਾੜੀ), 7 ਅਕਤੂਬਰ (ਪੋਸਟ ਬਿਊਰੋ)- ਧਾਰੂਹੇੜਾ ਦੇ ਨੰਦਰਾਪੁਰਬਾਸ ਰੋਡ ਉਤੇ ਭਾਰਤ ਫਾਇਨੈਂਸ ਕੰਪਨੀ ਦੇ ਦਫਤਰ ਵਿੱਚ ਕੱਲ੍ਹ ਸਵੇਰੇ ਗੰਨ ਪੁਆਇੰਟ ਉੱਤੇ ਬਰਾਂਚ ਮੈਨੇਜਰ ਨੂੰ ਬਾਥਰੂਮ ਵਿੱਚ ਬੰਦ ਕਰ ਕੇ ਦੋ ਬਦਮਾਸ਼ਾਂ ਨੇ ਸੱਤ ਲੱਖ ਚਾਲੀ ਹਜ਼ਾਰ ਰੁਪਏ ਲੁੱਟ ਲਏ। ਉਸ ਸਮੇਂ ਦਫਤਰ ਵਿੱਚ ਕੇਵਲ ਮੈਨੇਜਰ ਹਰਨਾਰਾਇਣ ਸਿੰਘ ਸਨ ਅਤੇ ਉਸ ਵਕਤ ਦਫਤਰ ਵਿੱਚ ਦੋ ਦਿਨਾਂ ਦੇ ਕੁਲੈਕਸ਼ਨ ਦੀ ਰਕਮ ਸੀ।

ਇਸ ਸ਼ਹਿਰ ਦੀ ਆਜ਼ਾਦ ਨਗਰ ਕਾਲੋਨੀ ਵਿੱਚ ਭਾਰਤ ਫਾਇਨੈਂਸ ਕੰਪਨੀ ਦਾ ਕਾਫੀ ਸਮੇਂ ਤੋਂ ਦਫਤਰ ਹੈ। ਸਵੇਰੇ ਦੋ ਨੌਜਵਾਨ ਪਹੁੰਚੇ ਤਾਂ ਉਨ੍ਹਾਂ ਨੇ ਖੁਦ ਨੂੰ ਇੱਕ ਬੈਂਕ ਦਾ ਮੁਲਾਜ਼ਮ ਦੱਸਿਆ ਅਤੇ ਕਰਜ਼ੇ ਦੇ ਸਬੰਧ ਵਿੱਚ ਵੱਖ-ਵੱਖ ਪਿੰਡਾਂ ਨਾਲ ਸਬੰਧਤ ਕ੍ਰੈਡਿਟ ਸਕੋਰ ਦੀ ਜਾਣਕਾਰੀ ਮੰਗੀ। ਗੱਲਬਾਤ ਦੌਰਾਨ ਇੱਕ ਦੋਸ਼ੀ ਨੇ ਪਿਸਤੌਲ ਬ੍ਰਾਂਚ ਮੈਨੇਜਰ ਉੱਤੇ ਤਾਣ ਕੇ ਉਨ੍ਹਾਂ ਨੂੰ ਬਾਥਰੂਮ ਵਿੱਚ ਬੰਦ ਕਰ ਦਿੱਤਾ ਅਤੇ ਕੈਬਿਨ ਵਿੱਚ ਰੱਖੇ 7.40 ਲੱਖ ਰੁਪਏ ਲੁੱਟ ਲਏ।ਬਾਥਰੂਮ ਵਿੱਚ ਬੰਦ ਹਰਨਾਰਾਇਣ ਸਿੰਘ ਨੇ ਦੱਸਿਆ ਕਿ ਮੋਬਾਈਲ ਬਾਹਰ ਰਹਿ ਗਿਆ ਹੋਣ ਕਾਰਨ ਉਹ ਕਿਸੇ ਨੂੰ ਫੋਨ ਵੀ ਨਹੀਂ ਕਰ ਸਕੇ। ਉਨ੍ਹਾਂ ਨੇ ਬਾਥਰੂਮ ਦੇ ਦਰਵਾਜ਼ੇ ਨੂੰ ਜ਼ੋਰ-ਜ਼ੋਰ ਨਾਲ ਖੜਕਾਉਣਾ ਸ਼ੁਰੂ ਕੀਤਾ। ਇਸ ਪਿੱਛੋਂ ਗੁਆਂਢ ਵਿੱਚ ਰਹਿੰਦੇ ਪਰਵਾਰ ਦੇ ਮੈਂਬਰ ਪਹੁੰਚੇ ਅਤੇ ਬਾਹਰ ਕੱਢਿਆ। ਸੂਚਨਾ ਉੱਤੇ ਐਸ ਪੀ ਅਭਿਸ਼ੇ ਜ਼ੋਰਵਾਲ ਪਹੁੰਚੇ। ਪੁਲਸ ਜਾਂਚ ਵਿੱਚ ਉਥੇ ਲੱਗੇ ਸੀ ਸੀ ਟੀ ਵੀ ਕੈਮਰੇ ਦੀ ਡੀ ਵੀ ਆਰ ਗਾਇਬ ਮਿਲੀ ਹੈ।

## ਪ੍ਰੇਮੀ ਨਾਲ ਵਿਆਹ ਲਈ ਪਤਨੀ ਨੇ ਪਤੀ ਦੀ ਹੱਤਿਆ ਕਰਵਾਈ

ਜਮਨਾਨਗਰ, 7 ਅਕਤੂਬਰ (ਪੋਸਟ ਬਿਊਰੋ)- ਡਿਸਟ੍ਰਿਕਟ ਸੈਸ਼ਨ ਜੱਜ ਦੀਪਕ ਅਗਰਵਾਲ ਦੀ ਕੋਰਟ ਨੇ ਸੈਕਟਰ-17 ਦੇ ਵਾਸੀ ਪਲਾਈਵੁੱਡ ਵਪਾਰੀ ਯੋਗੇਸ਼ ਬੱਤਰਾ ਦੀ ਹੱਤਿਆ ਦੇ ਕੇਸ ਵਿੱਚ ਉਸ ਦੀ ਪਤਨੀ ਪ੍ਰਿਅੰਕਾ ਬੱਤਰਾ, ਪ੍ਰਿਅੰਕਾ ਦੇ ਪ੍ਰੇਮੀ ਕ੍ਰਿਸ਼ਨਾ, ਰੋਹਿਤ ਉਰਫ ਮੱਦੀ ਜਮਨਾ ਨਗਰ, ਯੂ ਪੀ ਦੇ ਪਿੰਡ ਰਣਦੇਵਾ ਵਾਸੀ ਸ਼ਿਆਮ ਸੁੰਦਰ ਉਰਫ ਸੋਨੂੰ ਅਤੇ ਨਕੁੜ ਵਾਸੀ ਸਤੀਸ਼ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਕੋਰਟ ਨੇ ਪ੍ਰਿਅੰਕਾ ਬੱਤਰਾ ਉੱਤੇ 60 ਹਜ਼ਾਰ ਰੁਪਏ ਜੁਰਮਾਨਾ ਅਤੇ ਤਿੰਨ ਹੋਰ ਦੋਸ਼ੀਆਂ ਉੱਤੇ 53-53 ਹਜ਼ਾਰ ਦਾ ਜੁਰਮਾਨਾ ਵੀ ਲਾਇਆ ਹੈ।

ਪਲਾਈਵੁੱਡ ਫੈਕਟਰੀ ਦੇ ਮਾਲਕ, ਹੁੱਡਾ ਦੇ ਸੈਕਟਰ-17 ਦੇ ਵਾਸੀ ਯੋਗੇਸ਼ ਬੱਤਰਾ ਦੀ ਮੌਤ 27 ਮਈ 2016 ਦੀ ਰਾਤ ਨੂੰ ਹੋਈ ਸੀ। ਉਸ ਦਾ ਬਿਨਾਂ ਪੋਸਟਮਾਰਟਮ ਕੀਤੇ ਸਸਕਾਰ ਕਰ ਦਿੱਤਾ ਗਿਆ ਸੀ।ਯੋਗੇਸ਼ ਦੇ ਪਿਤਾ ਸੁਭਾਸ਼ ਬੱਤਰਾ ਨੇ ਕਿਹਾ ਸੀ ਕਿ ਉਨ੍ਹਾਂ ਨੇ ਨੂੰਹ ਦੀ ਗੱਲ ਉੱਤੇ ਉਨ੍ਹਾਂ ਨੇ ਭਰੋਸਾ ਕਰ ਲਿਆ ਸੀ, ਜਿਸ ਨੇ ਹਾਰਟ ਅਟੈਕ ਨਾਲ ਮੌਤ ਹੋਣ ਦੀ ਗੱਲ ਕਹੀ ਸੀ, ਪਰ ਬਾਅਦ ਵਿੱਚ ਯੋਗੇਸ਼ ਦੇ ਪਿਤਾ ਨੂੰ ਕੁਝ ਸਬੂਤ ਮਿਲੇ ਸਨ, ਜੋ ਹੱਤਿਆ ਦਾ ਇਸ਼ਾਰਾ ਕਰਦੇ ਸਨ। ਇਸ ਦੇ ਬਾਅਦ ਉਸ ਦੇ ਪਿਤਾ ਨੇ ਐਸ ਪੀ ਨੂੰ ਸ਼ਿਕਾਇਤ ਦਿੱਤੀ ਤਾਂ ਜਗਾਧਰੀ ਪੁਲਸ ਨੇ ਕੇਸ ਦਰਜ ਕੀਤਾ ਸੀ। ਇਸ ਦੇ ਬਾਅਦ ਡੀ ਜੀ ਪੀ ਦੇ ਹੁਕਮ ਉੱਤੇਕਰਨਾਲ ਪੁਲਸ ਦੀ ਐਸ ਆਈ ਟੀ ਬਣਾਈ ਅਤੇ ਇਸ ਮੌਤ ਨੂੰ ਹੱਤਿਆ ਕਰਾਰ ਦਿੰਦੇ ਹੋਏ ਪ੍ਰਿਅੰਕਾ, ਰੋਹਿਤ, ਸਤੀਸ਼ ਤੇ ਸ਼ਿਆਮਸੁੰਦਰ ਨੂੰ ਕਾਬੂ ਕੀਤਾ ਸੀ। ਦੋਸ਼ੀਆਂ ਨੇ ਦੱਸਿਆ ਕਿ ਉਨ੍ਹਾਂ ਨੇ ਯੋਗੇਸ਼ ਨੂੰ ਸੁੱਤੇ ਹੋਏ ਰਾਤ ਨੂੰ ਬੇਹੋਸ਼ੀ ਦਾ ਇੰਜੈਕਸ਼ਨ ਲਾਉਣਾ ਚਾਹਿਆ, ਪਰ ਇੰਜੈਕਸ਼ਨ ਨਹੀਂ ਲੱਗਾ। ਇਸ ਦੇ ਬਾਅਦ ਮੂੰਹ ਦਬਾ ਕੇ ਹੱਤਿਆ ਕੀਤੀ ਸੀ, ਜਿਸ ਦੇ ਬਾਅਦ ਅਦਾਲਤ ਨੇ ਉਨ੍ਹਾਂ ਨੂੰ ਸਜ਼ਾ ਸੁਣਾਈ ਹੈ।

# ਟਰੰਪ ਦੀ ਚਿਤਾਵਨੀ: ਚੀਨ ਨਾਲ ਜੰਗ ਵਿੱਚ ਅਮਰੀਕਾ ਫਸ ਸਕਦੈ



ਵਾਸ਼ਿੰਗਟਨ, 7 ਅਕਤੂਬਰ (ਪੋਸਟ ਬਿਊਰੋ)- ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਅਮਰੀਕਾ ਚੀਨ ਨਾਲ ਜੰਗ ਵਿੱਚ ਫਸ ਸਕਦਾ ਹੈ, ਕਿਉਂਕਿ ਚੀਨ ਅੱਜਕੱਲ੍ਹ ਅਮਰੀਕਾ ਦਾ ਸਨਮਾਨ ਨਹੀਂ ਕਰਦਾ। ਉਨ੍ਹਾਂ ਨੇ ਕਿਹਾ ਕਿ ਇਸਦਾ ਕਾਰਨ ਇਹ ਹੈ ਕਿ ਅਮਰੀਕੀ ਚੋਣਾਂ ਵਿੱਚ ਧਾਂਦਲੀ ਹੋਈ ਤੇ ਇਸ ਸਮੇਂ ਅਮਰੀਕਾ ਵਿੱਚ ਕਮਜ਼ੋਰ ਅਤੇ ਭ੍ਰਿਸ਼ਟ ਲੀਡਰਸ਼ਿਪ ਹੈ। ਟਰੰਪ ਦੀ ਟਿੱਪਣੀ ਅਜਿਹੇ ਸਮੇਂ ਆਈ ਹੈ ਜਦੋਂ ਚੀਨ ਦੇ ਲੜਾਕੂ ਜਹਾਜ਼ ਖੁਦ ਮੁਖਤਿਆਰ ਟਾਪੂ ਤਾਈਵਾਨ ਦੇ ਨੇੜੇ ਰਿਕਾਰਡ ਗਿਣਤੀ ਵਿੱਚ ਉਡਾਣ ਭਰ ਰਹੇ ਹਨ ਅਤੇ ਇਸ ਤਣਾਅ ਸਬੰਧੀ ਚੀਨ ਅਤੇ ਅਮਰੀਕਾ ਦੇ ਚੋਟੀ ਦੇ ਅਧਿਕਾਰੀਆਂ ਵਿਚਾਲੇ ਸਵਿਟਜ਼ਲੈਂਡ 'ਚ ਗੱਲਬਾਤ ਹੋਣ ਜਾ ਰਹੀ ਹੈ।

ਇਸ ਦੌਰਾਨ 25 ਸਾਲਾਂ ਵਿੱਚ ਪਹਿਲੀ ਵਾਰ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਨਾਂ ਅਮਰੀਕਾ ਦੇ 400 ਅਰਬਪਤੀਆਂ ਦੀ ਸੂਚੀ ਵਿੱਚ ਨਹੀਂ ਆਇਆ। ਇਹ ਸੂਚੀ ਜਾਰੀ ਕਰਨ ਵਾਲੀ ਫੋਰਬਸ ਮੈਗਜ਼ੀਨ ਮੁਤਾਬਕ ਟਰੰਪ ਅਜੇ 250-250 ਮਿਲੀਅਨ ਡਾਲਰ ਜਾਇਦਾਦ ਦੇ ਮਾਲਕ ਹਨ ਅਤੇ ਸੂਚੀ ਵਿੱਚ ਬਣੇ ਰਹਿਣ ਲਈ ਉਨ੍ਹਾਂ ਦੀ ਜਾਇਦਾਦ ਘੱਟ ਹੋ ਗਈ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਜਦੋਂ ਟਰੰਪ 2016 ਵਿੱਚ ਅਮਰੀਕਾ ਦੇ ਰਾਸ਼ਟਰਪਤੀ ਬਣੇ ਸਨ ਓਦੋਂ ਉਨ੍ਹਾਂ ਦੇ ਕੋਲ ਕਰਜ਼ਾ ਰਾਹਤ ਤੋਂ ਬਾਅਦ ਜਾਇਦਾਦ ਵਿੱਚ 350-350 ਮਿਲੀਅਨ ਡਾਲਰ ਸਨ। ਉਹ ਇੱਕ ਮਸ਼ਹੂਰ ਅਮਰੀਕੀ ਰੀਅਲ ਅਸਟੇਟ ਕਾਰੋਬਾਰੀ ਹਨ। ਉਹ 2020 ਦੀਆਂ ਰਾਸ਼ਟਰਪਤੀ ਚੋਣਾਂ ਹਾਰ ਗਏ ਸਨ।

# ਅਮਰੀਕੀ ਡਾਕਘਰ ਦਾ ਨਾਂਅ ਭਾਰਤਵੰਸ਼ੀ ਸੰਦੀਪ ਸਿੰਘ ਦੇ ਨਾਂਅ ਉਤੇ ਰੱਖਿਆ




ਹਿਊਸਟਨ, 7 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਵਿੱਚ ਇੱਕ ਡਾਕਘਰ ਦਾ ਨਾਂਅ ਬਦਲ ਕੇ ਸ਼ਹੀਦ ਹੋਏ ਪੁਲਸ ਅਧਿਕਾਰੀ ਸੰਦੀਪ ਸਿੰਘ ਧਾਲੀਵਾਲ ਦੇ ਨਾਂਅ ਉੱਤੇ ਰੱਖਿਆ ਗਿਆ ਹੈ। ਭਾਰਤਵੰਸ਼ੀ ਸੰਦੀਪ ਸਿੰਘ ਧਾਲੀਵਾਲ ਦੀ ਸਾਲ 2019 ਵਿੱਚ ਟੈਕਸਾਸ ਵਿੱਚ ਡਿਊਟੀ ਦੌਰਾਨ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

ਸੰਦੀਪ ਸਿੰਘ 42 ਸਾਲਾ ਧਾਲੀਵਾਲ ਹੈਰਿਸ ਕਾਊਂਟੀ ਸ਼ੈਰਿਫ ਦੇ ਡਿਪਟੀ ਸਨ। 27 ਸਤੰਬਰ 2019 ਨੂੰ ਵਾਹਨ ਜਾਂਚ ਦੌਰਾਨ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਗਈ ਸੀ। ਧਾਲੀਵਾਲ ਪਹਿਲੀ ਵਾਰ ਸਾਲ 2015 ਵਿੱਚ ਚਰਚਾ ਵਿੱਚ ਆਏ ਸਨ, ਜਦੋਂ ਉਹ ਸਿੱਖ ਮਾਨਤਾਵਾਂ ਮੁਤਾਬਕ ਦਸਤਾਰ ਅਤੇ ਦਾੜ੍ਹੀ ਰੱਖਦੇ ਹੋਏ ਡਿਊਟੀ ਕਰਨ ਵਾਲੇ ਟੈਕਸਾਸ ਪੁਲਸ ਦੇ ਪਹਿਲੇ ਅਧਿਕਾਰੀ ਬਣੇ ਸਨ।ਹੈਰਿਸ ਕਾਊਂਟੀ ਸ਼ੈਰਿਫ ਦਫਤਰ (ਐਚ ਸੀ ਐਸ ਓ) ਨੇ ਟਵੀਟ ਕਰ ਕੇ ਦੱਸਿਆ ਹੈ ਕਿ ਹਿਊਸਟਨ ਦੇ ਸਿੱਖ ਭਾਈਚਾਰੇ, ਸਥਾਨਕ ਲੋਕ ਨੁਮਾਇੰਦੇ ਤੇ ਸਰਕਾਰੀ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਮੰਗਲਵਾਰ ਨੂੰ ਇੱਕ ਸਮਾਗਮ ਵਿੱਚ ਪੱਛਮੀ ਹੈਰਿਸ ਕਾਊਂਟੀ ਡਾਕਘਰ ਨੂੰ ਨਵਾਂ ਨਾਂਅ ਦਿੱਤਾ ਗਿਆ: 'ਡਿਪਟੀ ਸੰਦੀਪ ਸਿੰਘ ਧਾਲੀਵਾਲ ਡਾਕਘਰ'। ਅਮਰੀਕੀ ਪ੍ਰਤੀਨਿਧ ਸਭਾ ਵਿੱਚ ਨਾਂਅ ਬਦਲਣ ਦੀ ਤਜਵੀਜ਼ ਲਿਆਉਣ ਵਾਲੀ ਪਾਰਲੀਮੈਂਟ ਦੀ ਮੈਂਬਰ ਲਿਜੀ ਫਲੈਚਰ ਨੇ ਕਿਹਾ, 'ਡਿਪਟੀ ਧਾਲੀਵਾਲ ਦੀ ਨਿਸ਼ਕਾਮ ਸੇਵਾ ਤੇ ਸ਼ਾਨਦਾਰ ਜੀਵਨ ਨੂੰ ਯਾਦਗਾਰੀ ਬਣਾਉਣ ਵਿੱਚ ਭੂਮਿਕਾ ਨਿਭਾ ਕੇ ਮੈਂ ਸਨਮਾਨਤ ਮਹਿਸੂਸ ਕਰਦੀ ਹਾਂ। ਉਨ੍ਹਾਂ ਸਾਡੇ ਲੋਕਾਂ ਦੀ ਸ਼ਾਨਦਾਰ ਨੁਮਾਇੰਦਗੀ ਕੀਤੀ ਤੇ ਦੂਜਿਆਂ ਦੀ ਸੇਵਾ ਨਾਲ ਬਰਾਬਰੀ, ਸੰਬੰਧਾਂ ਤੇ ਭਾਈਚਾਰੇ ਲਈ ਕੰਮ ਕੀਤਾ।' ਹੈਰਿਸ ਕਾਊਂਟੀ ਸ਼ੈਰਿਫ ਈ ਗੋਂਜਾਲੇਜ ਨੇ ਕਿਹਾ ਕਿ ਇਹ ਡਾਕਘਰ ਡਿਪਟੀ ਧਾਲੀਵਾਲ ਦੇ ਯੋਗਦਾਨ ਦੀ ਯਾਦ ਦਿਵਾਉਂਦਾ ਰਹੇਗਾ। ਇਸ ਮੌਕੇ ਸ਼ਹੀਦ ਸੰਦੀਪ ਦੇ ਪਿਤਾ ਪਿਆਰਾ ਸਿੰਘ ਧਾਲੀਵਾਲ ਨੇ ਇਸ ਸਨਮਾਨ ਤੇ ਸਮਰਥਨ ਲਈ ਹਿਊਸਟਨ ਵਾਸੀਆਂ ਪ੍ਰਤੀ ਧੰਨਵਾਦ ਕੀਤਾ।

# ਅਮਰੀਕਾ ਵਿਚ ਮਾਲੀ ਸਾਲ 2021 ਦੌਰਾਨ ਸ਼ਰਨਾਰਥੀਆਂ ਦਾ ਦਾਖਲਾ ਘਟਿਆ

***ਪਿਛਲੇ 40 ਸਾਲਾਂ ਦੇ ਸਭ ਤੋਂ ਹੇਠਲੇ ਪੱਧਰ 'ਤੇ ਪੁੱਜਾ**



ਸੈਕਰਾਮੈਂਟੋ, 7 ਅਕਤੂਬਰ (ਹੁਸਨ ਲੜੋਆ ਬੰਗਾ) - ਅਮਰੀਕਾ ਨੇ ਮਾਲੀ ਸਾਲ 2021 ਦੌਰਾਨ ਆਪਣੇ ਸ਼ਰਨਾਰਥੀ ਦਾਖਲਾ ਪ੍ਰੋਗਰਾਮ ਤਹਿਤ 11,411 ਲੋਕਾਂ ਨੂੰ ਦੇਸ਼ ਵਿਚ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਹੈ ਜੋ ਪਿਛਲੇ ਸਾਲਾਂ ਦੀ ਤੁਲਨਾ ਵਿਚ ਸਭ ਤੋਂ ਘੱਟ ਹੈ। ਇਹ ਪ੍ਰਗਟਾਵਾ ਅਮਰੀਕੀ ਵਿਦੇਸ਼ ਵਿਭਾਗ ਨੇ ਕੀਤਾ ਹੈ। 2021 ਵਿਚ ਪਿਛਲੇ 40 ਸਾਲਾਂ ਦੌਰਾਨ ਪਹਿਲੀ ਵਾਰ ਸਭ ਤੋਂ ਘੱਟ ਸ਼ਰਨਾਰਥੀਆਂ ਨੂੰ ਅਮਰੀਕਾ ਵਿਚ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਮਾਲੀ ਸਾਲ 2020 ਵਿਚ ਸਭ ਤੋਂ ਘੱਟ 11,814 ਸ਼ਰਨਾਰਥੀਆਂ ਨੂੰ ਅਮਰੀਕਾ ਵਿਚ ਰਹਿਣ ਦੀ ਇਜਾਜ਼ਤ ਦਿੱਤੀ ਗਈ ਸੀ।

ਦੂਸਰੇ ਦੇਸ਼ਾਂ ਦੀ ਤੁਲਨਾ ਵਿਚ ਪਿਛਲੇ ਕਈ ਸਾਲਾਂ ਦੌਰਾਨ ਅਮਰੀਕਾ ਸ਼ਰਨਾਰਥੀਆਂ ਨੂੰ ਖੁਲੇ ਆਮ ਸਵਿਕ-ਾਰਦਾ ਰਿਹਾ ਹੈ ਪਰੰਤੂ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸ਼ਰਨਾਰਥੀਆਂ ਦੇ ਅਮਰੀਕਾ ਵਿਚ ਪ੍ਰਵੇਸ਼ ਨੂੰ ਰੋਕਣ ਲਈ ਕਈ ਤਰਾਂ ਦੇ ਕਦਮ ਚੁੱਕੇ ਜਿਨਾਂ ਸਦਕਾ ਯੋਗ ਸ਼ਰਨਾਰਥੀਆਂ ਦੀ ਚੋਣ ਦਾ ਰਾਹ ਔਖਾ ਕਰ ਦਿੱਤਾ ਗਿਆ। ਰਾਸ਼ਟਰਪਤੀ ਜੋ ਬਾਈਡਨ ਨੇ ਕਾਫੀ ਝਿਝਕ ਤੋਂ ਬਾਅਦ ਮਾਲੀ ਸਾਲ 2021 ਦੌਰਾਨ ਸ਼ਰਨਾਰਥੀਆਂ ਦੀ ਸੀਮਾ ਵਧਾ ਕੇ 62,500 ਕਰ ਦਿੱਤੀ ਸੀ ਜੋ ਸੀਮਾ ਪਹਿਲਾਂ 50 ਹਜਾਰ ਤੋਂ ਕੁਝ ਵਧ ਸੀ। ਵਧਾਈ ਸੀਮਾ ਵੀ ਪਿਛਲੇ ਮਹੀਨੇ ਖਤਮ ਹੋ ਗਈ ਹੈ। ਬਾਈਡਨ ਪ੍ਰਸ਼ਾਸਨ ਦੀ ਮਾਲੀ ਸਾਲ 2022 ਦੌਰਾਨ ਸ਼ਰਨਾਰਥੀਆਂ ਦੀ ਸੀਮਾ ਵਧਾ ਕੇ 1,25,000 ਕਰਨ ਦੀ ਯੋਜਨਾ ਹੈ ਪਰੰਤੂ ਜਿਸ ਤਰਾਂ ਦੇ ਮਾਪ ਦੰਡ ਸ਼ਰਨਾਰਥੀ ਦਾਖਲਾ ਪ੍ਰੋਗਰਾਮ ਤਹਿਤ ਲਾਗੂ ਕੀਤੇ ਜਾ ਚੁੱਕੇ ਹਨ, ਉਨਾਂ ਤਹਿਤ ਏਨੇ ਸ਼ਰਨਾਰਥੀਆਂ ਦਾ ਅਮਰੀਕਾ ਵਿਚ ਪ੍ਰਵੇਸ਼ ਮੁਸ਼ਕਿਲ ਲੱਗਦਾ ਹੈ।ਅਮਰੀਕਾ ਦੀ ਇਸ ਪਹੁੰਚ ਤੋਂ ਸ਼ਰਨਾਰਥੀ ਸਮਰਥਕ ਸੰਸਥਾਵਾਂ ਨਿਰਾਸ਼ ਹਨ।ਲੂਥਰਨ ਇਮੀਗ੍ਰੇਸ਼ਨ ਐਂਡ ਰਫਿਊਜ਼ੀ ਸਰਵਿਸ ਦੀ ਸੀ ਈ ਓ ਤੇ ਪ੍ਰਧਾਨ ਕ੍ਰਿਸ ਓ ਮਾਰਾ ਵਿਗਨਾਰਾਜਾਹ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਮਾਲੀ ਸਾਲ 2021 ਦੌਰਾਨ ਸ਼ਰਨਾਰਥੀਆਂ ਦੀ ਹੇਠਲੇ ਪੱਧਰ 'ਤੇ ਪੁੱਜੀ ਗਿਣਤੀ ਤੋਂ ਉਹ ਨਿਰਾਸ਼ ਹੋਏ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਸਾਬਕਾ ਟਰੰਪ ਪ੍ਰਸ਼ਾਸਨ ਨੇ ਆਪਣੇ 4 ਸਾਲਾਂ ਦੇ ਕਾਰਜਕਾਲ ਦੌਰਾਨ ਕਿਸ ਤਰਾਂ ਸ਼ਰਨਾਰਥੀ ਦਾਖਲਾ ਪ੍ਰੋਗਰਾਮ ਨੂੰ ਨਿਸ਼ਾਨਾ ਬਣਾਇਆ ਹੈ ਤੇ ਸ਼ਰਨਾਰਥੀਆਂ ਦੇ ਅਮਰੀਕਾ ਵਿਚ ਪ੍ਰਵੇਸ਼ ਉਪਰ ਰੋਕ ਲਾਈ ਹੈ।ਉਨਾਂ ਕਿਹਾ ਕਿ ਇਸ ਤੋਂ ਇਲਾਵਾ ਕੋਰੋਨਾ ਮਹਾਂਮਾਰੀ ਨੇ ਵੀ ਸ਼ਰਨਾਰਥੀਆਂ ਦੇ ਅਮਰੀਕਾ ਵਿਚ ਦਾਖਲ ਹੋਣ ਦੇ ਰਾਹ ਵਿਚ ਅੜਿਕੇ ਖੜੇ ਕੀਤੇ ਹਨ।

ਇਸ ਸਮੇ ਸ਼ਰਨਾਰਥੀ ਮੁੜ ਵਸੇਬਾ ਸੰਸਥਾਵਾਂ ਨੂੰ ਹਜਾਰਾਂ ਅਫਗਾਨ ਸ਼ਰਨਾਰਥੀਆਂ ਦੇ ਰਹਿਣ ਦੇ ਪ੍ਰਬੰਧ ਕਰਨ ਵਿਚ ਮੁਸ਼ਕਿਲਾਂ ਆ ਰਹੀਆਂ ਹਨ। ਇਨਾਂ ਵਿਚੋਂ ਬਹੁਤ ਸਾਰੇ ਸ਼ਰਨਾਰਥੀ ਤੈਅਸ਼ੁੱਦਾ ਮੁੜਵਸੇਬਾ ਪ੍ਰੋਗਰਾਮ ਤਹਿਤ ਅਮਰੀਕਾ ਵਿਚ ਦਾਖਲ ਨਹੀਂ ਹੋਏ। ਇਸ ਲਈ ਬਾਈਡਨ ਪ੍ਰਸ਼ਾਸਨ ਇਨਾਂ ਨੂੰ ਸ਼ਰਨਾਰਥੀਆਂ ਵਜੋਂ ਸਵਿਕਾਰ ਕਰਨ ਲਈ ਤਿਆਰ ਨਹੀਂ ਹੈ। ਇਸ ਨਾਲ ਆਉਣ ਵਾਲੇ ਸਮੇ ਵਿਚ ਇਨਾਂ ਅਯੋਗ ਸ਼ਰਨਾਰਥੀਆਂ ਲਈ ਨਵੀਆਂ ਮੁਸ਼ਕਿਲਾਂ ਖੜੀਆਂ ਹੋ ਸਕਦੀਆਂ ਹਨ ਤੇ ਇਨਾਂ ਨੂੰ ਦੇਸ਼ ਨਿਕਾਲੇ ਦਾ ਸਾਹ-ਮਣਾ ਕਰਨਾ ਵੀ ਪੈ ਸਕਦਾ ਹੈ।

# ਬੱਚਿਆਂ ਦੇ ਸੈਕਸ ਸ਼ੋਸ਼ਣ ਬਾਰੇ ਪੋਪ ਨੇ ਕਿਹਾ, 'ਅਸੀਂ ਸ਼ਰਮਿੰਦਾ ਹਾਂ'

ਵੈਟੀਕਨ ਸਿਟੀ, 7 ਅਕਤੂਬਰ (ਪੋਸਟ ਬਿਊਰੋ)- ਪੋਪ ਫਰਾਂਸਿਸ ਨੇ ਫਰਾਂਸ ਦੇ ਚਰਚ ਵਿੱਚ ਵੱਡੇ ਪੱਧਰ ਉੱਤੇ ਬਾਲ ਸੈਕਸ ਸ਼ੋਸ਼ਣ ਦੀਆਂ ਘਟਨਾਵਾਂ ਉੱਤੇ ਦੁੱਖ ਪ੍ਰਗਟ ਕਰਦੇ ਹੋਏ ਕਿਹਾ ਕਿ ਇਹ ਉਨ੍ਹਾਂ ਦੇ ਤੇ ਰੋਮਨ ਕੈਥੋਲਿਕ ਚਰਚ ਲਈ ਸ਼ਰਮਿੰਦਗੀ ਦੀ ਗੱਲ ਹੈ। ਉਨ੍ਹਾਂ ਨੇ ਪੀੜਤਾਂ ਦੀਆਂ ਲੋੜਾਂ ਦੀ ਸਪਲਾਈ ਵਿੱਚ ਨਾਕਾਮੀ ਦੀ ਗੱਲ ਮੰਨੀ ਹੈ।

ਵਰਨਣ ਯੋਗ ਹੈ ਕਿ ਪੋਪ ਵੈਟੀਕਨ ਵਿੱਚ ਲੋਕਾਂ ਨਾਲ ਰੈਗੂਲਰ ਗੱਲਬਾਤ ਦੇ ਦੌਰਾਨ ਮੰਗਲਵਾਰ ਨੂੰ ਜਾਰੀ ਹੋਈ ਉਸ ਰਿਪੋਰਟ ਉੱਤੇ ਚਰਚਾ ਕਰ ਰਹੇ ਸਨ, ਜਿਸ ਵਿੱਚ ਦੱਸਿਆ ਗਿਆ ਸੀ ਕਿ ਸਾਲ 1950 ਤੋਂ ਬਾਅਦ ਪਾਦਰੀ ਵਰਗ ਤੇ ਚਰਚ ਦੇ ਹੋਰ ਅਹੁਦੇਦਾਰਾਂ ਨੇ 3.30 ਲੱਖ ਫਰਾਂਸੀਸੀ ਬੱਚਿਆਂ ਦਾ ਜਿਨਸੀ ਸੋਸ਼ਣ ਕੀਤਾ ਸੀ। ਉਨ੍ਹਾਂ ਕਿਹਾ ਕਿ ਮੰਦੇ ਭਾਗੀਂ ਇਹ ਬਹੁਤ ਵੱਡੀ ਗਿਣਤੀ ਹੈ। ਪੀੜਤਾਂ ਨੇ ਜਿਹੜਾ ਦਰਦ ਅਤੇ ਸਦਮਾ ਝੱਲਿਆ ਸੀ, ਉਸ ਉੱਤੇ ਮੈਂ ਦੁੱਖ ਪ੍ਰਗਟ ਕਰਦਾ ਹਾਂ। ਇਹ ਮੇਰੇ ਲਈ ਸ਼ਰਮ ਦੀ ਗੱਲ ਹੈ, ਸਾਡੇ ਲਈ ਸ਼ਰਮ ਦੀ ਗੱਲ ਹੈ ਤੇ ਇਹ ਚਰਚ ਦੀ ਅਸਮਰੱਥਾ ਹੈ। ਉਨ੍ਹਾਂ ਨੇ ਬਿਸ਼ਪ ਤੇ ਧਾਰਮਿਕ ਨੇਤਾਵਾਂ ਨੂੰ ਸਾਰੇ ਜ਼ਰੂਰੀ ਕਦਮ ਚੁੱਕਣ ਦੀ ਅਪੀਲ ਕੀਤੀ, ਤਾਂ ਜੋ ਏਦਾਂ ਦੀਆਂ ਘਟਨਾਵਾਂ ਫਿਰ ਨਾ ਹੋਣ। ਪੋਪ ਨੇ ਇਸ ਮੁਸ਼ਕਲ ਘੜੀ ਵਿੱਚ ਪਾਦਰੀਆਂ ਨੂੰ ਪਿਤਾ ਵਾਂਗ ਸਮਰਥਨ ਦਿੰਦੇ ਹੋਏ ਫਰਾਂਸਿਸ ਕੈਥੋਲਿਕ ਨੂੰ ਕਿਹਾ ਕਿ ਇਹ ਯਕੀਨੀ ਬਣਾਓ ਕਿ ਚਰਚ ਸਾਰਿਆਂ ਲਈ ਸੁਰੱਖਿਅਤ ਹੋਵੇ।

# ਤਾਲਿਬਾਨ ਦੀ 'ਪਾਰਖੂ ਨਜ਼ਰ', ਸੰਨ 2000 ਤੋਂ 2020 ਤਕ ਹਾਈ ਸਕੂਲ ਪਾਸ ਕਰ ਚੁੱਕੇ ਲੋਕ 'ਕਿਸੇ ਕੰਮ ਦੇ ਨਹੀਂ'



ਕਾਬੁਲ, 7 ਅਕਤੂਬਰ (ਪੋਸਟ ਬਿਊਰੋ)- ਤਾਲਿਬਾਨ ਨੇ ਕਿਹਾ ਹੈ ਕਿ ਅਫਗਾਨਿਸਤਾਨ ਵਿੱਚ ਪਿਛਲੇ 20 ਸਾਲਾਂ ਦੌਰਾਨ ਜਿਨ੍ਹਾਂ ਲੋਕਾਂ ਨੇ ਹਾਈ ਸਕੂਲ ਦੀ ਪ੍ਰੀਖਿਆ ਪਾਸ ਕੀਤੀ ਹੈ, ਉਹ ਕਿਸੇ ਕੰਮ ਦੇ ਨਹੀਂ ਹਨ।

ਟੋਲੋ ਨਿਊਜ਼ ਦੇ ਅਨੁਸਾਰ ਕਾਬੁਲ ਵਿੱਚ ਕਾਲਜਾਂ ਦੇ ਟੀਚਰਾਂ ਨਾਲ ਬੈਠਕ ਦੌਰਾਨ ਤਾਲਿਬਾਨ ਸਰਕਾਰ ਦੇ ਉਚ ਸਿਖਿਆ ਮੰਤਰੀ ਅਬਦੁਲ ਬਾਕੀ ਹੱਕਾਨੀ ਨੇ ਕਿਹਾ ਕਿ ਪਿਛਲੇ 20 ਸਾਲਾਂ ਵਿੱਚ ਹਾਈ ਸਕੂਲ ਦੀ ਪ੍ਰੀਖਿਆ ਪਾਸ ਕਰਨ ਵਾਲੇ ਲੋਕ ਕਿਸੇ ਕੰਮ ਦੇ ਨਹੀਂ। ਹੱਕਾਨੀ ਦਾ ਮਤਲਬ ਉਸ ਦੌਰ ਤੋਂ ਹੈ, ਜਦੋਂ ਤਾਲਿਬਾਨ ਅਮਰੀਕਾ ਦੇ ਸਮਰਥਕ ਹਾਮਿਦ ਕਰਜ਼ਈ ਤੇ ਅਸ਼ਰਫ ਗਨੀ ਦੀਆਂ ਸਰਕਾਰ ਨਾਲ ਸੱਤਾ ਦੀ ਜੰਗ ਲੜ ਰਿਹਾ ਸੀ। ਹੱਕਾਨੀ ਨੇ ਕਿਹਾ ਕਿ ਉਨ੍ਹਾਂ ਟੀਚਰਾਂ ਨੂੰ ਮੌਕਾ ਦੇਣਾ ਚਾਹੀਦਾ ਹੈ, ਜੋ ਵਿਦਿਆਰਥੀਆਂ ਉੱਤੇ ਪ੍ਰਭਾਵ ਪਾ ਸਕਣ। ਵਿਦਿਆਰਥੀਆਂ ਨੂੰ ਏਦਾਂ ਦਾਬਣਾਇਆ ਜਾਏ, ਜਿਨ੍ਹਾਂ ਦੀ ਪ੍ਰਤਿਭਾ ਦੀ ਅਫਗਾਨਿਸਤਾਨ ਦੇ ਹਿੱਤ ਵਿੱਚ ਵਰਤੋਂ ਹੋ ਸਕੇ। ਧਾਰਮਿਕ ਸਿੱਖਿਆ ਨੂੰ ਖਾਸ ਪਹਿਲ ਦਿੰਦੇ ਹੋਏ ਤਾਲਿਬਾਨ ਸਰਕਾਰ ਦੇ ਮੰਤਰੀ ਨੇ ਕਿਹਾ ਕਿ ਮਦਰੱਸਿਆਂ ਅਤੇ ਧਾਰਮਿਕ ਸਥਾਨਾਂ ਵਿੱਚ ਪੜ੍ਹਨ ਵਾਲੇ ਲੋਕ ਮਾਸਟਰਾਂ ਅਤੇ ਪੀ ਐਚ ਡੀ ਹੋਲਡਰਾਂ ਤੋਂ ਬਿਹਤਰ ਹਨ।

ਇਸ ਦੌਰਾਨ ਡੇਲੀ ਨਿਊਜ਼ ਅਨੁਸਾਰ ਤਾਲਿਬਾਨ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ ਕਿਹਾ ਹੈ ਕਿ ਪਾਸਪੋਰਟ ਉੱਤੇਅੱਗੇ ਤੋਂ ਇਸਲਾਮਿਕ ਰਿਪਬਲਿਕ ਆਫ ਅਫਗਾਨਿਸਤਾਨ ਲਿਖਿਆ ਹੋਵੇਗਾ। ਅਫਗਾਨਿਸਤਾਨ ਵਿੱਚ ਤਾਲਿਬਾਨੀ ਕਬਜ਼ੇ ਦੇ ਬਾਅਦ ਸਥਿਤੀ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਇਸ ਦਾ ਕਾਰਨ ਇਹ ਹੈ ਕਿ ਖਾਣੇ ਅਤੇ ਪਾਣੀ ਦੀ ਭਾਰੀ ਕਮੀ ਨੇ ਕਈ ਲੋਕਾਂ ਨੂੰ ਭੁੱਖਮਰੀ ਵੱਲ ਸੁਟ ਦਿੱਤਾ ਹੈ। ਕਈ ਛੋਟੇ ਬੱਚਿਆਂ ਦੀ ਮੌਤ ਹੋ ਗਈ ਹੈ।






# ਤਾਲਿਬਾਨੀ ਲੜਾਕਿਆਂ ਵੱਲੋਂ 'ਕਰਤੇ ਪਰਵਾਨ' ਗੁਰਦੁਆਰੇ ਦੀ ਭੰਨ-ਤੋੜ



ਕਾਬੁਲ, 7 ਅਕਤੂਬਰ (ਪੋਸਟ ਬਿਊਰੋ)- ਤਾਲਿਬਾਨ ਲੜਾਕਿਆਂ ਨੇ ਕੱਲ੍ਹ ਕਾਬੁਲ ਦੇ ਕਰਤਾ ਪਰਵਾਨ ਗੁਰਦੁਆਰੇ ਉੱਤੇ ਹਮਲਾ ਕੀਤਾ, ਜਿਸ ਦੌਰਾਨ ਭੰਨਤੋੜ ਵੀ ਕੀਤੀ। ਏਥ ਗੁਰੂ ਨਾਨਕ ਦੇਵ ਜੀ ਆਏ ਸਨ।

ਇੰਡੀਅਨ ਵਰਲਡ ਫੋਰਮ ਦੇ ਪ੍ਰਧਾਨ ਪੁਨੀਤ ਸਿੰਘ ਚੰਡੋਕ ਦੇ ਮੁਤਾਬਕ ਕਾਬੁਲ ਵਿੱਚ ਇੱਕ ਵਾਰ ਫਿਰ ਤਾਲਿਬਾਨ ਦੇ ਸਾਰੇ ਦਾਅਵਿਆਂ ਦੀ ਪੋਲ ਖੁੱਲ੍ਹੀ ਹੈ। ਹਥਿਆਰਾਂ ਨਾਲ ਲੈਸ ਤਾਲਿਬਾਨ ਲੜਾਕਿਆਂ ਨੇ ਕਾਬੁਲ ਸਥਿਤ ਗੁਰਦੁਆਰੇ ਵਿੱਚ ਦਾਖ਼ਲ ਹੋ ਕੇ ਕਈ ਲੋਕਾਂ ਨੂੰ ਹਿਰਾ-ਸਤ ਵਿੱਚ ਲਿਆ ਹੈ। ਸਥਾਨਕ ਲੋਕਾਂ ਦਾ ਦੋਸ਼ ਹੈ ਕਿ ਤਾਲਿਬਾਨ ਨੇ ਗੁਰ-ਦੁਆਰੇ ਦੇ ਸੀ ਸੀ ਟੀ ਵੀ ਕੈਮਰਿਆਂ ਨੂੰ ਵੀ ਤੋੜ ਦਿੱਤਾ। ਇਸ ਤੋਂ ਇਲਾਵਾ ਗੁਰਦੁਆਰੇ ਵਿੱਚ ਵੀ ਭੰਨ-ਤੋੜ ਕੀਤੀ ਗਈ।

# ਕੈਮਿਸਟਰੀ ਦਾ ਨੋਬਲ ਪੁਰਸਕਾਰ ਲਿਸਟ ਅਤੇ ਮੈਕਮਿਲਨ ਨੂੰ

ਸਟਾਕਹੋਮ, 7 ਅਕਤੂਬਰ (ਪੋਸਟ ਬਿਊਰੋ)- ਕੈਮਿਸਟਰੀ ਦਾ ਨੋਬਲ ਪੁਰਸਕਾਰ ਜਰਮਨੀ ਦੇ ਵਿਗਿਆਨੀ ਬੈਂਜਾਮਿਨ ਲਿਸਟ (ਮੈਕਸ ਪਲੈਂਕ ਇੰਸਟੀਚਿਊਟ) ਅਤੇ ਸਕਾਟਲੈਂਡ ਵਿੱਚ ਜਨਮੇ ਵਿਗਿਆਨੀ ਡੇਵਿਡ ਡਬਲਯੂ ਸੀ ਮੈਕਮਿਲਨ (ਪ੍ਰਿੰਸਟਨ ਯੂਨੀਵਰਸਿਟੀ) ਨੂੰ ਦੇਣ ਦਾ ਐਲਾਨ ਕੀਤਾ ਗਿਆ ਹੈ।

ਅਣੂਆਂ ਦੇ ਬਣਾਉਣ ਦਾ ਸਰਲ ਅਤੇ ਨਵਾਂ ਰਾਹ ਲੱਭਣ ਲਈ ਦੋਵਾਂ ਵਿਗਿਆਨੀਆਂ ਨੂੰ ਇਸ ਵੱਕਾਰੀ ਪੁਰਸਕਾਰ ਨਾਲ ਸਨਮਾਨਤ ਕਰਨ ਦਾ ਫੈਸਲਾ ਲਿਆ ਗਿਆ ਹੈ। ਅਣੂਆਂ ਦੇ ਨਿਰਮਾਣ ਦੇ ਇਸ ਨਵੇਂ ਤਰੀਕੇ ਦੀ ਵਰਤੋਂ ਦਵਾਈਆਂ ਤੋਂ ਲੈ ਕੇ ਭੋਜਨ ਦੇ ਸੁਆਦ ਤਕ ਸਾਰਾ ਕੁਝ ਬਣਾਉਣ ਲਈ ਕੀਤੀ ਜਾ ਸਕਦੀ ਹੈ। ਇਸ ਤਰੀਕੇ ਰਾਹੀਂ ਵਿਗਿਆਨੀਆਂ ਨੂੰ ਅਣੂਆਂ ਨੂੰ ਵਧੇਰੇ ਕਿਫਾਇਤੀ, ਕੁਸ਼ਲਤਾਪੂਰਣ, ਸੁਰੱਖਿਅਤ ਤੌਰ 'ਤੇਬਹੁਤ ਘੱਟ ਵਾਤਾਵਰਣ 'ਚ ਉਤਪਾਦਨ ਕਰਨ ਦੀ ਮਨਜ਼ੂਰੀ ਮਿਲੀ ਹੈ। ਨੋਬਲ ਕਮੇਟੀ ਦੇ ਮੈਂਬਰ ਪਰਨਿਲਾ ਵਿਟੁੰਗ ਸਟਾਫਸ਼ੇਡ ਨੇ ਕਿਹਾ ਕਿ ਇਸ ਦਾ ਲਾਭ ਪਹਿਲਾਂ ਤੋਂ ਹੀ ਮਨੁੱਖਤਾ ਨੂੰ ਮਿਲ ਰਿਹਾ ਹੈ। ਲਿਸਟ ਨੇ ਨੋਬਲ ਪੁਰਸਕਾਰ ਮਿਲਣ ਉੱਤੇ ਵੱਡੀ ਹੈਰਾਨੀ ਪ੍ਰਗਟਾਈ ਹੈ ਤੇ ਕਿਹਾ ਕਿ ਉਸ ਨੂੰ ਇਸ ਵੱਕਾਰੀ ਪੁਰਸਕਾਰ ਦੀ ਉਮੀਦ ਨਹੀਂ ਸੀ।

# ਫਰਾਂਸੀ ਕੈਥੋਲਿਕ ਚਰਚ ਵਿੱਚ 70 ਸਾਲਾਂ ਵਿੱਚ 3.30 ਲੱਖ ਬੱਚਿਆਂ ਦਾ ਸ਼ੋਸ਼ਣ ਹੁੰਦਾ ਰਿਹਾ



ਪੈਰਿਸ, 7 ਅਕਤੂਬਰ (ਪੋਸਟ ਬਿਊਰੋ)- ਫਰਾਂਸ ਦੇ ਇੱਕ ਆਜ਼ਾਦ ਕਮਿਸ਼ਨ ਦੀ ਰਿਪੋਰਟ ਨੇ ਦੇਸ਼ ਦੇ ਕੈਥੋਲਿਕ ਚਰਚ ਵਿੱਚ ਪਿਛਲੇ ਸੱਤਰ ਸਾਲਾਂ ਤੋਂ ਵੱਧ ਸਮੇਂ ਦੌਰਾਨ ਹੋਈਆਂ ਜਿਨਸੀ ਸ਼ੋਸ਼ਣ ਦੀਆਂ ਘਟਨਾਵਾਂ ਦਾ ਸਨਸਨੀਖੇਜ਼ ਪਰਦਾ ਫਾਸ਼ ਕੀਤਾ ਅਤੇ ਦੱਸਿਆ ਕਿ ਇਸ ਦੌਰਾਨ ਕਰੀਬ 3.30 ਲੱਖ ਬੱਚੇ ਚਰਚ ਵਿੱਚ ਸ਼ੋਸ਼ਣ ਦੇ ਸ਼ਿਕਾਰ ਹੋਏ।

ਰਿਪੋਰਟ ਜਾਰੀ ਕਰਨ ਵਾਲੇ ਕਮਿਸ਼ਨ ਦੇ ਮੁਖੀ ਜਯਾਂ ਮਾਰਕ ਸੌਵੇ ਨੇ ਕਿਹਾ ਕਿ ਇਹ ਅਨੁਮਾਨ ਵਿਗਿਆਨਕ ਖੋਜ ਉੱਤੇ ਆਧਾਰਤ ਹੈ। ਇਸ ਵਿੱਚ ਪਾਦਰੀਆਂ ਅਤੇ ਹੋਰ ਵਿਅਕਤੀਆਂ ਵੱਲੋਂ ਤਸ਼ੱਦਦ ਦੇ ਮਾਮਲੇ ਸ਼ਾਮਲ ਹਨ। ਪੀੜਤਾਂ ਵਿੱਚ ਅੱਸੀ ਫੀਸਦੀ ਬੱਚੇ (ਉਮਰ 10-13 ਸਾਲ) ਅਤੇ 20 ਫੀਸਦੀ ਦੂਸਰੇ ਹਨ। ਸੌਵੇ ਨੇ ਕਿਹਾ ਕਿ ਇਸ ਦੇ ਨਤੀਜੇ ਬਹੁਤ ਗੰਭੀਰ ਹਨ। ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੋਏ 60 ਫੀਸਦੀ ਬੱਚੇ ਤੇ ਬੱਚੀਆਂ ਨੂੰ ਜ਼ਿੰਦਗੀ ਭਰ ਭਾਵਨਾਤਮਕ ਅਤੇ ਕਈ ਹੋਰ ਗੁੰਝਲਾਂ ਦਾ ਸਾਹਮਣਾ ਕਰਨਾ ਪਿਆ। ਕਮਿਸ਼ਨ ਨੇ 2500 ਪੰਨਿਆਂ ਦੀ ਰਿਪੋਰਟ ਵਿੱਚ ਕਿਹਾ ਕਿ ਬੱਚਿਆਂ ਦਾ ਸ਼ੋਸ਼ਣ ਕਰਨ ਵਾਲੇ ਕਰੀਬ 3000 ਲੋਕਾਂ ਵਿੱਚੋਂ ਦੋ ਤਿਹਾਈ ਪਾਦਰੀ ਸਨ। ਪਾਦਰੀ ਜਾਂ ਚਰਚ ਨਾਲ ਸਬੰਧਤ ਹੋਰ ਲੋਕਾਂ ਵੱਲੋਂ ਸ਼ੋਸ਼ਣ ਦੇ ਸ਼ਿਕਾਰ ਬੱਚਿਆਂ ਦੀ ਗਿਣਤੀ 2,16,000 ਹੋ ਸਕਦੀ ਹੈ।

ਪੀੜਤਾਂ ਦੀ ਆਵਾਜ਼ ਉਠਾਉਣ ਵਾਲੇ ਸੰਗਠਨ ਪਾਰਲਰ ਐਟ ਰੇਵਿਵਰੇ (ਖੁੱਲ੍ਹ ਕੇ ਬੋਲੋ ਤੇ ਫਿਰ ਤੋਂ ਜੀਓ) ਨੇ ਜਾਂਚ ਵਿੱਚ ਕਮਿਸ਼ਨ ਦੀ ਮਦਦ ਕੀਤੀ। ਸੰਗਠਨ ਦੇ ਮੁਖੀ ਓਲੀਵਿਰ ਸੈਵਿਗਨਾਕ ਨੇ ਕਿਹਾ ਕਿ ਸ਼ੋਸ਼ਣ ਕਰਨ ਵਾਲਿਆਂ ਅਤੇ ਪੀੜਤਾਂ ਦਾ ਉਚੇਰਾ ਅਨੁਪਾਤ ਫ੍ਰਾਂਸੀਸੀ ਸਮਾਜ ਤੇ ਕੈਥੋਲਿਕ ਚਰਚ ਦੇ ਸੋਸ਼ਣ ਕਾਂਡ ਤੋਂ ਬਾਅਦ ਸਾਹਮਣੇ ਆਇਆ, ਜਿਸ ਨਾਲ ਫਰਾਂਸੀਸੀ ਕੈਥੋਲਿਕ ਚਰਚ ਹਿੱਲ ਗਿਆ ਸੀ। ਬਰਖਾਸਤ ਪਾਦਰੀ ਬਨਾਰਡ ਪ੍ਰੇਅਨੈਟ ਨੂੰ ਪਿਛਲੇ ਹੀ ਸਾਲ ਨਬਾਲਗ ਨਾਲ ਜਿਨਸੀ ਸ਼ੋਸ਼ਣ ਵਿੱਚ ਪੰਜ ਸਾਲ ਦੀ ਸਜ਼ਾ ਹੋਈ ਹੈ। ਬਨਾਰਡ ਨੇ 75 ਨਬਾਲਗ ਮੁੰਡਿਆਂ ਦੇ ਜਿਨਸੀ ਸ਼ੋਸ਼ਣ ਦੀ ਗੱਲ ਮੰਨੀ ਸੀ।ਕਮਿਸ਼ਨ ਨੇ ਢਾਈ ਸਾਲ ਤਕ ਜਾਂਚ ਕੀਤੀ। ਪੀੜਤਾਂ ਤੇ ਚਸ਼ਮਦੀਦ ਗਵਾਹਾਂ ਦੇ ਬਿਆਨ ਦਰਜ ਕੀਤੇ, ਚਰਚ, ਅਦਾਲਤ, ਪੁਲਸ ਅਤੇ ਸਾਲ 1950 ਦੇ ਆਸ-ਪਾਸ ਮੀਡੀਆ ਵਿੱਚ ਪ੍ਰਕਾਸ਼ਿਤ ਕੇਸਾਂ ਦਾ ਅਧਿਅਨ ਕੀਤਾ ਗਿਆ। ਵਿਸ਼ੇਸ਼ ਹੈਲਪਲਾਈਨ ਵੀ ਸ਼ੁਰੂ ਕੀਤੀ ਗਈ। ਇਸ ਦੌਰਾਨ 6500 ਤੋਂ ਵੱਧ ਲੋਕਾਂ ਨੇ ਫੋਨ ਉੱਤੇ ਸੂਚਨਾਵਾਂ ਦਿੱਤੀਆਂ। ਸੌਵੇ ਨੇ ਸ਼ੋਸ਼ਣ ਦੇ ਇਨ੍ਹਾਂ ਮਾਮਲਿਆਂ ਬਾਰੇ ਸਾਲ 2000 ਤੋਂ ਪਹਿਲਾਂ ਦੇ ਚਰਚ ਦੇ ਵਤੀਰੇ ਦੀ ਵੀ ਆਲੋਚਨਾ ਕੀਤੀ।

# ਮਾਂ ਤੇ ਨਿੱਕੇ ਬੱਚਿਆਂ ਲਈ ਐਂਬਰ ਐਲਰਟ ਜਾਰੀ



ਮਾਂਟਰੀਅਲ, 7 ਅਕਤੂਬਰ (ਪੋਸਟ ਬਿਊਰੋ) : ਕਿਊਬਿਕ ਪੁਲਿਸ ਵੱਲੋਂ ਐਂਬਰ ਐਲਰਟ ਜਾਰੀ ਕਰਦਿਆਂ ਹੋਇਆਂ ਡਰਾਈਵਰਾਂ ਨੂੰ ਕਾਲੇ ਰੰਗ ਦੀ 2011 ਮਾਡਲ ਦੀ ਸ਼ੈਵਰਲੇ ਟਰੈਵਰਸ, ਜਿਸ ਦੀ ਲਾਇਸੰਸ ਪਲੇਟ ਈ 35 ਐਸਐਸਡਬਲਿਊ ਹੈ, ਦਾ ਧਿਆਨ ਰੱਖਣ ਲਈ ਆਖਿਆ ਜਾ ਰਿਹਾ ਹੈ। ਪੁਲਿਸ ਅਨੁਸਾਰ ਇਹ ਗੱਡੀ ਈਸਟਰਨ ਟਾਊਨਸ਼ਿੱਪਜ਼ ਵੱਲ ਵੱਧ ਰਹੀ ਹੋ ਸਕਦੀ ਹੈ।

ਦੋ ਬੱਚਿਆਂ, ਤਿੰਨ ਸਾਲਾ ਚੇਜ਼ ਸ਼ੈਂਪਨੀ ਤੇ ਇੱਕ ਸਾਲਾ ਮੇਅਡਨ ਸ਼ੈਂਪਨੀ, ਨੂੰ ਆਖਰੀ ਵਾਰੀ ਸਟਨ ਟਾਊਨ ਵਿੱਚ ਵੇਖਿਆ ਗਿਆ ਤੇ ਫਿਰ ਉਨ੍ਹਾਂ ਦੀ ਮਾਂ ਬੁੱਧਵਾਰ ਨੂੰ ਦੁਪਹਿਰੇ 4:00 ਵਜੇ ਉਨ੍ਹਾਂ ਨੂੰ ਆਪਣੇ ਨਾਲ ਲੈ ਗਈ। ਇਹ ਜਾਣਕਾਰੀ ਪੁਲਿਸ ਦੀ ਤਰਜ਼ਮਾਨ ਵੱਲੋਂ ਦਿੱਤੀ ਗਈ। ਮਾਂ ਦਾ ਨਾਂ ਮੈਰੀਸ ਡੈਸਮਾਰਾਇਸ ਦੱਸਿਆ ਜਾਂਦਾ ਹੈ ਤੇ ਉਸ ਦੀ ਉਮਰ 33 ਸਾਲ ਹੈ।

ਪੁਲਿਸ ਨੇ ਆਖਿਆ ਕਿ ਇਹ ਐਲਰਟ ਹਾਲ ਦੀ ਘੜੀ ਸਿਰਫ ਕਿਊਬਿਕ ਲਈ ਹੀ ਹੈ। ਅਜੇ ਤੱਕ ਇਹ ਵੀ ਨਹੀਂ ਪਤਾ ਲੱਗ ਸਕਿਆ ਹੈ ਕਿ ਉਹ ਪ੍ਰੋਵਿੰਸ਼ੀਅਲ ਸਰਹੱਦ ਪਾਰ ਕਰ ਗਈ ਹੈ ਜਾਂ ਨਹੀਂ। ਪੁਲਿਸ ਵੱਲੋਂ ਇਹ ਆਖਿਆ ਜਾ ਰਿਹਾ ਹੈ ਕਿ ਜੇ ਕੋਈ ਇਸ ਗੱਡੀ ਨੂੰ ਰਸਤੇ ਵਿੱਚ ਜਾਂ ਕਿਤੇ ਵੀ ਵੇਖਦਾ ਹੈ ਜਾਂ ਬੱਚਿਆਂ ਤੇ ਡੈਸਮਾਇਰਸ ਕਿਸੇ ਨੂੰ ਨਜ਼ਰ ਆਉਂਦੇ ਹਨ ਤਾਂ ਫਰਨ 911 ਉੱਤੇ ਕਾਲ ਕਰੋ।

# ਫਸੇ ਟਰੱਕ ਨੂੰ ਕਢਵਾਉਣ ਦੀ ਕੋਸ਼ਿਸ਼ ਕਰਦਾ ਵਿਅਕਤੀ ਹੋਇਆ ਜ਼ਖ਼ਮੀ



ਓਨਟਾਰੀਓ, 7 ਅਕਤੂਬਰ, (ਪੋਸਟ ਬਿਊਰੋ) : ਹਾਈਵੇਅ 401 ਉੱਤੇ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ। ਇਹ ਵਿਅਕਤੀ ਇਸ ਏਰੀਆ ਵਿੱਚ ਹਾਦਸੇ ਨੂੰ ਰੋਕਣ ਦੀ ਕੋਸ਼ਿਸ਼ ਕਰ ਰਿਹਾ ਸੀ ਜਦੋਂ ਉਸ ਨਾਲ ਹੀ ਹਾਦਸਾ ਵਾਪਰ ਗਿਆ। ਇਹ ਹਾਦਸਾ ਮੰਗਲਵਾਰ ਰਾਤੀਂ ਰੈਨਫੋਰਥ ਬ੍ਰਿੱਜ ਨੇੜੇ ਪੱਛਮ ਵਾਲੀਆਂ ਲੇਨਜ਼ ਉੱਤੇ 1:00 ਵਜੇ ਵਾਪਰਿਆ। ਇਸ ਵਿਅਕਤੀ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਪ੍ਰੋਵਿੰਸ਼ੀਅਲ ਪੁਲਿਸ ਨੇ ਦੱਸਿਆ ਕਿ ਹਾਈਵੇਅ 427 ਉੱਤੇ 401 ਵਾਲੀਆਂ ਲੇਨਜ਼ ਉੱਤੇ ਇੱਕ ਟਰੈਕਟਰ ਟਰੇਲਰ ਫਸ ਗਿਆ ਤੇ ਉਸ ਨੂੰ ਕਢਵਾਉਣ ਵਿੱਚ ਮਦਦ ਲਈ ਇੱਕ ਗੱਡੀ ਵਿੱਚ ਸਵਾਰ ਤਿੰਨ ਵਿਅਕਤੀ ਰੁਕੇ।

ਫਿਰ ਇੱਕ ਐਸਯੂਵੀ ਟਰੱਕ ਵਿੱਚ ਆ ਟਕਰਾਈ। ਪ੍ਰਾਪਤ ਜਾਣਕਾਰੀ ਅਨੁਸਾਰ ਇੰਜ ਲੱਗ ਰਿਹਾ ਸੀ ਕਿ ਮਦਦ ਕਰ ਰਹੇ ਲੋਕਾਂ ਵਿੱਚੋਂ ਹੀ ਇੱਕ ਨੂੰ ਟਰੱਕ ਨੇ ਟੱਕਰ ਮਾਰ ਦਿੱਤੀ।

# ਛੁਰੇਬਾਜ਼ੀ ਵਿੱਚ ਇੱਕ ਜ਼ਖ਼ਮੀ




ਟੋਰਾਂਟੋ, 7 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਦਾ ਕਹਿਣਾ ਹੈ ਕਿ ਪੱਛਮੀ ਟੋਰਾਂਟੋ ਇਲਾਕੇ ਵਿੱਚ ਛੁਰੇਬਾਜ਼ੀ ਦੀ ਘਟਨਾ ਕਰਕੇ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।

ਪੁਲਿਸ ਨੇ ਆਖਿਆ ਕਿ ਉਹ ਸੋਮਵਾਰ ਨੂੰ ਰਾਤੀਂ 8:25 ਉੱਤੇ ਡੰਡਸ ਸਟਰੀਟ ਵੈਸਟ ਤੇ ਬੈਕਨਸਫੀਲਡ ਐਵਨਿਊ ਇਲਾਕੇ ਵਿੱਚ ਛੁਰੇਬਾਜ਼ੀ ਦੀਆਂ ਖਬਰਾਂ ਮਿਲਣ ਤੋਂ ਬਾਅਦ ਪਹੁੰਚੇ। ਜਦੋਂ ਪੁਲਿਸ ਅਧਿਕਾਰੀ ਘਟਨਾ ਵਾਲੀ ਥਾਂ ਉੱਤੇ ਪਹੁੰਚੇ ਤਾਂ ਉਨਾਂ ਨੂੰ ਇੱਕ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲਿਆ, ਉਸ ਦੀ ਪਿੱਠ ਵਿੱਚ ਛੁਰਾ ਵੱਜਿਆ ਹੋਇਆ ਸੀ।

ਪੈਰਾਮੈਡਿਕਸ ਵੱਲੋਂ ਉਸ ਨੂੰ ਹਸਪਤਾਲ ਲਿਜਾਇਆ ਗਿਆ। ਉਸ ਦੀ ਸਿਹਤ ਸਬੰਧੀ ਹੋਰ ਜਾਣਕਾਰੀ ਹਾਸਲ ਨਹੀਂ ਹੋਈ ਹੈ। ਪੁਲਿਸ ਨੇ ਦੱਸਿਆ ਕਿ ਇਸ ਮਾਮਲੇ ਦੇ ਸਬੰਧ ਵਿੱਚ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਇਸ ਸਬੰਧ ਵਿੱਚ ਜਾਣਕਾਰੀ ਰੱਖਣ ਵਾਲੇ ਨੂੰ ਸਿੱਧੇ ਤੌਰ ਉੱਤੇ ਪੁਲਿਸ ਨਾਲ ਸੰਪਰਕ ਕਰਨ ਲਈ ਆਖਿਆ ਗਿਆ ਹੈ।

# ਫੋਰਡ 'ਤੇ ਦੋਹਰੇ ਮਾਪਦੰਡ ਅਪਣਾਏ ਜਾਣ ਦਾ ਵਿਰੋਧੀ ਪਾਰਟੀਆਂ ਵੱਲੋਂ ਲਾਇਆ ਗਿਆ ਦੋਸ਼



ਓਨਟਾਰੀਓ, 7 ਅਕਤੂਬਰ (ਪੋਸਟ ਬਿਊਰੋ) : ਆਪਣੇ ਵੈਕਸੀਨੇਸ਼ਨ ਸਟੇਟਸ ਬਾਰੇ ਗੁੰਮਰਾਹ ਕਰਨ ਦੇ ਬਾਵਜੂਦ ਦਰਹਾਮ ਤੋਂ ਐਮਪੀਪੀ ਲਿੰਡਸੇ ਪਾਰਕ ਨੂੰ ਕਾਕਸ ਵਿੱਚ ਬਣਾਈ ਰੱਖਣ ਲਈ ਵਿਰੋਧੀ ਪਾਰਟੀਆਂ ਵੱਲੋਂ ਪ੍ਰੀਮੀਅਰ ਡੱਗ ਫਰਡ ਉਤੇ ਦੋਹਰੇ ਮਾਪਦੰਡ ਅਪਣਾਏ ਜਾਣ ਦਾ ਦੋਸ਼ ਲਾਇਆ ਜਾ ਰਿਹਾ ਹੈ।

ਸੋਮਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਰਕਾਰ ਦੀ ਹਾਊਸ ਲੀਡਰ ਪਾਲ ਕਲੈਂਡਰਾ ਨੇ ਆਖਿਆ ਕਿ ਸਾਨੂੰ ਇਹੋ ਲੱਗ ਰਿਹਾ ਸੀ ਕਿ ਲਿੰਡਸੇ ਪਾਰਕ ਵੈਕਸੀਨੇਸ਼ਨ ਕਰਵਾ ਚੁੱਕੀ ਹੈ। ਪਰ ਉਨ੍ਹਾਂ ਆਖਿਆ ਕਿ ਐਮਪੀ ਨੇ ਉਨ੍ਹਾਂ ਨੂੰ ਜਾਂ ਹਾਊਸ ਲੀਡਰਸ਼ਿਪ ਵਿੱਚ ਕਿਸੇ ਨੂੰ ਜਾਣੂ ਕਰਵਾਏ ਤੋਂ ਬਗੈਰ ਮੈਡੀਕਲ ਛੋਟ ਹਾਸਲ ਕਰ ਲਈ। ਹਾਲਾਂਕਿ ਉਨ੍ਹਾਂ ਨੂੰ ਮੈਡੀਕਲ ਛੋਟ ਹਾਸਲ ਕਰਨ ਦਾ ਪੂਰਾ ਹੱਕ ਹੈ ਤੇ ਅਸੀਂ ਇਸ ਦਾ ਸਮਰਥਨ ਕਰਦੇ ਹਾਂ ਪਰ ਇਸ ਫੈਸਲੇ ਨੂੰ ਸਾਡੇ ਤੱਕ ਸਹੀ ਢੰਗ ਨਾਲ ਪਹੁੰਚਾਇਆ ਨਹੀਂ ਗਿਆ, ਜਿਸ ਦੇ ਨਤੀਜੇ ਵਜੋਂ ਪਾਰਲੀਆਮੈਂਟਰੀ ਅਸਿਸਟੈਂਟ ਵਜੋਂ ਉਹ ਆਪਣਾ ਸਥਾਨ ਗੁਆ ਬੈਠੀ।

ਇਹ ਵੇਖਣ ਵਿੱਚ ਆਇਆ ਹੈ ਕਿ ਸਰਕਾਰ ਵੱਲੋਂ ਇਸ ਮਾਮਲੇ ਨੂੰ ਵੱਖਰੇ ਢੰਗ ਨਾਲ ਹੈਂਡਲ ਕੀਤਾ ਗਿਆ ਹੈ ਜਦਕਿ ਸਾਬਕਾ ਟੋਰੀ ਐਮਪੀਪੀ ਰਿੱਕ ਨਿਕੋਲਸ ਦੇ ਮਾਮਲੇ ਨਾਲ ਵੱਖਰੇ ਢੰਗ ਨਾਲ ਸਿੱਝਿਆ ਗਿਆ ਸੀ। ਉਨ੍ਹਾਂ ਨੂੰ ਵੈਕਸੀਨੇਸ਼ਨ ਨਾ ਕਰਵਾਉਣ ਲਈ ਪਿਛਲੇ ਮਹੀਨੇ ਪੀਸੀ ਕਾਕਸ ਤੋਂ ਬਾਹਰ ਕਰ ਦਿੱਤਾ ਗਿਆ ਸੀ। ਐਨਡੀਪੀ ਆਗੂ ਐਂਡਰੀਆ ਹੌਰਵਥ ਨੇ ਆਖਿਆ ਕਿ ਪਾਰਕ ਤੇ ਨਿਕੋਲਸ ਲਈ ਦੋਹਰੇ ਮਾਪਦੰਡ ਕਿਉਂ ਅਪਣਾਏ ਗਏ ਇਸ ਸਬੰਧ ਵਿੱਚ ਉਨ੍ਹਾਂ ਨੂੰ ਕਹਾਣੀ ਸਮਝ ਨਹੀਂ ਆ ਰਹੀ। ਉਨ੍ਹਾਂ ਆਖਿਆ ਕਿ ਸ਼ਾਇਦ ਕਾਕਸ ਵਿੱਚ ਰਹਿਣ ਦੇ ਕੇ ਫੋਰਡ ਪਾਰਕ ਦੀ ਹਿਫਾਜ਼ਤ ਕਰਨੀ ਚਾਹੁੰਦੇ ਹਨ।

ਲਿਬਰਲ ਆਗੂ ਸਟੀਵਨ ਡੈਲ ਡੂਕਾ ਨੇ ਆਖਿਆ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਇਸ ਨਾਲ ਪ੍ਰੋਵਿੰਸ ਦੇ ਲੋਕਾਂ ਨੂੰ ਬੜਾ ਖਤਰਨਾਕ ਸੁਨੇਹਾ ਮਿਲਦਾ ਹੈ ਕਿ ਅਸੀਂ ਵੈਕਸੀਨਜ਼ ਨਾਲ ਕੀ ਕਰ ਰਹੇ ਹਾਂ। ਸੋਮਵਾਰ ਨੂੰ ਸਰਕਾਰ ਨੇ ਐਲਾਨ ਕੀਤਾ ਕਿ ਮੰਗਲਵਾਰ ਨੂੰ ਉਹ ਨਿਕੋਲਸ ਨੂੰ ਡਿਪਟੀ ਸਪੀਕਰ ਵਜੋਂ ਹਟਾਉਣ ਤੇ ਉਨ੍ਹਾਂ ਦੀ ਥਾਂ ਪੀਸੀ ਐਮਪੀਪੀ ਬਿੱਲ ਵਾਕਰ ਨੂੰ ਡਿਪਟੀ ਸਪੀਕਰ ਬਣਾਉਣ ਲਈ ਵਿਧਾਨਸਭਾ ਵਿੱਚ ਇੱਕ ਮਤਾ ਪੇਸ਼ ਕਰੇਗੀ।

# ਫੋਰਡ ਦੇ ਭਾਸ਼ਣ ਵਿੱਚ ਨਾ ਤਾਂ ਸਿੱਖਿਆ ਤੇ ਨਾ ਹੀ ਚਾਈਲਡ ਕੇਅਰ ਬਾਰੇ ਇੱਕ ਵੀ ਲਫਜ਼ ਸੁਣਨ ਨੂੰ ਮਿਲਿਆ : ਆਲੋਚਕ

ਟੋਰਾਂਟੋ, 7 ਅਕਤੂਬਰ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਦੇ ਰਾਜਭਾਸ਼ਣ ਨੂੰ ਲੈਫਟੀਨੈਂਟ ਗਵਰਨਰ ਐਲਿਜ਼ਾਬੈੱਥ ਡਾਊਡਜ਼ਵੈੱਲ ਵੱਲੋਂ ਪੇਸ਼ ਕੀਤਾ ਗਿਆ। ਇਹ ਭਾਸ਼ਣ ਬਹੁਤਾ ਕਰਕੇ ਕੋਵਿਡ-19 ਮਹਾਂਮਾਰੀ ਤੋਂ ਹੋਣ ਵਾਲੀ ਰਿਕਵਰੀ ਉੱਤੇ ਕੇਂਦਰਿਤ ਸੀ। ਆਲੋਚਕਾਂ ਨੇ ਆਖਿਆ ਕਿ ਇਸ ਭਾਸ਼ਣ ਵਿੱਚ ਐਜੂਕੇਸ਼ਨ ਤੇ ਚਾਈਲਡ ਕੇਅਰ ਨੂੰ ਬਿਲਕੁਲ ਅੱਖੋਂ ਪਰੋਖੇ ਕੀਤਾ ਗਿਆ। ਓਨਟਾਰੀਓ ਦੇ ਲਿਬਰਲ ਆਗੂ ਸਟੀਵਨ ਡੈਲ ਡੂਕਾ ਨੇ ਸੋਮਵਾਰ ਨੂੰ ਹੀ ਜਾਰੀ ਕੀਤੀ ਗਈ ਇੱਕ ਨਿਊਜ਼ ਰਲੀਜ਼ ਵਿੱਚ ਆਖਿਆ ਕਿ ਇਸ ਭਾਸ਼ਣ ਵਿੱਚ ਇੱਕ ਵਾਰੀ ਵੀ ਸਿੱਖਿਆ ਲਫਜ਼ ਦੀ ਵਰਤੋਂ ਨਹੀਂ ਕੀਤੀ ਗਈ। ਇਸ ਦੇ ਨਾਲ ਹੀ ਚਾਈਲਡ ਕੇਅਰ ਨੂੰ ਦਿਨ ਦੇ 10 ਡਾਲਰ ਤੱਕ ਲਿਆਉਣ ਦਾ ਤਹੱਈਆ ਵੀ ਫੋਰਡ ਸਰਕਾਰ ਨੇ ਉੱਕਾ ਹੀ ਵਿਸਾਰ ਦਿੱਤਾ। ਮਾਪੇ, ਖਾਸਤੌਰ ਉੱਤੇ ਕੰਮਕਾਜੀ ਮਾਂਵਾਂ ਨੂੰ ਇਸ ਵਾਅਦੇ ਤੋਂ ਕਾਫੀ ਉਮੀਦਾਂ ਸਨ। ਇੱਥੇ ਦੱਸਣਾ ਬਣਦਾ ਹੈ ਕਿ ਫੈਡਰਲ ਸਰਕਾਰ ਨੇ ਅਗਲੇ ਪੰਜ ਸਾਲਾਂ ਵਿੱਚ ਚਾਈਲਡ ਕੇਅਰ ਕੀਮਤਾਂ ਨੂੰ ਔਸਤਨ 10 ਡਾਲਰ ਰੋਜ਼ਾਨਾਂ ਉੱਤੇ ਲਿਆਉਣ ਲਈ 30 ਬਿਲੀਅਨ ਡਾਲਰ ਖਰਚਣ ਦਾ ਵਾਅਦਾ ਕੀਤਾ ਹੈ ਪਰ ਫੋਰਡ ਸਰਕਾਰ ਨੇ ਅਜੇ ਤੱਕ ਇਸ ਡੀਲ ਉੱਤੇ ਸਾਈਨ ਨਹੀਂ ਕੀਤੇ।

ਓਨਟਾਰੀਓ ਦੇ ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਆਖਿਆ ਕਿ ਉਹ ਅਫੋਰਡੇਬਲ ਚਾਈਲਡ ਕੇਅਰ ਡੀਲ ਲਈ ਤਿਆਰ ਹਨ ਪਰ ਸ਼ਰਤ ਇਹ ਹੈ ਕਿ ਉਹ ਡੀਲ ਪ੍ਰੋਵਿੰਸ ਦੇ ਵਿਲੱਖਣ ਹਾਲਾਤ ਦੇ ਅਨੁਸਾਰ ਹੋਵੇ। ਪ੍ਰੋਵਿੰਸ ਦੀ ਗ੍ਰੀਨ ਪਾਰਟੀ ਨੇ ਵੀ ਸਿੱਖਿਆ ਸਬੰਧੀ ਕੋਈ ਵਾਅਦਾ ਕੀਤੇ ਜਾਣ ਉੱਤੇ ਆਸ ਲਾਈ ਹੋਈ ਸੀ ਪਰ ਉਨ੍ਹਾਂ ਨੂੰ ਵੀ ਇਸ ਬਾਬਤ ਕੁੱਝ ਸੁਣਨ ਨੂੰ ਨਹੀਂ ਮਿਲਿਆ।



# ਲੀਕ ਹੋਏ ਦਸਤਾਵੇਜ਼ਾਂ ਨਾਲ ਖੁੱਲ੍ਹਿਆ ਵਿੱਤੀ ਸੀਕ੍ਰੇਟਸ ਦਾ ਪੰਡੋਰਾ ਬਾਕਸ

ਓਟਵਾ, 7 ਅਕਤੂਬਰ (ਪੋਸਟ ਬਿਊਰੋ) : ਦੁਨੀਆਂ ਦੇ ਸੈਂਕੜੇ ਆਗੂ, ਤਾਕਤਵਰ ਸਿਆਸਤਦਾਨ, ਅਰਬਪਤੀ, ਸੈਲੇਬ੍ਰਿਟੀਜ਼, ਧਾਰਮਿਕ ਆਗੂ ਤੇ ਡਰੱਗ ਡੀਲਰਜ਼ ਆਪਣੇ ਪੈਸੇ ਨੂੰ ਪਿਛਲੀ ਚੌਥਾਈ ਸਦੀ ਤੋਂ ਹਵੇਲੀਆਂ, ਬੀਚ ਉੱਤੇ ਸਥਿਤ ਆਪਣੀ ਪ੍ਰਾਪਰਟੀ, ਯਾਟਸ ਤੇ ਹੋਰਨਾਂ ਥਾਂਵਾਂ ਦੇ ਰੂਪ ਵਿੱਚ ਲੁਕੋ ਰਹੇ ਹਨ। ਇਸ ਦਾ ਖੁਲਾਸਾ ਦੁਨੀਆ ਭਰ ਵਿੱਚ ਸਥਿਤ 14 ਫਰਮਾਂ ਤੋਂ ਹਾਸਲ ਹੋਈਆਂ ਲੱਗਭਗ 12 ਮਿਲੀਅਨ ਫਾਈਲਾਂ ਦੇ ਮੁਲਾਂਕਣ ਤੋਂ ਹੋਇਆ ਹੈ।

ਬੀਤੇ ਦਿਨੀਂ ਇਹ ਰਿਪੋਰਟ ਐਤਵਾਰ ਨੂੰ ਇੰਟਰਨੈਸ਼ਨਲ ਕੰਸੋਰਟੀਅਮ ਆਫ ਇਨਵੈਸਟੀਗੇਟਿਵ ਜਰਨਲਿਸਟਸ ਵੱਲੋਂ ਜਾਰੀ ਕੀਤੀ ਗਈ। ਇਸ ਵਿੱਚ 117 ਦੇਸ਼ਾਂ ਦੇ 150 ਮੀਡੀਆ ਆਊਟਲੈੱਟਸ ਦੇ 600 ਪੱਤਰਕਾਰ ਸ਼ਾਮਲ ਹਨ। ਇਨ੍ਹਾਂ ਫਾਈਲਜ਼ ਨੂੰ ਪੰਡੋਰਾ ਪੇਪਰਜ਼ ਦਾ ਨਾਂ ਦਿੱਤਾ ਗਿਆ ਹੈ। ਇਨ੍ਹਾਂ ਦਸਤਾਵੇਜ਼ਾਂ ਤੋਂ ਸਾਹਮਣੇ ਆਇਆ ਹੈ ਕਿ ਕਿਸ ਤਰ੍ਹਾਂ ਅਮੀਰ ਤੇ ਭ੍ਰਿਸ਼ਟ ਲੋਕ ਆਪਣੇ ਪੈਸੇ ਨੂੰ ਲੁਕਾਉਣ ਲਈ ਸਮੁੰਦਰੋਂ ਪਾਰ ਸਥਿਤ ਆਪਣੇ ਖਾਤਿਆਂ ਦੀ ਵਰਤੋਂ ਕਰਦੇ ਸਨ। ਇਨ੍ਹਾਂ ਗੁਪਤ ਖਾਤਿਆਂ ਦੇ ਮਾਲਕਾਂ ਵਜੋਂ ਜਿਨ੍ਹਾਂ ਮੌਜੂਦਾ ਤੇ ਸਾਬਕਾ 330 ਸਿਆਸਤਦਾਨਾਂ ਦੀ ਪਛਾਣ ਹੋਈ ਹੈ ਉਨ੍ਹਾਂ ਵਿੱਚੋਂ ਕੁੱਝ ਦੇ ਨਾਂ ਇਸ ਪ੍ਰਕਾਰ ਹਨ : ਜੌਰਡਨ ਦੇ ਕਿੰਗ ਅਬਦੁੱਲਾ (ਦੋਇਮ), ਯੂ ਕੇ ਦੇ ਸਾਬਕਾ ਪ੍ਰਧਾਨ ਮੰਤਰੀ ਟੋਨੀ ਬਲੇਅਰ, ਚੈੱਕ ਰਿਪਬਲਿਕ ਦੇ ਪ੍ਰਧਾਨ ਮੰਤਰੀ ਆਂਦਰੇ ਬਾਬਿਸ, ਕੀਨੀਆ ਦੇ ਰਾਸ਼ਟਰਪਤੀ ਉਹੂਰੂ ਕੇਨਯਾਟਾ, ਇਕੁਆਡੋਰ ਦੇ ਰਾਸ਼ਟਰਪਤੀ ਗੁਇਲਰਮੋਲਾਸੋ, ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਸਹਾਇਕ ਤੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਸਹਾਇਕ।

ਇਸ ਰਿਪੋਰਟ ਵਿੱਚ ਤੁਰਕੀ ਦੇ ਕੰਸਟ੍ਰਕਸ਼ਨ ਮਾਹਿਰ ਅਰਮਾਨ ਲਿਸਾਕ ਤੇ ਸਾਫਟਵੇਅਰ ਨਿਰਮਾਤਾ ਰੇਅਨੌਲਡਜ਼ ਐਂਡ ਰੇਅਨੌਲਡਜ਼ ਦੇ ਸਾਬਕਾ ਸੀਈਓ ਰੌਬਰਟ ਟੀ ਬ੍ਰੌਕਮੈਨ ਵੀ ਸ਼ਾਮਲ ਹਨ।

ਇਨ੍ਹਾਂ ਖਾਤਿਆਂ ਵਿੱਚੋਂ ਬਹੁਤੇ ਟੈਕਸ ਚੋਰੀ ਕਰਨ ਤੇ ਹੋਰਨਾਂ ਕਾਰਨਾਂ ਕਰਕੇ ਆਪਣੇ ਸਰਮਾਏ ਨੂੰ ਲੁਕਾਉਣ ਲਈ ਖੁਲ੍ਹਵਾਏ ਗਏ ਸਨ। ਯੂਰਪੀਅਨ ਪਾਰਲੀਆਮੈਂਟ ਵਿੱਚ ਗ੍ਰੀਨ ਪਾਰਟੀ ਦੇ ਨੀਤੀਘਾੜੇ ਸਵੈਨ ਗੀਗੋਲਡ ਨੇ ਆਖਿਆ ਕਿ ਇਹ ਨਵਾਂ ਡਾਟਾ ਜਿਹੜਾ ਲੀਕ ਹੋਇਆ ਹੈ ਇਹ ਸਭਨਾਂ ਦੀਆਂ ਅੱਖਾਂ ਖੋਲ੍ਹਣ ਲਈ ਕਾਫੀ ਹੈ। ਸਾਨੂੰ ਇਸ ਸਬੰਧੀ ਸਖ਼ਤ ਕਾਰਵਾਈ ਕਰਨ ਦੀ ਲੋੜ ਹੈ। ਇਸ ਤਰ੍ਹਾਂ ਟੈਕਸ ਚੋਰੀ ਰੋਕਣ ਲਈ ਵੀ ਸਖ਼ਤ ਕਦਮ ਉਠਾਏ ਜਾਣ ਦੀ ਲੋੜ ਹੈ।ਬ੍ਰਿਟਿਸ਼ ਚੈਰੀਟੀਜ਼ ਦੇ ਸੰਘ ਆਕਸਫੈਮ ਇੰਟਰਨੈਸ਼ਨਲ ਨੇ ਇਨ੍ਹਾਂ ਪੰਡੋਰਾ ਪੇਪਰਜ਼ ਨੂੰ ਲਾਲਚ ਦੀ ਮਿਸਾਲ ਦੱਸਦਿਆਂ ਆਖਿਆ ਕਿ ਅਜਿਹਾ ਕਰਕੇ ਹੀ ਦੇਸ਼ਾਂ ਨੂੰ ਟੈਕਸਾਂ ਤੋਂ ਹੋਣ ਵਾਲੀ ਆਮਦਨ ਤੋਂ ਵਾਂਝਾ ਕੀਤਾ ਜਾਂਦਾ ਹੈ ਨਹੀਂ ਤਾਂ ਇਸ ਪੈਸੇ ਨਾਲ ਕਈ ਵਧੀਆ ਪ੍ਰੋਗਰਾਮ ਤੇ ਪ੍ਰੋਜੈਕਟ ਚਲਾਏ ਜਾ ਸਕਦੇ ਹਨ। ਇਹ ਪੰਡੋਰਾ ਪੇਪਰਜ਼ ਵੀ 2016 ਵਿੱਚ ਜਾਰੀ ਕੀਤੇ ਗਏ ਪਨਾਮਾ ਪੇਪਰਜ਼ ਦਾ ਹੀ ਦੂਜਾ ਰੂਪ ਹਨ। ਇਨ੍ਹਾਂ ਨੂੰ ਉਸੇ ਜਰਨਲਿਸਟਿਕ ਗਰੁੱਪ ਵੱਲੋਂ ਤਿਆਰ ਕੀਤਾ ਗਿਆ ਹੈ। ਇਨ੍ਹਾਂ ਵਿੱਚ 1970ਵਿਆਂ ਦੇ ਡਾਟਾ ਦੇ ਨਾਲ ਨਾਲ ਵਧੇਰੇ ਡਾਟਾ 1996 ਤੋਂ 2020 ਤੱਕ ਦਾ ਹੈ।

ਜੌਰਡਨ ਦੇ ਕਿੰਗ ਅਬਦੁੱਲਾ ਦੀ ਸਰਕਾਰ ਉੱਤੇ ਇਸ ਸਾਲ ਘਪਲੇ ਵਿੱਚ ਸ਼ਾਮਲ ਹੋਣ ਦਾ ਦੋਸ਼ ਉਸ ਦੇ ਹੀ ਸੌਤੇਲੇ ਭਰਾ, ਸਾਬਕਾ ਕ੍ਰਾਊਨ ਪਿੰਸ ਹਮਜ਼ਾ, ਵੱਲੋਂ ਲਾਇਆ ਗਿਆ। ਹਮਜ਼ਾ ਨੇ ਸਰਕਾਰ ਨੂੰ ਭ੍ਰਿਸ਼ਟਾਚਾਰੀ ਦੱਸਿਆ। ਪਰ ਇਸ ਦੇ ਉਲਟ ਖੁਦ ਨੂੰ ਬੇਕਸੂਰ ਦੱਸਦਿਆਂ ਕਿੰਗ ਨੇ ਆਪਣੇ ਸੌਤੇਲੇ ਭਰਾ ਨੂੰ ਨਜ਼ਰਬੰਦ ਕਰਵਾ ਦਿੱਤਾ ਤੇ ਦੋ ਸਾਬਕਾ ਸਹਾਇਕਾਂ ਖਿਲਾਫ ਕਾਨੂੰਨੀ ਕਾਰਵਾਈ ਸ਼ੁਰੂ ਕਰਵਾ ਦਿੱਤੀ। ਅਬਦੁੱਲਾ ਦੇ ਯੂਕੇ ਅਟਾਰਨੀਜ਼ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਦੇਸ਼ ਦੇ ਕਾਨੂੰਨ ਮੁਤਾਬਕ ਉਨ੍ਹਾਂ ਨੂੰ ਟੈਕਸ ਅਦਾ ਕਰਨ ਦੀ ਲੋੜ ਨਹੀਂ ਹੈ ਤੇ ਕਿੰਗ ਨੇ ਜਨਤਕ ਫੰਡਾਂ ਦੀ ਕੋਈ ਦੁਰਵਰਤੋਂ ਨਹੀਂ ਕੀਤੀ ਹੈ। ਇਹ ਵੀ ਆਖਿਆ ਗਿਆ ਕਿ ਸਕਿਊਰਿਟੀ ਤੇ ਪ੍ਰਾਈਵੇਸੀ ਕਾਰਨਾਂ ਕਰਕੇ ਹੀ ਕਿੰਗ ਨੂੰ ਵਿਦੇਸ਼ਾਂ ਵਿੱਚ ਕੰਪਨੀਆਂ ਕਾਇਮ ਕਰਨੀਆਂ ਪਈਆਂ।


Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation (with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca



ਲੇਡੀ ਵਰਕਰ ਦੀ ਲੋੜ

Best Western Hotel (Centennial & Eglinton) ਵਿਚ ਕਲੀਨਿੰਗ ਦਾ ਕੰਮ ਕਰਨ ਲਈ ਲੇਡੀ ਵਰਕਰ ਦੀ ਜ਼ਰੂਰਤ ਹੈ। ਡਿਊਟੀ ਦਾ ਸਮਾਂ 9-5:30 ਹੋਵੇਗਾ।

ਹੈਂਡੀਮੈਨ ਦੀ ਲੋੜ

ਪਲੰਬਿੰਗ, ਇਲੈਕਟ੍ਰੀਸ਼ੀਅਨ ਅਤੇ ਕੰਸਟ੍ਰਕਸ਼ਨ ਦਾ ਥੋੜਾ ਬਹੁਤ ਤਜਰਬਾ ਰੱਖਣ ਵਾਲੇ ਹੈਂਡੀਮੈਨ ਦੀ ਲੋੜ ਹੈ। ਤਨਖਾਹ ਹੋਵੇਗੀ $20-22/ਹਰ ਦਿੱਤੀ ਜਾਵੇਗੀ।

ਸੰਪਰਕ: 416-816-1695

ਕਾਲ ਕਰਨ ਦਾ ਸਮਾਂ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ



Visions of Punjab



Natasha Mahal
Co-Host

VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Iqbal Mahal
Producer & Host

Serving the South Asian Community Since 1976



jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department

# ਹਸਪਤਾਲਾਂ ਤੇ ਸਕੂਲਾਂ ਦੇ ਬਾਹਰ ਸੇਫਟੀ ਜ਼ੋਨਜ਼ ਬਣਾਉਣ ਲਈ ਐਨਡੀਪੀ ਤੇ ਲਿਬਰਲ ਬਿੱਲ ਪੇਸ਼ ਕਰਨ ਦੀ ਤਿਆਰੀ ਵਿਚ

ਓਨਟਾਰੀਓ, 7 ਅਕਤੂਬਰ (ਪੋਸਟ ਬਿਊਰੋ) : ਹੈਲਥ ਕੇਅਰ ਵਰਰਕਜ਼ ਦੀ ਸੁਰੱਖਿਆ ਲਈ ਹਸਪਤਾਲਾਂ ਤੇ ਸਕੂਲਾਂ ਦੇ ਬਾਹਰ ਸੇਫਟੀ ਜ਼ੋਨਜ਼ ਬਣਾਉਣ ਵਾਸਤੇ ਬਿੱਲ ਲਿਆਉਣ ਦੀ ਓਨਟਾਰੀਓ ਦੀ ਐਨਡੀਪੀ ਤੇ ਲਿਬਰਲਾਂ ਵੱਲੋਂ ਤਿਆਰੀ ਕੀਤੀ ਜਾ ਰਹੀ ਹੈ।

ਐਨਡੀਪੀ ਆਗੂ ਐਂਡਰੀਆ ਹੌਰਵਥ ਨੇ ਆਖਿਆ ਕਿ ਲੋਕਾਂ ਦੀਆਂ ਜ਼ਿੰਦਗੀਆਂ ਬਚਾਉਣ ਲਈ ਕੰਮ ਉੱਤੇ ਜਾਂਦੇ ਸਮੇਂ ਹੈਲਥ ਕੇਅਰ ਵਰਕਰਜ਼ ਨੂੰ ਨਫਰਤ ਦਾ ਸ਼ਿਕਾਰ ਹੋਣ ਦਾ ਡਰ ਨਹੀਂ ਹੋਣਾ ਚਾਹੀਦਾ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਲਿਬਰਲ ਵੀ ਉਨ੍ਹਾਂ ਦੇ ਇਸ ਆਈਡੀਆ ਨਾਲ ਸਹਿਮਤ ਹਨ ਤੇ ਉਹ ਵੀ ਅਜਿਹਾ ਬਿੱਲ ਲਿਆਉਣ ਦੇ ਹੱਕ ਵਿੱਚ ਹਨ।



ਸਾਲੀਸਿਟਰ ਜਨਰਲ ਸਿਲਵੀਆ ਜੋਨਜ਼ ਨੇ ਆਖਿਆ ਕਿ ਓਨਟਾਰੀਓ ਵਿੱਚ ਵੈਕਸੀਨੇਸ਼ਨ ਦੇ ਖਿਲਾਫ ਸੀਮਤ ਮੁਜ਼ਾਹਰੇ ਹੀ ਵੇਖਣ ਨੂੰ ਮਿਲੇ ਹਨ ਤੇ ਵਰਕਰਜ਼ ਨੂੰ ਹਸਪਤਾਲਾਂ ਤੇ ਸਕੂਲਾਂ ਵਿੱਚ ਦਾਖਲ ਹੋਣ ਤੋਂ ਰੋਕਣ ਦੀਆਂ ਕੋਸ਼ਿਸ਼ਾਂ ਵੀ ਨਹੀਂ ਹੋਈਆਂ। ਉਨ੍ਹਾਂ ਆਖਿਆ ਕਿ ਪੇਸ਼ ਕੀਤੇ ਜਾਣ ਵਾਲੇ ਬਿੱਲਜ਼ ਨੂੰ ਵੇਖਣ ਤੋਂ ਬਾਅਦ ਹੀ ਉਹ ਕੁੱਝ ਆਖ ਸਕਦੇ ਹਨ। ਪਰ ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਆਖਿਆ ਕਿ ਕਿਸੇ ਨੂੰ ਧਮਕਾਉਣਾ ਪਹਿਲਾਂ ਹੀ ਮੁਜਰਮਾਨਾਂ ਜੁਰਮ ਹੈ।

ਇਸ ਦੌਰਾਨ ਲਿਬਰਲ ਆਗੂ ਸਟੀਵਨ ਡੈਲ ਡੂਕਾ ਨੇ ਆਖਿਆ ਕਿ ਭਾਵੇਂ ਸਰਕਾਰ ਇਹ ਆਖ ਰਹੀ ਹੈ ਕਿ ਉਹ ਸੇਫਟੀ ਜ਼ੋਨ ਕਾਇਮ ਕਰਨ ਦੇ ਹੱਕ ਵਿੱਚ ਨਹੀਂ ਹੈ, ਇਸ ਦੇ ਬਾਵਜੂਦ ਪ੍ਰੀਮੀਅਰ ਡੱਗ ਫਰਡ ਉੱਤੇ ਇਸ ਲਈ ਦਬਾਅ ਪਾਇਆ ਜਾਣਾਂ ਜ਼ਰੂਰੀ ਹੈ ਕਿਉਂਕਿ ਮਹਾਂਮਾਰੀ ਦੌਰਾਨ ਉਨ੍ਹਾਂ ਵੱਲੋਂ ਪੇਸ਼ ਕੀਤੇ ਕਈ ਸੁਝਾਅ ਉਹ ਪਲਟਾ ਚੁੱਕੇ ਹਨ।


## ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ

ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ। ਸੰਪਰਕ: ਅਜੈਬ ਸਹੋਤਾ

4165618882, 4164544587


# 5 ਤੋਂ 11 ਸਾਲ ਦੇ ਬੱਚਿਆਂ ਦੇ ਕੋਵਿਡ-19 ਟੀਕਾਕਰਣ ਦੀ ਫਾਈਜ਼ਰ ਨੇ ਮੰਗੀ ਇਜਾਜ਼ਤ


ਵਾਸ਼ਿੰਗਟਨ, 7 ਅਕਤੂਬਰ (ਪੋਸਟ ਬਿਊਰੋ) : ਵੀਰਵਾਰ ਨੂੰ ਫਾਈਜ਼ਰ ਨੇ ਅਮਰੀਕੀ ਸਰਕਾਰ ਨੂੰ ਆਪਣੀ ਕੋਵਿਡ-19 ਵੈਕਸੀਨ 5 ਤੋਂ 11 ਸਾਲ ਦੇ ਬੱਚਿਆਂ ਨੂੰ ਲਗਾਉਣ ਦੀ ਇਜਾਜ਼ਤ ਦੇਣ ਦੀ ਮੰਗ ਕੀਤੀ ਹੈ। ਜੇ ਰੈਗੂਲੇਟਰਜ਼ ਸਹਿਮਤ ਹੁੰਦੇ ਹਨ ਤਾਂ ਇਹ ਸ਼ੌਟਸ ਕੁੱਝ ਹਫਤਿਆਂ ਵਿੱਚ ਹੀ ਸ਼ੁਰੂ ਹੋ ਜਾਣਗੇ।



ਬਹੁਤ ਸਾਰੇ ਮਾਪੇ ਤੇ ਪੈਡੀਟ੍ਰੀਸ਼ੀਅਨ ਲੰਮੇਂ ਸਮੇਂ ਤੋਂ ਇਹ ਰੌਲਾ ਪਾ ਰਹੇ ਹਨ ਕਿ 12 ਸਾਲ ਤੋਂ ਨਿੱਕੀ ਉਮਰ ਦੇ ਬੱਚਿਆਂ ਦੀ ਹਿਫਾਜ਼ਤ ਲਈ ਵੀ ਕੁੱਝ ਕੀਤਾ ਜਾਵੇ। ਇਸ ਸਮੇਂ ਫਾਈਜ਼ਰ ਤੇ ਉਸ ਦੀ ਜਰਮਨ ਪਾਰਟ-ਨਰ ਬਾਇਓਐਨਟੈਕ ਵੱਲੋਂ 12 ਸਾਲ ਤੱਕ ਦੇ ਬੱਚਿਆਂ ਨੂੰ ਫਾਈਜ਼ਰ ਵੈਕਸੀਨ ਲਾਈ ਜਾ ਰਹੀ ਹੈ। ਨਾ ਸਿਰਫ ਨਿੱਕੇ ਬੱਚੇ ਕਈ ਵਾਰੀ ਬਹੁਤ ਬਿਮਾਰ ਪੈ ਜਾਂਦੇ ਹਨ ਸਗੋਂ ਅਜੇ ਵੀ ਜਦੋਂ ਕਰੋਨ-ਾਵਾਇਰਸ ਦਾ ਡਰ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਇਆ ਅਜਿਹੇ ਵਿੱਚ ਬੱਚਿਆਂ ਨੂੰ ਸਕੂਲਾਂ ਵਿੱਚ ਰੱਖਣਾ ਵੀ ਬਹੁਤ ਮੁਸ਼ਕਲ ਲੱਗਦਾ ਹੈ। ਫਾਈਜ਼ਰ ਨੇ ਐਲਾਨ ਕੀਤਾ ਹੈ ਕਿ ਉਸ ਨੇ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਕੋਲ ਇਸ ਸਬੰਧੀ ਅਰਜ਼ੀ ਰਸਮੀ ਤੌਰ ਉੱਤੇ ਭੇਜ ਦਿੱਤੀ ਹੈ।

# ਬੀਸੀ ਵਿੱਚ ਹੈਲੀਕਾਪਟਰ ਹਾਦਸਾਗ੍ਰਸਤ

ਵੈਨਕੂਵਰ, 7 ਅਕਤੂਬਰ (ਪੋਸਟ ਬਿਊਰੋ) : ਬੀਤੇ ਦਿਨੀਂ ਬੀਸੀ ਦੇ ਸਨਸ਼ਾਈਨ ਕੋਸਟ ਉੱਤੇ ਪਾਵੇਲ ਰਿਵਰ ਟਾਊਨ ਦੇ ਪੂਰਬ ਵਿੱਚ ਇੱਕ ਹੈਲੀਕਾਪਟਰ ਹਾਦਸਾਗ੍ਰਸਤ ਹੋ ਗਿਆ। ਮੌਕੇ ਉੱਤੇ ਕਈ ਰੈਸਕਿਊ ਏਜੰਸੀਆਂ ਪਹੁੰਚੀਆਂ। ਆਰਸੀਐਮਪੀ ਨੇ ਦੱਸਿਆ ਕਿ ਹੈਲੀਕਾਪਟਰ ਨੂੰ ਇਹ ਹਾਦਸਾ ਕਿੱਲਮ ਬੇਅ ਵਿੱਚ ਐਗਮੰਟ ਦੇ ਉੱਤਰ ਵੱਲ ਪੇਸ਼ ਆਇਆ। ਹਾਦਸੇ ਵਾਲੀ ਥਾਂ ਦੇ ਆਲੇ ਦੁਆਲੇ ਜਹਾਜ਼ ਦਾ ਮਲਬਾ ਫੈਲਿਆ ਹੋਇਆ ਸੀ। ਇੱਕ ਬਿਆਨ ਜਾਰੀ ਕਰਕੇ ਕੈਨੇਡੀਅਨ ਆਰਮਡ ਫਰਸਿਜ਼ ਨੇ ਆਖਿਆ ਕਿ ਜੁਆਇੰਟ ਰੈਸਕਿਊ ਐਂਡ ਕੋਆਰਡੀਨੇਸ਼ਨ ਸੈਂਟਰ ਨੇ ਇਸ ਇਲਾਕੇ ਵਿੱਚ ਰੈਸਕਿਊ ਹੈਲੀਕਾਪਟਰ ਭੇਜਿਆ ਹੈ। ਆਰਸੀਐਮਪੀ ਦਾ ਵੈਸਟ ਕੋਸਟ ਮਰੀਨ ਸੈਕਸ਼ਨ ਤੇ ਕੋਸਟ ਗਾਰਡ ਵੀ ਘਟਨਾ ਵਾਲੀ ਥਾਂ ਉੱਤੇ ਪਹੁੰਚ ਰਹੇ ਹਨ।




## ਮਹਿਲਾ ਵਰਕਰ ਦੀ ਲੋੜ

ਬੱਚੇ ਦੀ ਦੇਖਭਾਲ ਅਤੇ ਘਰ ਦੇ ਹਰ ਕੰਮ ਲਈ ਤਜਰਬੇਕਾਰ ਮਹਿਲਾ ਕਰਮਚਾਰੀ ਦੀ ਲੋੜ ਹੈ। ਵਿਦਿਆਰਥੀ ਇਸ ਨੌਕਰੀ ਲਈ ਅਰਜ਼ੀ ਨਾ ਦੇਣ। ਵਧੇਰੇ ਜਾਣਕਾਰੀ ਲਈ ਪ੍ਰਵੀਨ ਨਾਲ ਸੰਪਰਕ ਕਰੋ: **647-281-4454**

ਕੈਨੇਡੀਅਨ ਪੰਜਾਬੀ ਪੋਸਟ | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202








## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

Seeking a suitable match for their son, never married, 45 years, 6" tall, Fair, Ramdasia Gursikh, Amritdhari, Canadian citizen. Father class 1 retired officer and well settled family. Serious queries please respond on email sukhi_cancer@yahoo.com or Call 416-721-5191 (contact after 5 pm)

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜ਼ਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educat-ed.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com








## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)






A/Z CITY DRIVER WANTED
INNOVATION Transportation
∘A/Z City Drivers Needed
∘Good Pay and good Mileage
∘Day, Afternoon & Weekend Shifts
∘Weekly Pay
$22 /Hour
∘7 Days Work ∘All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton










# ਵਰਿਸ਼ਠ ਯੋਧਾ ਸਮਾਗਮ ਦਾ ਕੀਤਾ ਗਿਆ ਆਯੋਜਨ















ਟੋਰਾਂਟੋ, 5 ਅਕਤੂਬਰ (ਪੋਸਟ ਬਿਊਰੋ) : ਭਾਰਤੀ ਜਲ ਸੈਨਾ, ਥਲ ਸੈਨਾ ਤੇ ਏਅਰ ਫੋਰਸ ਦੇ ਸੀਨੀਅਰ ਮੈਂਬਰਾਂ ਦਾ ਸਨਮਾਨ ਕਰਨ ਲਈ ਕਾਊਂਸਲੇਟ ਜਨਰਲ ਆਫ ਇੰਡੀਆ ਵੱਲੋਂ ਵਰਿਸ਼ਠ ਯੋਧਾ ਸਮਾਗਮ ਦਾ ਆਯੋਜਨ ਕੀਤਾ ਗਿਆ।

ਇਸ ਸਮਾਗਮ ਨੂੰ ਭਾਰਤ ਦੀ ਆਜ਼ਾਦੀ ਦੇ 75 ਸਾਲ ਪੂਰੇ ਹੋਣ ਮੌਕੇ "ਆਜ਼ਾਦੀ ਕਾ ਅੰਮ੍ਰਿਤ ਮਹੋਤਸਵ" ਦੇ ਨਾਂ ਹੇਠ ਆਯੋਜਿਤ ਕੀਤਾ ਗਿਆ। ਬੀਤੇ ਦਿਨੀਂ ਇਹ ਸਮਾਗਮ ਟੋਰਾਂਟੋ ਇੰਟਰਨੈਸ਼ਨਲ ਏਅਰਪੋਰਟ, ਟੋਰਾਂਟੋ ਦੇ ਹੋਟਲ ਹਾਲੀਡੇਅ ਇਨ ਵਿੱਚ ਕਰਵਾਇਆ ਗਿਆ। ਇਸ ਦੌਰਾਨ ਦੇਸ਼ ਲਈ ਅਨਮੁੱਲਾ ਯੋਗਦਾਨ ਪਾਉਣ ਵਾਲੇ 87 ਸੀਨੀਅਰ ਸੈਨਿਕਾਂ, ਜਿਨ੍ਹਾਂ ਦੀ ਉਮਰ 75 ਸਾਲ ਤੇ ਇਸ ਤੋਂ ਉੱਪਰ ਸੀ, ਨੂੰ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਵੱਲੋਂ ਭੇਜੇ ਗਏ ਲਿਖਤੀ ਸੁਨੇਹੇ ਨੂੰ ਕਾਊਂਸਲ ਜਨਰਲ ਅਪੂਰਵ ਸ਼੍ਰੀਵਾਸਤਵ ਵੱਲੋਂ ਪੜ੍ਹ ਕੇ ਸੁਣਾਇਆ ਗਿਆ। ਕੈਨੇਡਾ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਅਜੇ ਬਿਸਾਰੀਆ ਤੇ ਵਾਸ਼ਿੰਗਟਨ ਵਿੱਚ ਅਮਰੀਕਾ ਤੇ ਕੈਨੇਡਾ ਲਈ ਭਾਰਤ ਦੇ ਡਿਫੈਂਸ ਅਟੈਸ਼ੇ ਬ੍ਰਿਗੇਡੀਅਰ ਅਨੂਪ ਸਿੰਘਲ ਨੇ ਵੀ ਉਚੇਚੇ ਤੌਰ ਉੱਤੇ ਇਸ ਮੌਕੇ ਹਾਜ਼ਰੀ ਲਵਾਈ।

ਇਸ ਦੌਰਾਨ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ ਜਿਸ ਵਿੱਚ ਸੈਨਿਕਾਂ ਨੇ ਵੀ ਵੱਧ ਚੜ੍ਹ ਕੇ ਹਿੱਸਾ ਲਿਆ। ਮਹਾਂਮਾਰੀ ਕਾਰਨ ਵੱਡੇ ਇੱਕਠਾਂ ਉੱਤੇ ਲੱਗੀ ਰੋਕ ਕਾਰਨ ਸਿਰਫ ਸੈਨਿਕ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਹੀ ਇਸ ਸਮਾਗਮ ਵਿੱਚ ਸੱਦਿਆ ਗਿਆ ਸੀ। ਇਸ ਸਮਾਗਮ ਦਾ ਸਿੱਧਾ ਪ੍ਰਸਾਰਣ ਸੀਜੀਆਈ ਟੋਰਾਂਟੋ ਦੇ ਫੇਸਬੁੱਕ ਪੇਜ ਤੇ ਯੂਟਿਊਬ ਉੱਤੇ ਵੀ ਕੀਤਾ ਗਿਆ। ਇਸ ਮੌਕੇ ਸਾਬਕਾ ਫੌਜੀਆਂ ਵਿਚ ਭਾਰੀ ਉਤਸ਼ਾਹ ਦੇਖਿਆ ਗਿਆ। ਇਸ ਸਮਾਗਮ ਵਿਚ ਸਿਪਾਹੀਆਂ ਤੋਂ ਲੈ ਕੇ ਮੇਜਰ ਜਨਰਲ ਤੱਕ ਦੇ ਰੈਂਕ ਦੇ ਫੌਜੀ ਮੌਜੂਦ ਸਨ। ਫੌਜੀਆਂ ਵੱਲੋਂ ਬੜੇ ਮਾਣ ਨਾਲ ਆਪਣੀ ਛਾਤੀ 'ਤੇ ਤਮਗੇ ਲਗਾਏ ਹੋਏ ਸਨ ਅਤੇ ਆਪਣੀ ਆਪਣੀ ਬੈਟਾਲੀਅਨ ਦੇ ਮੈਂਬਰਾਂ ਨੂੰ ਬੜੇ ਪਿਆਰ ਨਾਲ ਮਿਲ ਰਹੇ ਸਨ।

ਕਈ ਸਾਬਕਾ ਫੌਜੀਆਂ ਵਲੋਂ ਆਪਣੀ ਸਰਵਿਸ ਦੌਰਾਨ ਲਏ ਜੰਗ ਵਿਚ ਹਿੱਸੇ ਦੀਆਂ ਕਹਾਣੀਆਂ ਅਤੇ ਆਪਣੇ ਫੌਜੀ ਜੀਵਨ ਦੀਆਂ ਰੌਚਕ ਗੱਲਾਂ ਵੀ ਸਾਝੀਆਂ ਕੀਤੀਆਂ ਗਈਆਂ। ਇਸ ਮੌਕੇ ਜਿੱਥੇ ਮਨੋਰੰਜਨ ਦਾ ਪ੍ਰਬੰਧ ਸੀ ਉਥੇ ਸਾਬਕਾ ਫੌਜੀਆਂ ਨੇ ਵੀ ਕੁਝ ਕਵਿਤਾਵਾਂ ਅਤੇ ਗੀਤ ਸੁਣਾਕੇ ਕੇ ਆਏ ਮਹਿਮਾਨਾਂ ਦਾ ਭਰਪੂਰ ਮਨੋਰੰਜਨ ਕੀਤਾ। ਹਾਈ ਕਮਿਸ਼ਨਰ ਸ੍ਰੀ ਅਜੈ ਵਿਸਾਰੀਆ, ਕੌਂਸਲਰ ਜਨਰਲ ਅਪੂਰਵਾ ਸ੍ਰੀਵਾਸਤਵਾ, ਭਾਰਤ ਤੋਂ ਨੌਰਥ ਅਮਰੀਕਾ ਵਿਚ ਡਿਫੈਸ ਅਟੈਚੀ ਬ੍ਰਿਗੇਡੀਅਰ ਸ੍ਰੀ ਅਨੂਪ ਸਿੰਗਲਾ ਵਲੋਂ ਇਨ੍ਹਾਂ ਸਾਬਕਾ ਫੌਜੀਆਂ ਨੂੰ ਇਕ ਸ਼ਾਲ ਅਤੇ ਇਕ ਸਨਮਾਨ ਚਿੰਨ੍ਹ ਦੇ ਕੇ ਨਿਵਾਜਿਆ ਗਿਆ। ਬ੍ਰਿਗੇਡੀਅਰ ਨਵਾਬਹੀਰ ਅਤੇ ਕੈਪਟਨ ਰਣਜੀਤ ਧਾਲੀਵਾਲ ਵੱਲੋਂ ਅਤੇ ਹੋਰ ਸਾਬਕਾ ਫੌਜੀਆਂ ਵਲੋਂ ਇਸ ਸਮਾਗਮ ਨੂੰ ਸਿਰੇ ਚੜ੍ਹਾਉਣ ਲਈ ਅਹਿਮ ਯੋਗਦਾਨ ਪਾਇਆ ਗਿਆ।

# ਕੈਨੇਡਾ ਦੇ ਮੂਲ-ਵਾਸੀ ਬੱਚਿਆਂ ਨੂੰ ਸਮਰਪਿਤ ਐੱਨਲਾਈਟ ਕਿੱਡਜ਼ ਦੀ ਚੌਥੀ ਸਲਾਨਾ ਰੱਨ ਫ਼ਾਰ ਐਜੂਕੇਸ਼ਨ ਬੇਹੱਦ ਸਫ਼ਲ ਰਹੀ

## ਈਵੈਂਟ ਵਿਚ 100 ਦੇ ਕਰੀਬ ਦੌੜਾਕਾਂ ਤੇ ਵੱਾਕਰਾਂ ਨੇ ਲਿਆ ਹਿੱਸਾ












ਬਰੈਂਪਟਨ, (ਡਾ. ਝੰਡ) - 'ਐੱਨਲਾਈਟ ਕਿੱਡਜ਼' ਵੱਲੋਂ ਲੰਘੇ ਐਤਵਾਰ 3 ਅਕਤੂਬਰ ਨੂੰ ਸਥਾਨਿਕ ਚਿੰਗੂਆਕੂਜੀ ਪਾਰਕ ਵਿਚ ਕਰਵਾਈ ਗਈ ਚੌਥੀ ਰੱਨ ਫ਼ਾਰ ਐਜੂਕੇਸ਼ਨ ਵਿਚ 100 ਤੋਂ ਵਧੀਕ ਦੌੜਾਕਾਂ ਤੇ ਵੱਾਕਰਾਂ ਨੇ 5 ਅਤੇ 10 ਕਿਲੋਮੀਟਰ ਰੱਨ-ਕਮ-ਵਾਕ ਵਿਚ ਹਿੱਸਾ ਲਿਆ। ਇਸ ਵਿਚ ਇਕੱਤਰ ਹੋਈ ਰਕਮ ਅਤੇ ਦਾਨੀ ਸੱਜਣਾਂ ਤੇ ਸੰਸਥਾਵਾਂ ਵੱਲੋਂ ਆਈ ਡੋਨੇਸ਼ਨ ਨਾਲ ਲੋੜਵੰਦ ਵਿਦਿਆਰਥੀਆਂ ਦੀ ਪੜ੍ਹਾਈ ਜਾਰੀ ਰੱਖਣ ਵਿਚ ਸਹਾਇਤਾ ਕੀਤੀ ਜਾਂਦੀ ਹੈ। ਇਸ ਸਾਲ ਪ੍ਰਬੰਧਕਾਂ ਵੱਲੋਂ ਇਸ ਰਕਮ ਨਾਲ ਕੈਨੇਡਾ ਦੇ ਮੂਲ-ਵਾਸੀਆਂ ਦੇ ਬੱਚਿਆਂ ਦੇ ਲਈ ਸਕਾਲਰਸ਼ਿਪ ਆਰੰਭ ਕਰਨ ਦੀ ਯੋਜਨਾ ਉਲੀਕੀ ਗਈ ਹੈ।

ਇਸ ਈਵੈਂਟ ਨੂੰ ਇੰਡੀਜੀਨੀਅਸ ਐਜੂਕੇਸ਼ਨ ਨੂੰ ਸਮੱਰਪਿਤ ਚੈਰਿਟੀ ਆਰਗੇਨਾਈਜ਼ੇਸ਼ਨ 'ਇੰਡਸਪਾਇਰ', ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਅਤੇ ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ (ਟੀਪੀਏਆਰ ਕਲੱਬ) ਦੇ ਮੈਂਬਰਾਂ ਸਹਿਯੋਗ ਨਾਲ ਸਫ਼ਤਾ ਪੂਰਵਕ ਕਰਵਾਇਆ ਗਿਆ। ਪੰਜ ਤੇ ਦਸ ਲਿਕੋਮੀਟਰ ਦੌੜ ਅਤੇ ਵੱਾਕ ਦਾ ਇਹ ਈਵੈਂਟ 'ਹਾਈਬਰਿੱਡ' ਕਿਸਮ ਦਾ ਸੀ ਜਿਸ ਵਿਚ ਦੌੜਾਕਾਂ ਵੱਲੋਂ ਨਿੱਜੀ ਅਤੇ ਵਰਚੂਅਲ ਦੋਹਾਂ ਰੂਪਾਂ ਵਿਚ ਸ਼ਮੂਲੀਅਤ ਕੀਤੀ ਗਈ। ਈਵੈਂਟ ਵਿਚ ਨਿੱਜੀ ਤੌਰ 'ਤੇ ਸ਼ਿਰਕਤ ਕਰਨ ਵਾਲੇ ਮੈਂਬਰ ਪੌਣੇ ਨੌਂ ਵਜੇ ਚਿੰਗੂਆਕੂਜ਼ੀ ਪਾਰਕ ਦੇ ਸਿੰਥੈਟਿਕ ਐਸਟ੍ਰੋਟਰਫ਼ ਸਟੇਡੀਅਮਵਿਚ ਇਕੱਤਰ ਹੋਣੇ ਸ਼ੁਰੂ ਹੋ ਗਏ ਜਿੱਥੇ ਪ੍ਰਬੰਧਕਾਂ ਵੱਲੋਂ ਚਾਹ-ਪਾਣੀ ਅਤੇ ਗਰਮ-ਗਰਮ ਪਕੌੜਿਆਂ ਦਾ ਵਧੀਆ ਪ੍ਰਬੰਧ ਕੀਤਾ ਗਿਆ ਸੀ।

ਸਵਾ ਕੁ ਨੌਂ ਵਜੇ ਇਕ ਬੈਂਚ ਦੀ ਸਹਾਇਤਾ ਨਾਲ ਬਣਾਈ ਗਈ ਕੰਚਲਾਊ ਸਟੇਜ ਤੋਂ ਐੱਨਲਾਈਟ ਕਿੱਡਜ਼ ਦੇ ਮੁੱਖ-ਆਯੋਜਿਕ ਨਰਿੰਦਰਪਾਲ ਬੈਂਸ ਨੇ ਨਵਦੀਪ ਛੱਤਵਾਲ ਦੀ ਲਿਖੀ ਹੋਈ ਉਤਸ਼ਾਹ ਵਧਾਊ ਤੇ ਪ੍ਰੇਰਨਾ ਨਾਲ ਭਰਪੂਰ ਸਪੀਚ ਸਾਂਝੀ ਕੀਤੀ ਅਤੇ ਉਨ੍ਹਾਂ ਦੇ ਸਹਿਯੋਗੀ ਪਰਮਜੀਤ ਸਿੰਘ ਢਿੱਲੋਂ ਵੱਲੋਂ ਇਸ ਈਵੈਂਟ ਦੀ ਅਹਿਮੀਅਤ ਅਤੇ ਇਸ ਦੀ ਰੂਪ-ਰੇਖਾਂ ਬਾਰੇ ਸੰਖੇਪ ਗੱਲ ਕਰਦਿਆਂ ਦੱਸਿਆ ਗਿਆ ਕਿ ਇੰਡੀਜੀਨੀਅਸ ਬੱਚਿਆਂ ਨੂੰ ਸਮੱਰਪਿਤ ਇਸ ਦੌੜ ਲਈ 5 ਕਿਲੋਮੀਟਰ ਦੌੜਨ ਵਾਲੇ ਜਾਂ ਪੈਦਲ ਚੱਲਣ ਵਾਲੇ ਸਿਨਥੈਟਿਕ ਟਰੈਕ ਦਾ ਇਕ ਚੱਕਰ ਲਗਾ ਕੇ ਪੂਰੇ ਪਾਰਕ ਦ ਦੋ ਵੱਡੇ ਚੱਕਰ ਲਗਾਉਣ ਤੋਂ ਬਾਅਦ ਫਿਰ ਇਕ ਚੱਕਰ ਇਸ ਟਰੈਕ ਦਾ ਲਾਉਣਗੇ, ਜਦਕਿ 10 ਕਿਲੋਮੀਟਰ ਦੌੜਨ ਜਾਂ ਪੈਦਲ ਚੱਲਣ ਵਾਲੇ ਪਾਰਕ ਦੇ ਚਾਰ ਚੱਕਰ ਅਤੇ ਟਰੈਕ ਦੇ ਦੋ ਚੱਕਰ ਲਗਾਉਣਗੇ। ਇਸ ਮੌਕੇ ਡਰੱਗ ਅਵੇਅਰਨੈੱਸ ਸੋਸਾਇਟੀ ਦੇ ਆਗੂ ਸੰਦੀਪ ਸੰਘਾ ਅਤੇ ਪੱਤਰਕਾਰ ਡਾ. ਸੁਖਦੇਵ ਸਿੰਘ ਝੰਡ ਵੱਲੋਂ ਨਸ਼ਿਆਂ ਤੋਂ ਦੂਰ ਰਹਿਣ, ਸਰੀਰਕ ਤੰਦਰੁਸਤੀ ਅਤੇ ਇਸ ਈਵੈਂਟ ਦੀ ਅਹਿਮੀਅਤ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਗਏ।

ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਦੇ ਮੁੱਖ-ਪ੍ਰਬੰਧਕ ਪਰਮਜੀਤ ਸਿੰਘ ਢਿੱਲੋਂ ਵੱਲੋ 10 ਵਜੇ ਸਾਰਿਆਂ ਨੂੰ ਟਰੈਕ ਦੀ ਸਟਾਰਟਿੰਗ-ਲਾਈਨ ਉੱਪਰ ਖੜੇ ਕਰਨ ਤੋਂ ਬਾਅਦ ਵਿਸਲ ਵਜਾ ਕੇ ਇਹ ਦੌੜ-ਕਮ ਵੱਾਕ ਆਰੰਭ ਕਰਨ ਦਾ ਇਸ਼ਾਰਾ ਦਿੱਤਾ ਗਿਆ। ਸਾਰੇ ਦੌੜਾਕਾਂ ਤੇ ਪੈਦਲ ਚੱਲਣ ਵਾਲਿਆਂ ਨੇ ਨਿਰਧਾਰਿਤ ਹਦਾਇਤਾਂ ਦੀ ਪੂਰਨ ਪਾਲਣਾ ਕਰਦੇ ਹੋਏ ਲੋੜੀਂਦੇ ਚੱਕਰ ਲਗਾ ਕੇ ਇਸ ਈਵੈਂਤ ਦੀ ਸਫ਼ਲਤਾ ਵਿਚ ਆਪਣਾ ਯੋਗਦਾਨ ਪਾਇਆ। ਦੌੜਨ ਵਾਲਿਆਂ ਵਿਚ ਮੈਰਾਥਨ ਦੌੜਾਕ ਧਿਆਨ ਸਿੰਘ, ਟੀਪੀਏਆਰ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ, ਪ੍ਰਧਾਨ ਹਰਭਜਨ ਸਿੰਘ ਗਿੱਲ, ਸਕੱਤਰ ਡਾ. ਜੈਪਾਲ ਸਿੰਘ ਸਿੱਧੂ, ਸਮਾਜ-ਸੇਵੀ ਭਜਨ ਸਿੰਘ ਖਿੰਦ, ਉੱਘੇ ਮੈਰਾਥਨ ਦੌੜਾਕ ਕਰਮਜੀਤ ਸਿੰਘ, ਰਾਸ਼ੀ ਪੰਧੇਰ, ਲੱਖਾ ਸਿੰਘ, ਹਰਦੇਵ ਸਮਰਾ, ਮਨਜੀਤ ਸਿੰਘ, ਜਗਤਾਰ ਸਿੰਘ ਗਰੇਵਾਲ, ਕੁਲਦੀਪ ਸਿੰਘ ਗਰੇਵਾਲ, ਜੀਤ ਲੋਟੇ, ਮਹਿੰਦਰ ਘੁੰਮਣ, ਰਵੀ ਧਾਲੀਵਾਲ, ਹਰਮਿੰਦਰ ਅੜੈਚ, ਕੇਸਰ ਸਿੰਘ ਬੜੈਚ, ਯੋਗੀ ਗੁਲਿਆਨੀ, ਬਲਕਾਰ ਸਿੰਘ ਖਾਲਸਾ, ਨਰਿੰਦਰ ਕੌਰ ਖਾਲਸਾ, ਪਰਦੀਪ ਬਾਸੀ, ਜਸਵਿੰਦਰ ਸਿੰਘ ਅਤੇ ਸੁਖਦੇਵ ਸਿੰਘ ਝੰਡ ਸਮੇਤ ਬਹੁਤ ਸਾਰੇ ਸ਼ਾਮਲ ਸਨ।

ਈਵੈਂਟ ਦੀ ਸਮਾਪਤੀ 'ਤੇ ਸਾਰਿਆਂ ਨੂੰ ਸ਼ਾਨਦਾਰ ਰਿਫ਼ਰੈੱਸ਼ਮੈਂਟ ਦਿੱਤੀ ਗਈ ਅਤੇ ਨਰਿੰਦਰਪਾਲ ਬੈਂਸ, ਸੰਧੂਰਾ ਸਿੰਘ ਬਰਾੜ ਅਤੇ ਪਰਮਜੀਤ ਸਿੰਘ ਢਿੱਲੋਂ ਵੱਲੋਂ ਉਨ੍ਹਾਂ ਦਾ ਅਤੇ ਮੀਡੀਆ-ਕਰਮੀਆਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਇਸ ਮੌਕੇ ਐੱਨਲਾਈਟ ਕਿੱਡਜ਼ ਸੰਸਥਾ ਵੱਲੋਂ 10,000 ਡਾਲਰ ਦਾ ਚੈੱਕ ਇੰਡੀਜੀਨੀਅਸ ਬੱਚਿਆਂ ਦੀ ਭਲਾਈ ਬਣੀ ਸੰਸਥਾ 'ਇੰਡਸਪਾਇਰ' ਨੂੰ ਭੇਟ ਕੀਤਾ ਗਿਆ। ਇਸ ਈਵੈਂਟ ਨੂੰ ਜੀਟੀਏ ਨਿਊਜ਼ ਮੀਡੀਆ ਦੇ ਸੰਚਾਲਕ ਚਮਕੌਰ ਸਿੰਘ ਮਾਛੀਕੇ ਅਤੇ ਜ਼ੀ.ਟੀ.ਵੀ। ਦੇ ਦਪਿੰਦਰ ਸਿੰਘ ਵੱਲੋਂ ਭਰਪੂਰ ਕੱਵਰੇਜ ਦਿੱਤੀ ਗਈ।

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ


- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777
416.802.5866



31 Melanie Dr. Unit #4 Brampton, ON L6T 5H8




CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




8337 ਗਲਫ ਲਾਈਨ

401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866





26 Yellow RomeRd

ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜ਼ਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿੱਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



# Dr. Randhawa Dentistry



*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044






# Great Invetsment Opportunity

## In The Region of Timminis,ON


**8 ACRE OF lAND CAN BE SEVERD IN TWO LOTS OF 4 ACRE**

## Apartment Building For Sale:

| 4 units 3 bedroom | 2 units 1 bedroom | 1 unit bachelor |
|---|---|---|








**For More Details Call: 416-970-5005/647-242-8667**





Jas Toor
Sales Repersentative

Sutton Group-Realty Experts
Brokerage*

Jagdish Grewal
Sales Repersentative

Century 21
President Realty Inc.
Brokerage*



